@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 8 May 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 8 ਮਈ 2025, 25 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 177, qpatrika@gmail.com ਫੋਨ : 9971359517 www.qaumipatrika.org

## ‘ਆਪ੍ਰੇਸ਼ਨ ਸਿੰਦੂਰ’: ’ਅਸੀਂ ਉਨ੍ਹਾਂ ਨੂੰ ਮਾਰਿਆ, ਜਿਨ੍ਹਾਂ ਨੇ ਸਾਡੇ ਬੇਕਸੂਰ ਲੋਕਾਂ ਨੂੰ ਮਾਰਿਆ’: ਰਾਜਨਾਥ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 7 ਮਈ। 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ’ਚ ਹੋਏ ਅੱਤਵਾਦੀ ਹਮਲੇ ਦਾ ਭਾਰਤ ਨੇ ਬਦਲਾ ਲੈ ਲਿਆ ਹੈ। ਭਾਰਤੀ ਫ਼ੌਜ ਨੇ ਮੰਗਲਵਾਰ ਦੇਰ ਰਾਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿਚ ਮੌਜੂਦ 9 ਤੋਂ ਜ਼ਿਆਦਾ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ। ਇਨ੍ਹਾਂ ਵਿਚ ਬਹਾਵਲਪੁਰ ’ਚ ਜੈਸ਼-ਏ-ਮੁਹੰਮਦ ਦਾ ਗੜ੍ਹ ਅਤੇ ਮੁਰੀਦਕੇ ’ਚ ਲਸ਼ਕਰ-ਏ-ਤੋਇਬਾ ਦਾ ਟਿਕਾਣਾ ਸ਼ਾਮਲ ਹੈ। ਭਾਰਤੀ ਫ਼ੌਜ ਨੇ ਪਾਕਿਸਤਾਨ ਨੂੰ ਕਰਾਰਾ ਜਵਾਬ ਦਿੱਤਾ ਹੈ। ਭਾਰਤ ਵਲੋਂ ਕੀਤੀ ਗਈ ਇਸ ਕਾਰਵਾਈ ਨੂੰ ਵੀ ‘ਆਪ੍ਰੇਸ਼ਨ ਸਿੰਦੂਰ’ ਦਾ ਨਾਂ ਦਿੱਤਾ ਗਿਆ ਹੈ। ਇਸ ਦਰਮਿਆਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਡੀ ਫ਼ੌਜ ਨੇ ਪਾਕਿਸਤਾਨ ਸਪਾਂਸਰ ਅੱਤਵਾਦੀਆਂ ਖਿਲਾਫ਼ ਵੱਡੀ ਕਾਰਵਾਈ ਕੀਤੀ। ਫ਼ੌਜ ਨੇ ਅੱਤਵਾਦੀ ਹਮਲਿਆਂ ਦਾ ਸਟੀਕ ਜਵਾਬ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਰਗਦਰਸ਼ਨ ਵਿਚ ਸਾਰੇ ਭਾਰਤੀਆਂ ਦਾ ਸਿਰ ਮਾਣ ਨਾਲ ਉੱਚਾ ਹੋਇਆ। ਫ਼ੌਜ ਨੇ ਸਾਡਾ ਸਿਰ ਉੱਚਾ ਕੀਤਾ। ਰਾਜਨਾਥ ਨੇ ਇਸ ਦੇ ਨਾਲ ਹੀ ਕਿਹਾ ਕਿ ਅਸੀਂ ਉਨ੍ਹਾਂ ਨੂੰ ਮਾਰਿਆ, ਜਿਨ੍ਹਾਂ ਨੇ ਸਾਡੇ ਬੇਕਸੂਰ ਲੋਕਾਂ ਨੂੰ ਮਾਰਿਆ। ‘ਆਪ੍ਰੇਸ਼ਨ ਸਿੰਦੂਰ’ ਨਾਲ ਸਾਡੀਆਂ ਫੌਜਾਂ ਨੇ ਅੱਤਵਾਦੀ ਸਿਖਲਾਈ ਕੈਂਪਾਂ ਨੂੰ ਤਬਾਹ ਕਰਕੇ ਢੁਕਵਾਂ ਜਵਾਬ ਦਿੱਤਾ ਹੈ। ਰਾਜਨਾਥ ਸਿੰਘ ਨੇ ਅੱਗੇ ਕਿਹਾ ਕਿ ਕੱਲ੍ਹ ਰਾਤ ਭਾਰਤੀ ਫੌਜਾਂ ਨੇ ਆਪਣੀ ਬਹਾਦਰੀ ਅਤੇ ਦਲੇਰੀ ਦਾ ਪ੍ਰਦਰਸ਼ਨ ਕਰਕੇ ਇਕ ਨਵਾਂ ਇਤਿਹਾਸ ਰਚਿਆ ਹੈ। ਭਾਰਤੀ ਫੌਜ ਨੇ ਸਟੀਕਤਾ, ਚੌਕਸੀ ਅਤੇ ਸੰਵੇਦਨਸ਼ੀਲਤਾ ਨਾਲ ਕੰਮ ਕੀਤਾ ਹੈ। ਸਾਡੇ ਵਲੋਂ ਨਿਰਧਾਰਤ ਕੀਤੇ ਗਏ ਨਿਸ਼ਾਨਿਆਂ ਨੂੰ ਸਟੀਕਤਾ ਨਾਲ ਤਬਾਹ ਕਰ ਦਿੱਤਾ ਗਿਆ ਹੈ ਅਤੇ ਸਾਡੀ ਫੌਜ ਨੇ ਕਿਸੇ ਵੀ ਨਾਗਰਿਕ ਸਥਾਨ ਨੂੰ ਪ੍ਰਭਾਵਿਤ ਨਾ ਹੋਣ ਦੇਣ ’ਚ ਸੰਵੇਦਨਸ਼ੀਲਤਾ



ਵੀ ਦਿਖਾਈ ਹੈ। ਮੈਂ ਪੂਰੇ ਦੇਸ਼ ਵੱਲੋਂ ਫੌਜ ਦੇ ਜਵਾਨਾਂ ਅਤੇ ਅਧਿਕਾਰੀਆਂ ਨੂੰ ਵਧਾਈ ਦਿੰਦਾ ਹਾਂ। ਮੈਂ ਪ੍ਰਧਾਨ ਮੰਤਰੀ ਮੋਦੀ ਨੂੰ ਫੌਜ ਨੂੰ ਪੂਰਾ ਸਮਰਥਨ ਦੇਣ ਲਈ ਵੀ ਵਧਾਈ ਦਿੰਦਾ ਹਾਂ। 22 ਅਪ੍ਰੈਲ ਨੂੰ ਪਾਕਿਸਤਾਨੀ ਅੱਤਵਾਦੀਆਂ ਵਲੋਂ ਕਸ਼ਮੀਰ ਦੇ ਪਹਿਲਗਾਮ ਹਮਲੇ ’ਚ 26 ਬੇਕਸੂਰ ਲੋਕਾਂ ਦੇ ਕਤਲ ਨੇ ਪੂਰੇ ਦੇਸ਼ ਨੂੰ ਗੁੱਸੇ ਨਾਲ ਭਰ ਦਿੱਤਾ। ਇਸ ਬੇਰਹਿਮੀ ਅੱਤਵਾਦੀ ਹਮਲੇ ਵਿਚ ਕਈ ਔਰਤਾਂ ਦੇ ਸੁਹਾਗ ਉਜੜ ਗਏ। ਦਿਲ ਦੀ ਝੰਜੋੜ ਦੇਣ ਵਾਲੀ ਇਸ ਘਟਨਾ ਮਗਰੋਂ ਬਿਹਾਰ ਦੇ ਹਾਜੀਪੁਰ ਦੀਆਂ ਔਰਤਾਂ ਨੇ ਇਕ ਦ੍ਰਿੜ ਸੰਕਲਪ ਲਿਆ ਸੀ ਕਿ ਜਦੋਂ ਤੱਕ ਭਾਰਤੀ ਔਰਤਾਂ ਦਾ ਸਿੰਦੂਰ ਖੋਹਣ ਵਾਲੇ ਅੱਤਵਾਦੀ ਨੂੰ ਮੌਤ ਦੀ ਨੀਂਦ ਨਹੀਂ ਸੁਆ ਦਿੱਤਾ ਜਾਂਦਾ, ਉਦੋਂ ਤੱਕ ਉਹ ਖੁਦ ਵੀ ਸਿੰਦੂਰ ਨਹੀਂ ਲਾਉਣਗੀਆਂ। ਭਾਰਤੀ ਫ਼ੌਜ ਨੇ ਜਿਵੇਂ ਹੀ ਮੰਗਲਵਾਰ ਦੇਰ ਰਾਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿਚ ਮੌਜੂਦ 9 ਤੋਂ ਜ਼ਿਆਦਾ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਤਾਂ ਹਾਜੀਪੁਰ ਦੀਆਂ ਔਰਤਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਪਾਕਿਸਤਾਨ ’ਤੇ ਭਾਰਤ ਦੀ ਇਸ ਜਵਾਬੀ ਕਾਰਵਾਈ ਮਗਰੋਂ ਹਾਜੀਪੁਰ ਦੇ ਗਾਂਧੀ ਆਸ਼ਰਮ ਵਿਚ ਔਰਤਾਂ ਨੇ ਪੂਰੇ ਸੱਤ ਸ਼ਿੰਗਾਰ ਕੀਤੇ ਅਤੇ ਇਕ-ਦੂਜੇ ਨੂੰ ਸਿੰਦੂਰ ਲਾਇਆ। ਔਰਤਾਂ ਨੇ ਦੱਸਿਆ ਕਿ ਅੱਜ ਉਨ੍ਹਾਂ ਦਾ ਬਦਲਾ ਪੂਰਾ ਹੋ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਦੇਸ਼ ਦੀ ਫ਼ੌਜ ਨੇ ‘ਆਪ੍ਰੇਸ਼ਨ ਸਿੰਦੂਰ’ ਚਲਾ ਕੇ ਜਿਸ ਤਰ੍ਹਾਂ ਅੱਤਵਾਦੀਆਂ ਦਾ ਸਫਾਇਆ ਕੀਤਾ ਹੈ, ਉਸ ਤੋਂ ਉਨ੍ਹਾਂ ਦੇ ਦਿਲਾਂ ਨੂੰ ਸਕੂਨ ਮਿਲਿਆ ਹੈ। ਔਰਤਾਂ ਨੇ ਇਕ ਸੁਰ ਵਿਚ ਕਿਹਾ ਕਿ ਦੇਸ਼ ਦੀ ਫ਼ੌਜ ਦੇ ਨਾਲ-ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੀ ਧੰਨਵਾਦ ਹੈ। ਇਕ-ਦੂਜੇ ਨੂੰ ਸਿੰਦੂਰ ਲਾਉਂਦੇ ਹੋਏ ਔਰਤਾਂ ਨੇ ਕਿਹਾ ਕਿ ਸਿੰਦੂਰ ਔਰਤਾਂ ਦੇ ਸੁਹਾਗ ਦਾ ਪ੍ਰਤੀਕ ਹੁੰਦਾ ਹੈ। ਜਿਸ ਤਰ੍ਹਾਂ ਅੱਤਵਾਦੀਆਂ ਨੇ ਔਰਤਾਂ ਦੇ ਸਾਹਮਣੇ ਹੀ ਉਨ੍ਹਾਂ ਦੀਆਂ ਪਤਨੀਆਂ ਨੂੰ ਮਾਰਿਆ ਸੀ ਅਤੇ ਚੁਣੌਤੀ ਦਿੱਤੀ ਸੀ ਕਿ ਜਾ ਕੇ ਮੋਦੀ ਜੀ ਨੂੰ ਦੱਸ ਦਿਓ, ਤਾਂ ਮੋਦੀ ਜੀ ਨੇ ‘ਆਪ੍ਰੇਸ਼ਨ ਸਿੰਦੂਰ’ ਤੋਂ ਹੀ ਅੱਤਵਾਦੀਆਂ ਨੂੰ ਮੂੰਹ ਤੋੜ ਜਵਾਬ ਦਿੱਤਾ।

## ‘ਆਪਰੇਸ਼ਨ ਸਿੰਦੂਰ’ ਤੋਂ ਬਾਅਦ ਕਾਂਗਰਸ ਨੇ ਬੁਲਾਈ ਵਰਕਿੰਗ ਕਮੇਟੀ ਦੀ ਐਮਰਜੈਂਸੀ ਬੈਠਕ

ਨਵੀਂ ਦਿੱਲੀ 7 ਮਈ। ਭਾਰਤ ਵੱਲੋਂ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ’ਚ ਅੱਤਵਾਦੀ ਟਿਕਾਣਿਆਂ ’ਤੇ ਮਿਜ਼ਾਈਲ ਹਮਲੇ ਕੀਤੇ ਜਾਣ ਤੋਂ ਬਾਅਦ ਕਾਂਗਰਸ ਨੇ ਬੁੱਧਵਾਰ ਨੂੰ ਆਪਣੀ ਵਰਕਿੰਗ ਕਮੇਟੀ (ਸੀ.ਡਬਲਿਊ.ਸੀ.) ਦੀ ਇਕ ਐਮਰਜੈਂਸੀ ਮੀਟਿੰਗ ਬੁਲਾਈ ਹੈ ਜਿਸ ’ਚ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਪ੍ਰਸ਼ੰਸਾ ਕਰਨ ਵਾਲਾ ਮਤਾ ਪਾਸ ਕੀਤਾ ਜਾਵੇਗਾ। ਪਾਰਟੀ ਸੂਤਰਾਂ ਨੇ ਦੱਸਿਆ ਕਿ ਇਹ ਮੀਟਿੰਗ ਦੁਪਹਿਰ 3 ਵਜੇ ਹੋਵੇਗੀ। ਭਾਰਤੀ ਹਥਿਆਰਬੰਦ ਫ਼ੋਰਸਾਂ ਨੇ ‘ਆਪਰੇਸ਼ਨ ਸਿੰਦੂਰ’ ਦੇ ਤਹਿਤ ਰਾਤ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ’ਚ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤੋਇਬਾ ਅਤੇ ਹਿਜ਼ਬੁਲ ਮੁਜਾਹਿਦੀਨ ਵਰਗੇ ਪਾਬੰਦੀਸ਼ੁਦਾ ਅੱਤਵਾਦੀ ਸਮੂਹਾਂ ਦੇ ਟਿਕਾਣਿਆਂ ਸਮੇਤ 9



ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਨਿਸ਼ਾਨਾ ਬਣਾਏ ਗਏ ਟਿਕਾਣਿਆਂ ’ਚ ਬਹਾਵਲਪੁਰ ਦਾ ਮਰਕਜ਼ ਸੁਭਾਨ ਅੱਲਾਹ, ਤੇਹਰਾ ਕਲਾਂ ਦਾ ਸਰਜਲ, ਕੋਟਲੀ ਦਾ ਮਰਕਜ਼ ਅੱਬਾਸ ਅਤੇ ਮੁਜ਼ੱਫਰਾਬਾਦ ਦਾ ਸੈਯਦਨਾ ਬਿਲਾਲ ਕੈਂਪ ਸ਼ਾਮਲ ਹਨ। ਇਹ ਸਾਰੇ ਟਿਕਾਣੇ ਜੈਸ਼-ਏ-ਮੁਹੰਮਦ ਨਾਲ ਜੁੜੇ ਹਨ। ਇਸ ਮੁਹਿੰਮ ’ਚ ਲਸ਼ਕਰ-ਏ-ਮੁਹੰਮਦ ਦੇ ਜਿਹੜੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ, ਉਨ੍ਹਾਂ ’ਚ ਮੁਰਿਦਕੇ ਦਾ ਮਰਕਜ਼ ਤਾਇਬਾ, ਬਰਨਾਲਾ ਦਾ ਮਰਕਜ਼ ਅਹਲੇ-ਹਦੀਸ ਅਤੇ ਮੁਜ਼ੱਫਰਾਬਾਦ ਦਾ ਸ਼ਵਾਵਾਈ ਨਾਲਾ ਕੈਂਪ ਸ਼ਾਮਲ ਹਨ। ਪਹਿਲਗਾਮ ਅੱਤਵਾਦੀ ਹਮਲੇ ਦੇ 2 ਹਫ਼ਤਿਆਂ ਬਾਅਦ ‘ਆਪਰੇਸ਼ਨ ਸਿੰਦੂਰ’ ਦੇ ਅਧੀਨ ਇਹ ਫ਼ੌਜ ਹਮਲੇ ਕੀਤੇ ਗਏ। ਪਹਿਲਗਾਮ ਹਮਲੇ ’ਚ 26 ਨਾਗਰਿਕ ਮਾਰੇ ਗਏ ਸਨ।

## ਰਾਹੁਲ ਗਾਂਧੀ ਵੱਲੋਂ ਸਿੱਖ ਕੌਮ ਬਾਰੇ ਆਖ਼ੀਆਂ ਗੱਲਾਂ ’ਤੇ ਭੜਕੇ ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ 7 ਮਈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸੀ ਆਗੂ ਰਾਹੁਲ ਗਾਂਧੀ ਵਲੋਂ ਕੀਤੀ ਗਈ ਟਿੱਪਣੀ ਲਈ ਉਨ੍ਹਾਂ ਦੀ ਜ਼ੋਰਦਾਰ ਨਿਖੇਧੀ ਕੀਤੀ। ਉਨ੍ਹਾਂ ਨੇ ਕਾਂਗਰਸ ਵਲੋਂ ਦਲੇਰ, ਬਹਾਦਰ ਤੇ ਦੇਸ਼ ਭਗਤ ਸਿੱਖ ਕੌਮ ਖ਼?ਲਾਫ਼ ਕੀਤੇ ਗੁਨਾਹਾਂ ਬਦਲੇ ‘ਪਖੰਡੀ, ਝੂਠੇ ਤੇ ਆਧਾਰਹੀਣ’ ਸ਼ਬਦਾਂ ਦੀ ਵਰਤੋਂ ਕਰਨ ’ਤੇ ਅਨੇਕਾਂ ਸਵਾਲ ਕੀਤੇ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਨੇ ਜੋ ਸ਼ਬਦਾਵਲੀ ਵਰਤੀ, ਉਹ ਸਿੱਖਾਂ ਦੀਆਂ ਭਾਵਨਾਵਾਂ ਪ੍ਰਤੀ ਉਨ੍ਹਾਂ ਦੇ ਗ਼ੈਰ-ਗੰਭੀਰ ਰਵੱਈਏ ਦਾ ਝਲਕਾਰਾ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੂੰ ਸਿੱਖਾਂ ਵੱਲੋਂ ਹਰ ਰੋਜ਼ ਪੁੱਛੇ ਜਾਂਦੇ ਮੌਲਿਕ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ। ਕਾਂਗਰਸੀ ਆਗੂ ਵਲੋਂ ਅੱਜ ਵੀ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਦੀ ਨਾ ਸਿਰਫ਼ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ, ਸਗੋਂ ਪਾਰਟੀ ’ਚ ਉਨ੍ਹਾਂ ਨੂੰ ਉੱਚੇ ਅਹੁਦੇ ਦਿੱਤੇ ਜਾ ਰਹੇ ਹਨ, ਅਜਿਹਾ ਕਿਉਂ ? ਕੀ ਉਹ ਸੱਚਮੁੱਚ ਨਹੀਂ ਜਾਣਦੇ ਕਿ 1984 ’ਚ ਸਾਡੀ ਕੌਮ ਦੇ ਕਤਲੇਆਮ ਲਈ ਕੌਣ ਜ਼ਿੰਮੇਵਾਰ ਸੀ ? ਜਦੋਂ ਸਿੱਖਾਂ ਖ਼?ਲਾਫ਼ ਇਹ ਗੁਨਾਹ ਉਨ੍ਹਾਂ ਦੀ ਪਾਰਟੀ ਤੇ ਉਨ੍ਹਾਂ ਦੇ ਪੁਰਖਿਆਂ ਵੱਲੋਂ ਕੀਤੇ ਗਏ, ਉਸ ਵੇਲੇ ਉਨ੍ਹਾਂ ਦੇ ਨਾਬਾਲਗ ਹੋਣ ਦੇ ਦਾਅਵੇ ਬਾਰੇ ਉਨ੍ਹਾਂ ਕਿਹਾ ਕਿ ਸੱਚਮੁੱਚ ਉਹ ਨਾਬਾਲਗ ਸਨ ਪਰ ਹੁਣ ਉਹ 55 ਸਾਲਾਂ ਦੇ ਹਨ। ਉਹ ਪਿਛਲੇ 37 ਜਾਂ ਇਸ ਤੋਂ ਵੱਧ ਸਾਲਾਂ ਤੋਂ ਬਾਲਗ ਹਨ ਤਾਂ ਇੰਨੇ ਸਾਲ ਉਹ ਚੁੱਪ ਕਿਉਂ ਰਹੇ ? ਉਨ੍ਹਾਂ ਨੂੰ ਆਪਣੇ ਪੁਰਖਿਆਂ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸਿੱਖਾਂ ਖ਼?ਲਾਫ਼ ਕੀਤੇ ਗੁਨਾਹਾਂ ਬਾਰੇ ਗੱਲ ਕਰਨ ਨੂੰ ਇਨਾ ਸਮਾਂ ਕਿਉਂ ਲੱਗ ਗਿਆ ? ਹੁਣ ਵੀ ਉਹ ਜਦੋਂ ਗੱਲ ਕਰਦੇ ਹਨ ਤਾਂ ਉਨ੍ਹਾਂ ’ਚ ਦੋਸ਼ੀਆਂ ਦਾ ਨਾਂ ਲੈਣ ਦਾ ਹੌਸਲਾ ਨਹੀਂ ਹੁੰਦਾ ਤੇ ਉਹ ਸਿੱਖਾਂ ਤੋਂ ਮੁਆਫ਼ੀ ਮੰਗਣ ਲਈ ਇਕ ਸ਼ਬਦ ਵੀ ਨਹੀਂ ਉਚਰਦੇ। ਅਜਿਹਾ ਕਿਉਂ ? ਉਨ੍ਹਾਂ ਕਿਹਾ ਕਿ ਕੀ ਹਾਲੇ ਵੀ ਰਾਹੁਲ ਗਾਂਧੀ ਨੂੰ ਇਹ ਨਹੀਂ ਪਤਾ ਕਿ ਇਹ ਉਨ੍ਹਾਂ ਦੀ ਦਾਦੀ ਇੰਦਰਾ ਗਾਂਧੀ ਹੀ ਸੀ, ਜਿਸ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ’ਤੇ ਟੈਂਕਾਂ ਤੇ ਤੋਪਾਂ ਨਾਲ ਹਮਲਾ ਕਰਨ ਦੇ ਹੁਕਮ ਫ਼ੌਜ ਨੂੰ ਦਿੱਤੇ ਤਾਂ ਜੋ ਸਾਡੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹ ਦਿੱਤਾ ਜਾਵੇ ?

## ਪਾਕਿਸਤਾਨ ਨੇ ਦਿੱਤੀ ਨਰਿੰਦਰ ਮੋਦੀ ਸਟੇਡੀਅਮ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

**ਏਜੰਸੀਆਂ**

ਸਪੋਰਟਸ ਡੈਸਕ 7 ਮਈ। ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ, ਭਾਰਤ ਨੇ ਅੱਤਵਾਦੀਆਂ ਵਿਰੁੱਧ ਆਪ੍ਰੇਸ਼ਨ ‘ਸਿੰਦੂਰ’ ਕੀਤਾ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਅਤੇ ਪਾਕਿਸਤਾਨ ਵਿੱਚ 9 ਅੱਤਵਾਦੀ ਟਿਕਾਣਿਆਂ ’ਤੇ ਹਵਾਈ ਹਮਲੇ ਕੀਤੇ ਜਿਸ ਤੋਂ ਬਾਅਦ ਪਾਕਿ ਵਲੋਂ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਹੜਕੰਪ ਮਚ ਗਿਆ ਹੈ। ਗੁਜਰਾਤ ਕ੍ਰਿਕਟ ਐਸੋਸੀਏਸ਼ਨ (ਜੀਸੀਏ) ਦੇ ਅਧਿਕਾਰਤ ਈਮੇਲ ’ਤੇ ਇੱਕ ਧਮਕੀ ਭਰਿਆ ਮੇਲ ਮਿਲਿਆ ਹੈ, ਜਿਸ ਵਿੱਚ ਲਿਖਿਆ ਹੈ – ਅਸੀਂ ਤੁਹਾਡਾ ਸਟੇਡੀਅਮ ਉਡਾ ਦੇਵਾਂਗੇ। ਇਹ ਮੇਲ ‘ਪਾਕਿਸਤਾਨ’ ਦੇ ਨਾਮ ’ਤੇ ਭੇਜਿਆ ਗਿਆ ਹੈ, ਜਿਸ ਤੋਂ ਬਾਅਦ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਹ ਖ਼ਤਰਾ ਆਪ੍ਰੇਸ਼ਨ ਸਿੰਦੂਰ ਤੋਂ ਤੁਰੰਤ ਬਾਅਦ ਆਇਆ ਹੈ, ਇਸ ਲਈ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ, ਇਹ ਖ਼ਤਰਾ ਅਜਿਹੇ ਸਮੇਂ ਆਇਆ ਹੈ ਜਦੋਂ ਆਉਣ ਵਾਲੇ ਹਫ਼ਤਿਆਂ ਵਿੱਚ ਨਰਿੰਦਰ ਮੋਦੀ ਸਟੇਡੀਅਮ ਵਿੱਚ ਦੋ ਮਹੱਤਵਪੂਰਨ ਇੰਡੀਅਨ ਪ੍ਰੀਮੀਅਰ ਲੀਗ (ਆਈਪੀਐਲ) ਮੈਚ ਹੋਣ ਵਾਲੇ ਹਨ। ਇਸ ਦੇ ਮੱਦੇਨਜ਼ਰ ਸਟੇਡੀਅਮ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਸੁਰੱਖਿਆ ਪ੍ਰਬੰਧ ਹੋਰ ਸਖ਼ਤ ਕਰ ਦਿੱਤੇ ਗਏ ਹਨ। ਗੁਜਰਾਤ ਪੁਲਸ ਅਤੇ ਸਾਈਬਰ



ਕ੍ਰਾਈਮ ਟੀਮ ਨੇ ਤੁਰੰਤ ਕਾਰਵਾਈ ਕੀਤੀ ਅਤੇ ਈਮੇਲ ਦੇ ਸਰੋਤ ਦੀ ਜਾਂਚ ਸ਼ੁਰੂ ਕਰ ਦਿੱਤੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਇਹ ਪਤਾ ਲਗਾਉਣ ਲਈ ਮੇਲ ਦਾ ਪਤਾ ਲਗਾ ਰਹੇ ਹਨ ਕਿ ਇਹ ਕਿੱਥੋਂ ਅਤੇ ਕਿਸਨੇ ਭੇਜਿਆ ਹੈ। ਜੀਸੀਏ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਉਹ ਪੁਲਸ ਅਤੇ ਸੁਰੱਖਿਆ ਏਜੰਸੀਆਂ ਨਾਲ ਲਗਾਤਾਰ ਸੰਪਰਕ ਵਿੱਚ ਹਨ ਅਤੇ ਸਟੇਡੀਅਮ ਵਿੱਚ ਸਾਰੇ ਸੁਰੱਖਿਆ ਮਾਪਦੰਡਾਂ ਨੂੰ ਮਜ਼ਬੂਤ ??ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਬੀਸੀਸੀਆਈ ਅਤੇ ਆਈਪੀਐਲ ਪ੍ਰਬੰਧਕ ਕਮੇਟੀ ਨੂੰ ਵੀ ਇਸ ਮਾਮਲੇ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਧਮਕੀ ਦੀ ਸੱਚਾਈ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਹਰ ਸੰਭਵ ਤਿਆਰੀ ਕੀਤੀ ਜਾ ਰਹੀ ਹੈ। ਗੁਜਰਾਤ ਟਾਈਟਨਸ ਬਨਾਮ ਲਖਨਊ ਸੁਪਰ ਜਾਇੰਟਸ ਮੈਚ 14 ਮਈ ਨੂੰ ਨਰਿੰਦਰ ਮੋਦੀ ਸਟੇਡੀਅਮ ਵਿੱਚ ਹੋਣਾ ਹੈ। 18 ਮਈ ਨੂੰ ਗੁਜਰਾਤ ਟਾਈਟਨਸ ਬਨਾਮ ਚੇਨਈ ਸੁਪਰ ਕਿੰਗਜ਼ ਵਿਚਕਾਰ ਮੈਚ ਹੈ। ਨਰਿੰਦਰ ਮੋਦੀ ਸਟੇਡੀਅਮ ਦੁਨੀਆ ਦਾ ਸਭ ਤੋਂ ਵੱਡਾ ਕ੍ਰਿਕਟ ਸਟੇਡੀਅਮ ਹੈ, ਜਿਸਦੀ ਬੈਠਣ ਦੀ ਸਮਰੱਥਾ 1 ਲੱਖ 32 ਹਜ਼ਾਰ ਹੈ।

## ਸਾਨੂੰ ਭਾਰਤੀ ਫ਼ੌਜ ਅਤੇ ਆਪਣੇ ਵੀਰ ਜਵਾਨਾਂ ’ਤੇ ਮਾਣ : ਅਰਵਿੰਦ ਕੇਜਰੀਵਾਲ

ਨਵੀਂ ਦਿੱਲੀ 7 ਮਈ। ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਭਾਰਤੀ ਹਥਿਆਰਬੰਦ ਫ਼ੌਜਾਂ ਵੱਲੋਂ ਅੱਤਵਾਦੀਆਂ ਵਿਰੁੱਧ ਕੀਤੀ ਗਈ ਕਾਰਵਾਈ ’ਤੇ ਕਿਹਾ ਕਿ ਸਾਨੂੰ ਭਾਰਤੀ ਫੌਜ ਅਤੇ ਆਪਣੇ ਵੀਰ ਜਵਾਨਾਂ ’ਤੇ ਮਾਣ ਹੈ। ਸ਼?ਰੀ ਕੇਜਰੀਵਾਲ ਨੇ ਸੋਸ਼ਲ ਮੀਡੀਆ ’ਤੇ ਕਿਹਾ,””ਸਾਨੂੰ ਭਾਰਤੀ ਫ਼ੌਜ ਅਤੇ ਆਪਣੇ ਵੀਰ ਜਵਾਨਾਂ ’ਤੇ ਮਾਣ ਹੈ। ਅੱਤਵਾਦ ਖ਼?ਲਾਫ਼ ਇਸ ਲੜਾਈ ’ਚ 140 ਕਰੋੜ ਭਾਰਤਵਾਸੀ ਭਾਰਤੀ ਫ਼ੌਜ ਨਾਲ ਖੜ੍ਹੇ ਹਨ। ਭਾਰਤੀ ਫ਼ੌਜ ਦਾ ਸਾਹਸ, ਹਰ ਦੇਸ਼ਵਾਸੀ ਦਾ ਵਿਸ਼ਵਾਸ ਹੈ। ਅਸੀਂ ਸਭ



ਨਾਲ ਹਾਂ- ਅੱਤਵਾਦ ਖ਼?ਲਾਫ਼ ਇਕਜੁਟ ਹਾਂ। ਜੈ ਹਿੰਦ, ਜੈ ਭਾਰਤ।” ਆਪ ਨੇਤਾ ਸੰਜੇ ਸਿੰਘ ਨੇ ਕਿਹਾ, ”ਜੈ ਹਿੰਦ, ਜੈ ਹਿੰਦ ਕੀ ਫੌਜ। ਭਾਰਤੀ ਫੌਜ ’ਤੇ ਮਾਣ ਹੈ। 140 ਕਰੋੜ ਭਾਰਤੀਆਂ ਦੀਆਂ ਸ਼ੁਭਕਾਮਨਾਵਾਂ ਤੁਹਾਡੇ ਨਾਲ ਹਨ। ਭਾਰਤ ਮਾਤਾ ਜ਼ਿੰਦਾਬਾਦ।” ਦੱਸਣਯੋਗ ਹੈ ਕਿ ਭਾਰਤ ਨੇ ਮੰਗਲਵਾਰ ਨੂੰ ਦੇਰ ਰਾਤ ਪਾਕਿਸਾਤਨ ’ਤੇ ਏਅਰ ਸਟ?ਰਾਈਕ ਕੀਤਾ ਅਤੇ ਉਸ ਦੇ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਹੈ।

## ‘ਮਿਸ਼ਨ ਸੰਕਲਪ’ : ਸੁਰੱਖਿਆ ਫ਼ੋਰਸਾਂ ਨਾਲ ਮੁਕਾਬਲੇ ’ਚ 15 ਤੋਂ ਵੱਧ ਨਕਸਲੀ ਢੇਰ

**ਨਵਦੀਪ ਸਿੰਘ ਸਾਹਨੀ**

ਬੀਜਾਪੁਰ 7 ਮਈ। ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ’ਚ ਜਾਰੀ ਨਕਸਲ ਵਿਰੋਧੀ ਮੁਹਿੰਮ ’ਚ ਸੁਰੱਖਿਆ ਫ਼ੋਰਸਾਂ ਨੇ 15 ਤੋਂ ਵੱਧ ਨਕਸਲੀਆਂ ਨੂੰ ਮਾਰ ਸੁੱਟਿਆ। ਪੁਲਸ ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਕਰੇਗੁੱਟਾ ਦੀਆਂ ਪਹਾੜੀਆਂ ਅਤੇ ਛੱਤੀਸਗੜ੍ਹ-ਤੇਲੰਗਾਨਾ ਸਰਹੱਦ ’ਤੇ ਸਥਿਤ ਪਹਾੜੀਆਂ ’ਚ 21 ਅਪ੍ਰੈਲ ਨੂੰ ‘ਮਿਸ਼ਨ ਸੰਕਲਪ’ ਨਾਂ ਨਾਲ ਮੁਹਿੰਮ ਸ਼ੁਰੂ ਕੀਤੀ ਗਈ, ਜਿਸ ’ਚ ਲਗਭਗ 24 ਹਜ਼ਾਰ ਜਵਾਨ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਮੁਹਿੰਮ ਦੇ ਅਧੀਨ ਅੱਜ ਸੁਰੱਖਿਆ ਫ਼ੋਰਸਾਂ ਅਤੇ ਨਕਸਲੀਆਂ ਵਿਚਾਲੇ ਮੁਕਾਬਲਾ ਹੋਇਆ, ਜਿਸ ’ਚ 15 ਤੋਂ ਵੱਧ ਨਕਸਲੀ ਢੇਰ ਕਰ ਦਿੱਤੇ ਗਏ। ਪੁਲਸ ਅਧਿਕਾਰੀਆਂ ਅਨੁਸਾਰ ਇਸ ਤੋਂ ਪਹਿਲਾਂ ਸੋਮਵਾਰ ਨੂੰ ਸੁਰੱਖਿਆ ਫ਼ੋਰਸਾਂ ਨੇ ਇਕ ਵਰਦੀਧਾਰੀ ਮਹਿਲਾ ਨਕਸਲੀ ਨੂੰ ਮਾਰ ਦਿੱਤਾ ਸੀ ਅਤੇ ਹਾਦਸੇ ਵਾਲੀ ਜਗ?ਹਾ ਤੋਂ ਹਥਿਆਰ ਅਤੇ ਹੋਰ ਸਮਾਨ ਬਰਾਮਦ ਕੀਤੇ ਸਨ। ਉੱਥੇ ਹੀ 24 ਅਪ੍ਰੈਲ ਨੂੰ ਤਿੰਨ ਮਹਿਲਾ ਨਕਸਲੀਆਂ ਦੀਆਂ



ਲਾਸ਼ਾਂ ਬਰਾਮਦ ਕੀਤੀਆਂ ਗਈਆਂ ਸਨ। ਅਧਿਕਾਰੀਆਂ ਨੇ ਦੱਸਿਆ ਕਿ ਬੀਜਾਪੁਰ ਜ਼ਿਲ੍ਹੇ ਦੇ ਦੱਖਣ ਪੱਛਮ ਸਰਹੱਦੀ ਖੇਤਰ ਦੇ ਜੰਗਲ ’ਚ ਨਕਸਲੀਆਂ ਦੀ ਮੌਜੂਦਗੀ ਦੀ ਸੂਚਨਾ ਤੋਂ ਬਾਅਦ ਸੁਰੱਖਿਆ ਫ਼ੋਰਸ ਦੇ ਜਵਾਨ ਨੂੰ ਨਕਸਲ ਵਿਰੋਧੀ ਮੁਹਿੰਮ ’ਤੇ ਰਵਾਨਾ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਬਸਤਰ ਖੇਤਰ ’ਚ ਸ਼ੁਰੂ ਕੀਤੀਆਂ ਗਈਆਂ ਸਭ ਤੋਂ ਵੱਡੀਆਂ ਨਕਸਲ ਵਿਰੋਧੀ ਮੁਹਿੰਮਾਂ ’ਚੋਂ ਇਕ ਇਸ ਮੁਹਿੰਮ ’ਚ ਜ਼ਿਲ੍ਹਾ ਰਿਜ਼ਰਵ ਗਾਰਡ, ਬਸਤਰ ਫਾਈਟਰਜ਼ ਅਤੇ ਛੱਤੀਸਗੜ੍ਹ ਪੁਲਸ ਦੇ ਐੱਸਟੀਐੱਫ, ਕੇਂਦਰੀ ਰਿਜ਼ਰਵ ਪੁਲਸ ਫ਼ੋਰਸ ਅਤੇ ਕਮਾਂਡੋ ਬਟਾਲੀਅਨ ਫਾਰ ਰੇਸੋਲਿਊਟ ਐਕਸ਼ਨ (ਕੋਬਰਾ) ਦੇ ਜਵਾਨਾਂ ਸਮੇਤ ਵੱਖ-ਵੱਖ ਇਕਾਈਆਂ ਦੇ ਜਵਾਨ ਸ਼ਾਮਲ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਹ ਮੁਹਿੰਮ ਅੰਤਰਰਾਜੀ ਸਰਹੱਦ ’ਤੇ ਬੀਜਾਪੁਰ (ਛੱਤੀਸਗੜ੍ਹ ਅਤੇ ਮੁਲੁਗੂ ਤੇ ਭਦ੍ਰਾਦ੍ਰੀ-ਕੋਠਾਗੁਡੇਮ (ਤੇਲੰਗਾਨ) ਦੇ ਦੋਵੇਂ ਪਾਸਿਓਂ ਲਗਭਗ 800 ਵਰਗ ਕਿਲੋਮੀਟਰ ਦੇ ਖੇਤਰ ’ਚ ਫੈਲੇ ਤੰਗ ਇਲਾਕੇ ਅਤੇ ਸੰਘਣੇ ਜੰਗਲ ’ਚ ਜਾਰੀ ਹੈ।

## ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਦੀ ਕੀਤੀ ਤਾਰੀਫ਼

ਨਵੀਂ ਦਿੱਲੀ 7 ਮਈ। ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ, ਹਰਦੀਪ ਸਿੰਘ ਪੁਰੀ ਨੇ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਦੇ ਨੌਂ ਸਾਲ ਪੂਰੇ ਹੋਣ ’ਤੇ, ਇਸ ਯੋਜਨਾ ਦੇ ਪਰਿਵਰਤਨਸ਼ੀਲ ਪ੍ਰਭਾਵ ਨੂੰ ਉਜਾਗਰ ਕਰਨ ਵਾਲੇ ਮੁੱਖ ਅੰਕੜੇ ਸਾਂਝੇ ਕੀਤੇ ਹਨ। ਸੋਮਵਾਰ ਨੂੰ, ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ ’ਤੇ ਕਿਹਾ ਕਿ ‘ਉਜਵਲਾ ਯੋਜਨਾ ਦੇ 9 ਸਾਲ, 10.33 ਕਰੋੜ ਤੋਂ ਵੱਧ ਪਰਿਵਾਰ ਖੁਸ਼! ਉਨ੍ਹਾਂ ਕਿਹਾ ਕਿ ਪਿਛਲੇ ਨੌਂ ਸਾਲਾਂ ਦੌਰਾਨ 238 ਕਰੋੜ ਤੋਂ ਵੱਧ ਸਿਲੰਡਰਾਂ ਦੀ ਰੀਫਿਲਿੰਗ ਇਸ ਯੋਜਨਾ ਦੀ ਸਫਲਤਾ ਨੂੰ ਦਰਸਾਉਂਦੀ ਹੈ। ਪੀਐਮਯੂਵਾਈ ਨੇ 1 ਮਈ ਨੂੰ ਆਪਣੀ ਨੌਵੀਂ ਵਰ੍ਹੇਗੰਢ ਪੂਰੀ ਕੀਤੀ, ਜੋ ਕਿ ਸਾਫ਼ ਖਾਣਾ ਪਕਾਉਣ ਵਾਲੇ ਬਾਲਣ ਤੱਕ ਸਰਵ ਵਿਆਪਕ ਪਹੁੰਚ ਨੂੰ ਯਕੀਨੀ ਬਣਾਉਣ ਦੇ ਭਾਰਤ ਦੇ ਯਤਨਾਂ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਇਹ ਯੋਜਨਾ ਦੇਸ਼ ਭਰ ਦੇ ਗਰੀਬ ਪਰਿਵਾਰਾਂ ਦੀਆਂ ਬਾਲਗ ਔਰਤਾਂ ਨੂੰ ਜਮ?ਹਾ-ਮੁਕਤ ਐਲਪੀਜੀ ਕੁਨੈਕਸ਼ਨ ਪ੍ਰਦਾਨ ਕਰਦੀ ਹੈ। ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਇਹ ਯੋਜਨਾ ਮਹਿਲਾ ਸਸ਼ਕਤੀਕਰਨ ਦਾ ਪ੍ਰਤੀਕ ਬਣ ਗਈ ਹੈ ਅਤੇ ਘਰੇਲੂ ਔਰਤਾਂ ਦੇ ਸਿਹਤ ਨਤੀਜਿਆਂ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿੱਚ 11,670 ਨਵੇਂ ਐਲਪੀਜੀ ਵਿਤਰਕਾਂ ਦੇ ਜੋੜ ਨੇ ਦੂਰ-ਦੁਰਾਡੇ ਅਤੇ ਚੁਣੌਤੀਪੂਰਨ ਖੇਤਰਾਂ ਵਿੱਚ ਵੀ ਸਿਲੰਡਰ ਦੀ ਡਿਲੀਵਰੀ ਸੰਭਵ ਬਣਾਈ ਹੈ। ਲੱਖਾਂ ਆਰਥਿਕ ਤੌਰ ’ਤੇ ਵਾਂਝੇ ਨਾਗਰਿਕਾਂ ਦੇ ਜੀਵਨ ਨੂੰ ਬਦਲ ਦਿੱਤਾ ਹੈ। ਮਾਰਚ 2025 ਤੱਕ, 10.33 ਕਰੋੜ ਪਰਿਵਾਰ ਇਸ ਯੋਜਨਾ ਦੇ ਅਧੀਨ ਆ ਗਏ ਸਨ। ਕਵਰੇਜ ਦਾ ਵਿਸਥਾਰ ਕਰਨ ਲਈ, ਸਰਕਾਰ ਨੇ ਅਗਸਤ 2021 ਵਿੱਚ ਉੱਜਵਲਾ 2.0 ਲਾਂਚ ਕੀਤਾ, ਜਿਸਦਾ ਉਦੇਸ਼ 1 ਕਰੋੜ ਵਾਧੂ ਕੁਨੈਕਸ਼ਨ ਪ੍ਰਦਾਨ ਕਰਨਾ ਸੀ। ਇਹ ਟੀਚਾ ਜਨਵਰੀ 2022 ਤੱਕ ਪ੍ਰਾਪਤ ਕਰ ਲਿਆ ਗਿਆ

## ਬੰਦ ਰਹੇਗਾ ਅੰਤਰਰਾਸ਼ਟਰੀ ਏਅਰਪੋਰਟ

ਨੈਸ਼ਨਲ ਡੈਸਕ 7 ਮਈ। ਮੁੰਬਈ ਦਾ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡਾ ਵੀਰਵਾਰ, 8 ਮਈ ਨੂੰ 6 ਘੰਟਿਆਂ ਲਈ ਬੰਦ ਰਹੇਗਾ। ਇਹ ਜਾਣਕਾਰੀ ਹਵਾਈ ਅੱਡੇ ਦੇ ਸੰਚਾਲਕ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡਾ ਲਿਮਟਿਡ ਨੇ ਦਿੱਤੀ ਹੈ। ਐਮ.ਆਈ.ਏ.ਐਲ. ਦੇ ਅਨੁਸਾਰ, ਮਾਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਹਵਾਈ ਅੱਡੇ ਦੇ ਦੋਵੇਂ ਮੁੱਖ ਰਨਵੇਅ ’ਤੇ ਰੱਖ-ਰਖਾਅ ਦਾ ਕੰਮ ਕੀਤਾ ਜਾਣਾ ਹੈ, ਜਿਸ ਕਾਰਨ 6 ਘੰਟੇ ਤੱਕ ਕੋਈ ਵੀ ਉਡਾਣ ਨਹੀਂ ਚਲਾਈ ਜਾਵੇਗੀ। ਮੁੰਬਈ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ ਨੇ ਇਹ ਵੀ ਦੱਸਿਆ ਕਿ ਇਸ ਸਬੰਧ ਵਿੱਚ ਸਾਰੇ ਹਿੱਸੇਦਾਰਾਂ ਨੂੰ ਸੂਚਿਤ ਕਰਨ ਲਈ ਲਾਜ਼ਮੀ ©®“1$ (ਏਅਰਮੈਨ ਨੂੰ ਨੋਟਿਸ) 6 ਮਹੀਨੇ ਪਹਿਲਾਂ ਜਾਰੀ ਕੀਤਾ ਗਿਆ ਸੀ,

## ‘ਆਪ੍ਰੇਸ਼ਨ ਸਿੰਦੂਰ’ ’ਤੇ ਬੋਲੀ ਪਹਿਲਗਾਮ ’ਚ ਮਾਰੇ ਗਏ ਨੇਵੀ ਅਫਸਰ ਦੀ ਪਤਨੀ ਹਿਮਾਂਸ਼ੀ

ਨੈਸ਼ਨਲ ਡੈਸਕ 7 ਮਈ। 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਨੇਵੀ ਅਫਸਰ ਲੈਫਟੀਨੈਂਟ ਵਿਨੈ ਨਰਵਾਲ ਦੀ ਪਤਨੀ ਹਿਮਾਂਸ਼ੀ ਨਰਵਾਲ ਨੇ ਭਾਰਤ ਦੇ ਆਪ੍ਰੇਸ਼ਨ ਸਿੰਦੂਰ ਦਾ ਸਵਾਗਤ ਕੀਤਾ



ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦਾ ਧੰਨਵਾਦ ਕੀਤਾ। ਹਾਲਾਂਕਿ, ਉਨ੍ਹਾਂ ਨੇ ਕੇਂਦਰ ਨੂੰ ਬੇਨਤੀ ਕੀਤੀ ਕਿ ਉਹ ਆਪ੍ਰੇਸ਼ਨ ਨੂੰ ਖਤਮ ਨਾ ਕਰੇ ਅਤੇ ਇਹ ਯਕੀਨੀ ਬਣਾਏ ਕਿ ਇਹ ÷ਅੱਤਵਾਦ ਦੇ ਅੰਤ ਦੀ ਸ਼ੁਰੂਆਤ÷ ਹੋਵੇ। ਭਾਰਤੀ ਹਥਿਆਰਬੰਦ ਬਲਾਂ ਨੇ ਪਹਿਲਗਾਮ ਅੱਤਵਾਦੀ ਹਮਲੇ ਦਾ ਬਦਲਾ ਲੈਂਦੇ ਹੋਏ ਬੁੱਧਵਾਰ ਤੜਕੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ 9 ਅੱਤਵਾਦੀ ਕੈਂਪਾਂ ’ਤੇ ਮਿਜ਼ਾਈਲ ਹਮਲੇ ਕੀਤੇ, ਜਿਨ੍ਹਾਂ ਵਿੱਚ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ ਦਾ ਗੜ੍ਹ ਅਤੇ ਮੁਰੀਦਕੇ ਵਿੱਚ ਲਸ਼ਕਰ-ਏ-ਤੋਇਬਾ ਦਾ ਇੱਕ ਟਿਕਾਣਾ ਵੀ ਸ਼ਾਮਲ ਹੈ। ਹਿਮਾਂਸ਼ੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, ÷ਮੇਰੇ ਪਤੀ ਰੱਖਿਆ ਫੋਰਸ ਵਿੱਚ ਸਨ, ਅਤੇ ਉਹ ਸ਼ਾਂਤੀ ਦੀ ਰੱਖਿਆ ਕਰਨਾ ਚਾਹੁੰਦੇ ਸਨ, ਮਾਸੂਮ ਜਾਨਾਂ ਦੀ ਰੱਖਿਆ ਕਰਨਾ ਚਾਹੁੰਦੇ ਸਨ। ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਇਸ ਦੇਸ਼ ਵਿੱਚ ਕੋਈ ਨਫ਼ਰਤ ਅਤੇ ਦਹਿਸ਼ਤ ਨਾ ਹੋਵੇ। ਮੈਂ ਸਰਕਾਰ ਦੀ ਧੰਨਵਾਦੀ ਹਾਂ, ਪਰ ਮੈਂ ਉਨ੍ਹਾਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਇਸਨੂੰ ਇੱਥੇ ਖਤਮ ਨਾ ਕਰਨ। ਮੈਂ ਚਾਹੁੰਦੀ ਹਾਂ ਕਿ ਉਹ ਇਹ ਯਕੀਨੀ ਬਣਾਉਣ ਕਿ ਇਹ ਸਾਡੇ ਦੇਸ਼ ਵਿੱਚ ਅੱਤਵਾਦ ਦੇ ਅੰਤ ਦੀ ਸ਼ੁਰੂਆਤ ਹੈ।÷

## ਸੀਬੀਆਈ ਡਾਇਰੈਕਟਰ ਬਣੇ ਰਹਿਣਗੇ ਪ੍ਰਵੀਨ ਸੂਦ

**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 7 ਮਈ। ਦੇਸ਼ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਯਾਨੀ ਸੀਬੀਆਈ ਦੇ ਡਾਇਰੈਕਟਰ ਦੇ ਅਹੁਦੇ ਸਬੰਧੀ ਇੱਕ ਵਾਰ ਫਿਰ ਵੱਡਾ ਫੈਸਲਾ ਲਿਆ ਗਿਆ ਹੈ। ਮੌਜੂਦਾ ਸੀਬੀਆਈ ਡਾਇਰੈਕਟਰ ਆਈਪੀਐੱਸ ਪ੍ਰਵੀਨ ਸੂਦ ਨੂੰ ਭਾਰਤ ਸਰਕਾਰ ਨੇ ਇੱਕ ਸਾਲ ਦਾ ਕਾਰਜਕਾਲ ਵਧਾ ਦਿੱਤਾ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਨਵੇਂ ਡਾਇਰੈਕਟਰ ਦੀ ਨਿਯੁਕਤੀ ਨੂੰ ਲੈ ਕੇ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ ਅਤੇ ਦੇਸ਼ ਦੇ ਮੁੱਖ ਜੱਜ ਦੀ ਕਮੇਟੀ ਵਿੱਚ ਕੋਈ ਸਹਿਮਤੀ ਨਹੀਂ ਸੀ। ਕਰਨਾਟਕ ਕੈਡਰ ਦੇ 1986 ਬੈਚ ਦੇ ਸੀਨੀਅਰ ਆਈਪੀਐੱਸ ਅਧਿਕਾਰੀ ਪ੍ਰਵੀਨ ਸੂਦ ਨੂੰ ਮਈ 2023 ਵਿੱਚ ਸੀਬੀਆਈ ਡਾਇਰੈਕਟਰ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਦਾ ਇੱਕ ਸਾਲ ਦਾ ਕਾਰਜਕਾਲ ਮਈ 2024 ਵਿੱਚ ਖਤਮ ਹੋ ਰਿਹਾ ਸੀ ਪਰ ਸਰਕਾਰ ਨੇ ਹੁਣ ਉਨ੍ਹਾਂ ਨੂੰ ਇੱਕ ਸਾਲ ਦਾ ਵਾਧਾ ਦੇ ਕੇ ਉਨ੍ਹਾਂ ਦੇ ਤਜਰਬੇ ਅਤੇ ਲੀਡਰਸ਼ਿਪ ਵਿੱਚ ਭਰੋਸਾ ਪ੍ਰਗਟ ਕੀਤਾ ਹੈ। ਇਸਦਾ ਮਤਲਬ ਹੈ ਕਿ ਪ੍ਰਵੀਨ ਸੂਦ 2025 ਤੱਕ ਸੀਬੀਆਈ ਡਾਇਰੈਕਟਰ ਬਣੇ ਰਹਿਣਗੇ। ਦਰਅਸਲ, ਸੀਬੀਆਈ ਡਾਇਰੈਕਟਰ ਦੀ ਨਿਯੁਕਤੀ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਮਹੱਤਵਪੂਰਨ ਪ੍ਰਕਿਰਿਆ ਹੁੰਦੀ ਹੈ। ਇਸ ਵਿੱਚ ਤਿੰਨ ਮੈਂਬਰੀ ਉੱਚ-ਪੱਧਰੀ ਕਮੇਟੀ ਦੀ ਭੂਮਿਕਾ ਸ਼ਾਮਲ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਸੁਪਰੀਮ ਕੋਰਟ ਦੇ ਇੱਕ ਜੱਜ, ਇਸ ਵਾਰ ਸੀਜੇਆਈ ਸੰਜੀਵ ਖੰਨਾ ਸ਼ਾਮਲ ਹਨ। ਹਾਲਾਂਕਿ, ਇਸ ਵਾਰ ਮੀਟਿੰਗ ਵਿੱਚ ਨਵੇਂ ਡਾਇਰੈਕਟਰ ਦੇ ਨਾਮ ’ਤੇ ਕੋਈ ਸਹਿਮਤੀ ਨਹੀਂ ਬਣ ਸਕੀ, ਇਸ ਲਈ ਸਿਰਫ ਮੌਜੂਦਾ ਡਾਇਰੈਕਟਰ ਨੂੰ ਸੇਵਾ ਵਿਸਥਾਰ ਦੇਣ ਦਾ ਫੈਸਲਾ ਕੀਤਾ ਗਿਆ। ਸੀਬੀਆਈ ਡਾਇਰੈਕਟਰ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਕਮੇਟੀ ਰਾਹੀਂ ਕੀਤੀ ਜਾਂਦੀ ਹੈ। ਇਸ ਕਮੇਟੀ ਵਿੱਚ ਸ਼ਾਮਲ ਹੁੰਦੇ ਹਨ: ਇਹ ਕਮੇਟੀ ਦੇਸ਼ ਦੇ ਸਭ ਤੋਂ ਸੀਨੀਅਰ ਆਈਪੀਐੱਸ ਅਧਿਕਾਰੀਆਂ ਦੇ ਪੈਨਲ ’ਤੇ ਵਿਚਾਰ ਕਰਦੀ ਹੈ। ਕਮੇਟੀ ਇਨ੍ਹਾਂ ਅਧਿਕਾਰੀਆਂ ਦੇ ਪ੍ਰਦਰਸ਼ਨ ਰਿਕਾਰਡ, ਸੇਵਾ ਕਾਲ ਅਤੇ ਤਜਰਬੇ ਦੇ ਆਧਾਰ ’ਤੇ ਫੈਸਲਾ ਲੈਂਦੀ ਹੈ। ਇੱਕ ਨਵਾਂ ਡਾਇਰੈਕਟਰ ਤਿੰਨਾਂ ਮੈਂਬਰਾਂ ਦੀ ਸਹਿਮਤੀ ਨਾਲ ਹੀ ਨਿਯੁਕਤ ਕੀਤਾ ਜਾਂਦਾ ਹੈ। ਮੌਜੂਦਾ ਨਿਯਮਾਂ ਅਨੁਸਾਰ, ਸੀਬੀਆਈ ਅਤੇ ਈਡੀ ਡਾਇਰੈਕਟਰਾਂ ਦਾ ਕਾਰਜਕਾਲ ਵੱਧ ਤੋਂ ਵੱਧ ਪੰਜ ਸਾਲ ਹੋ ਸਕਦਾ ਹੈ।



ਸ਼ੁਰੂਆਤੀ ਕਾਰਜਕਾਲ ਆਮ ਤੌਰ ’ਤੇ ਦੋ ਸਾਲਾਂ ਲਈ ਹੁੰਦਾ ਹੈ, ਜਿਸ ਨੂੰ ਕਮੇਟੀ ਦੀ ਸਹਿਮਤੀ ਨਾਲ ਹਰ ਵਾਰ ਇੱਕ ਸਾਲ ਵਧਾਇਆ ਜਾ ਸਕਦਾ ਹੈ। ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਇਹ ਨਿਯਮ ਹੋਰ ਸਪੱਸ਼ਟ ਹੋ ਗਿਆ ਹੈ ਕਿ ਸਿਫ਼ਾਰਸ਼ ਤੋਂ ਬਿਨਾਂ ਵਾਧਾ ਨਹੀਂ ਦਿੱਤਾ ਜਾ ਸਕਦਾ। ਜਦੋਂ ਕਮੇਟੀ ਨਵੇਂ ਨਾਮ ’ਤੇ ਸਹਿਮਤ ਨਹੀਂ ਹੋ ਸਕਦੀ, ਤਾਂ ਸਰਕਾਰ ਕੋਲ ਮੌਜੂਦਾ ਡਾਇਰੈਕਟਰ ਨੂੰ ਐਕਸਟੈਂਸ਼ਨ ਦੇਣ ਦਾ ਵਿਕਲਪ ਹੁੰਦਾ ਹੈ। ਇਸ ਵਾਰ ਵੀ ਇਹੀ ਸਥਿਤੀ ਦੇਖਣ ਨੂੰ ਮਿਲੀ। ਨਵੇਂ ਨਾਮ ਬਾਰੇ ਤਿੰਨਾਂ ਮੈਂਬਰਾਂ ਵਿੱਚ ਕੋਈ ਸਹਿਮਤੀ ਨਹੀਂ ਸੀ, ਇਸ ਲਈ ਪ੍ਰਵੀਨ ਸੂਦ ਨੂੰ ਇੱਕ ਸਾਲ ਲਈ ਐਕਸਟੈਂਸ਼ਨ ਦੇਣ ਦਾ ਫੈਸਲਾ ਕੀਤਾ ਗਿਆ। ਪ੍ਰਵੀਨ ਸੂਦ ਭਾਰਤੀ ਪੁਲਸ ਸੇਵਾ ਦੇ 1986 ਬੈਚ ਦੇ ਅਧਿਕਾਰੀ ਹਨ। ਉਨ੍ਹਾਂ ਦਾ ਕੈਡਰ ਕਰਨਾਟਕ ਹੈ। ਡਾਇਰੈਕਟਰ ਬਣਨ ਤੋਂ ਪਹਿਲਾਂ, ਉਹ ਕਰਨਾਟਕ ਦੇ ਡੀਜੀਪੀ (ਪੁਲਸ ਡਾਇਰੈਕਟਰ ਜਨਰਲ) ਵਜੋਂ ਸੇਵਾ ਨਿਭਾ ਚੁੱਕੇ ਹਨ। ਪ੍ਰਵੀਨ ਸੂਦ ਆਪਣੇ ਅਨੁਸ਼ਾਸਨ, ਭ੍ਰਿਸ਼ਟਾਚਾਰ ਵਿਰੋਧੀ ਮਾਮਲਿਆਂ ਦੀ ਡੂੰਘੀ ਸਮਝ ਅਤੇ ਤਕਨੀਕੀ ਜਾਂਚ ਵਿੱਚ ਮੁਹਾਰਤ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀ ਅਗਵਾਈ ਹੇਠ, ਸੀਬੀਆਈ ਨੇ ਕਈ ਹਾਈ ਪ੍ਰੋਫਾਈਲ ਮਾਮਲਿਆਂ ਵਿੱਚ ਮਹੱਤਵਪੂਰਨ ਕਾਰਵਾਈ ਕੀਤੀ ਹੈ।

# 'ਮਜ਼ਦੂਰ ਦਿਵਸ' ਮਨਾਉਂਦਿਆਂ ਸਦੀ ਪਲਟ ਗਈ ਪਰ ਨਹੀਂ ਪਲਟੀ ਮਜ਼ਦੂਰਾਂ ਦੀ ਕਿਸਮਤ

ਸਮਰਾਲਾ 7 ਮਈ। ਭਾਵੇਂ ਦੁਨੀਆ ਭਰ 'ਚ ਮਜ਼ਦੂਰ ਦਿਵਸ ਦੀ ਸ਼ੁਰੂਆਤ 7 ਮਈ 1886 'ਚ ਹੀ ਹੋ ਗਈ ਸੀ ਪਰ ਭਾਰਤ 'ਚ ਪਹਿਲੀ ਵਾਰ ਮਜ਼ਦੂਰਾਂ ਦੇ ਹੱਕਾਂ ਦੀ ਆਵਾਜ਼ ਨੂੰ ਬੁਲੰਦ ਕਰਨ ਲਈ 7 ਮਈ 1923 ਨੂੰ ਚੇਨੱਈ (ਮਦਰਾਸ) ਵਿਖੇ ਪਹਿਲੀ ਵਾਰ ਲਾਲ ਝੰਡਾ ਲਹਿਰਾ ਕੇ ਭਾਰਤ 'ਚ ਮਜ਼ਦੂਰਾਂ ਨੂੰ ਉਨ੍ਹਾਂ ਦੇ ਅਧਿਕਾਰ ਦਿਵਾਉਣ ਲਈ ਅੰਦੋਲਨ ਸ਼ੁਰੂ ਕਰਦੇ ਹੋਏ ਅਤੇ ਮਜ਼ਦੂਰਾਂ ਨੂੰ ਇਕਜੁੱਟ ਕਰਨ ਦੀ ਲਹਿਰ ਆਰੰਭੀ ਗਈ। ਅੱਜ ਪੂਰੀ ਇਕ ਸਦੀ ਪਲਟ ਗਈ ਹੈ, ਮਜ਼ਦੂਰ ਦਿਵਸ ਮਨਾਉਂਦਿਆਂ ਨੂੰ ਪਰ ਆਪਣੀ ਮਿਹਨਤ ਨਾਲ ਦੇਸ਼ ਨੂੰ ਤਰੱਕੀ ਦੇ ਨਵੇਂ ਪ੍ਰਕਾਸ਼ ਤੱਕ ਲਿਜਾਣ ਵਾਲੇ ਇਹ ਮਜ਼ਦੂਰ ਹਾਲੇ ਵੀ ਆਪਣੀ ਕਿਸਮਤ ਪਲਟਣ ਦੀ ਉਡੀਕ ਕਰ ਰਹੇ ਹਨ। ਆਜ਼ਾਦੀ ਦੇ ਇੰਨੇ ਦਹਾਕਿਆਂ ਬਾਅਦ ਵੀ ਗ਼ੁਰਬੱਤ ਭਰੀ ਜ਼ਿੰਦਗੀ ਜੀਅ ਰਹੇ ਇਨ੍ਹਾਂ ਮਜ਼ਦੂਰਾਂ ਦੇ ਪਰਿਵਾਰਾਂ ਦੀ ਹਾਲਤ ਨੂੰ ਵੇਖ ਕੇ ਇਕ ਪਲ ਲਈ ਵੀ ਇੰਝ ਮਹਿਸੂਸ ਨਹੀਂ ਹੁੰਦਾ ਕਿ ਭਾਰਤ ਅੱਜ ਵਿਸ਼ਵ ਗੁਰੂ ਬਣਨ ਦੇ ਰਾਹ 'ਤੇ ਚੱਲਦਿਆ ਦੁਨੀਆਂ ਦੇ ਪ੍ਰਗਤੀਸ਼ੀਲ ਦੇਸ਼ਾਂ ਵਿਚ ਸ਼ੁਮਾਰ ਹੋ ਚੁੱਕਾ ਹੋਵੇ। ਪਰਿਵਾਰ ਲਈ ਸਿਰਫ ਦੋ ਵਖ਼ਤ ਦੀ ਰੋਟੀ ਕਮਾਉਣਾ ਹੀ ਇਕ ਮਜ਼ਦੂਰ ਦੀ ਮਜ਼ਬੂਰੀ ਬਣ ਚੁੱਕਾ ਹੈ। ਇਸੇ ਮਜ਼ਬੂਰੀ 'ਚ ਉਸ ਦੀ ਪੂਰੀ ਜ਼ਿੰਦਗੀ ਬਤੀਤ ਹੋ ਜਾਂਦੀ ਹੈ ਅਤੇ ਤੰਗੀਆਂ-ਤੁਰਸ਼ੀਆਂ ਦਾ ਮਾਰਿਆਂ ਉਹ ਆਪਣੀ ਅਗਲੀ ਪੀੜ੍ਹੀ ਨੂੰ ਪੜ੍ਹਾ-ਲਿਖਾ ਕੇ ਸਮਾਜ ਦਾ ਸਨਮਾਨਯੋਗ ਭਾਗੀਦਾਰ ਬਣਾਉਣ ਦੀ ਥਾਂ ਆਪਣੇ ਸਾਰੇ ਸੁਫ਼ਨੇ ਕੁਰਬਾਨ ਕਰਦਾ ਹੋਇਆ ਪਰਿਵਾਰ ਲਈ ਰੋਟੀ ਦਾ ਪ੍ਰਬੰਧ ਕਰਨ ਦੀ ਮਜ਼ਬੂਰੀ 'ਚ ਉਨ੍ਹਾਂ ਨੂੰ ਵੀ ਇਸ ਭੱਠੀ ਵਿਚ ਝੋਕ ਦਿੰਦਾ ਹੈ। ਹਾਲਾਕਿ ਭਾਰਤ ਨੂੰ ਆਜ਼ਾਦੀ ਮਿਲਣ ਵੇਲੇ ਤੋਂ ਹੀ ਦੇਸ਼ ਦੀਆਂ ਸਰਕਾਰਾਂ ਮਜ਼ਦੂਰਾਂ ਦੇ ਭਵਿੱਖ ਨੂੰ ਸੁਧਾਰਨ ਲਈ ਵੱਖ-ਵੱਖ ਯੋਜਨਾਵਾਂ ਲਾਗੂ ਕਰਨ ਨ ਲੱਗੀਆਂ ਹੋਈਆਂ ਹਨ ਪਰ ਦੇਸ਼ ਦੇ ਲੱਖਾਂ ਮਜ਼ਦੂਰ ਪਰਿਵਾਰਾਂ ਦੀ ਗ਼ੁਰਬੱਤ ਨੂੰ ਮਿਟਾ ਕੇ ਉਨ੍ਹਾਂ ਨੂੰ ਵੀ ਸਨਮਾਨ 'ਤੇ ਬਰਾਬਰਤਾ ਨਾਲ ਜਿਉਣ ਦੇ ਕਾਬਿਲ ਬਣਾਉਣਾ ਹਾਲੇ ਬਹੁਤ ਦੂਰ ਦੀ ਗੱਲ ਜਾਪਦੀ ਹੈ। ਦੇਸ਼ ਦੀ ਤਰੱਕੀ ਲਈ ਗਗਨ ਛੂੰਹਦੀਆਂ ਕਈ-ਕਈ ਮੰਜ਼ਿਲਾਂ ਇਮਾਰਤਾਂ ਖੜ੍ਹੀਆਂ ਕਰਨ ਅਤੇ ਸੜ੍ਹਕਾਂ ਦਾ ਜਾਲ ਵਿਛਾਉਣ ਲਈ ਹੱਡ ਭੰਨ੍ਹਵੀ ਮਿਹਨਤ ਕਰਨ ਵਾਲੇ ਲੱਖਾਂ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਅੱਜ ਵੀ ਆਪਣੀ ਛੱਤ ਨਸੀਬ ਨਹੀਂ ਹੋਈ ਅਤੇ ਉਹ ਮੀਂਹ-ਹਨ੍ਹੇਰੀ ਤੇ ਧੁੱਪ ਦੇ ਥਪੇੜਿਆਂ 'ਚ ਬਿਨਾਂ ਛੱਤ ਦੇ ਝੌਂਪੜੀਆਂ ਵਿਚ ਜ਼ਿੰਦਗੀ ਬਸਰ ਕਰਨ ਲਈ ਮਜ਼ਬੂਰ ਹਨ। ਦੇਸ਼ ਵਿਚ ਗਰੀਬੀ ਹੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। ਬਾਲ ਮਜ਼ਦੂਰੀ ਦੀ ਕੁਰੀਤੀ ਨੂੰ ਜਨਮ ਦੇਣ ਵਿਚ ਜਿੱਥੇ ਇਸ ਗਰੀਬੀ ਦਾ ਸਭ ਤੋਂ ਵੱਡਾ ਦੋਸ਼ ਹੈ, ਉੱਥੇ ਸਰਕਾਰਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹਨ। ਜਿਸ ਬਾਲੜੀ ਉਮਰ ਵਿਚ ਬੇਫ਼ਿਕਰ ਹੋ ਕੇ ਬਚਪਨ ਜਿਊਣਾ ਹਰ ਬੱਚੇ ਦਾ ਮੁੱਢਲਾ ਜਨਮ ਸਿੱਧ ਅਧਿਕਾਰ ਹੈ, ਉਸ ਬਚਪਨ ਵਿਚ ਹੀ ਜਦੋਂ ਪਰਿਵਾਰ



ਦੀਆਂ ਮਜ਼ਬੂਰੀਆਂ ਦਾ ਬੋਝ ਇਨ੍ਹਾਂ ਮਾਸੂਮਾਂ ਦੇ ਮੋਢਿਆਂ 'ਤੇ ਆ ਪਵੇ ਤਾਂ ਇਸ ਤੋਂ ਹੋਰ ਮਾੜੀ ਕਿਸਮਤ ਦੇਸ਼ ਦੀ ਨਹੀਂ ਹੋ ਸਕਦੀ। ਬਾਲ ਮਜ਼ਦੂਰੀ ਨੂੰ ਖ਼ਤਮ ਕਰਨ ਦੀਆਂ ਯੋਜਨਾਵਾਂ ਸਿਰਫ 'ਹਵਾ' 'ਚ ਹੀ ਚਲਾਈਆਂ ਜਾਂਦੀਆਂ ਨੇ, ਤਾਂ ਹੀ ਅੱਜ ਜਿਹੜਾ ਬਚਪਨ ਹੱਸਣ-ਖੇਡਣ 'ਤੇ ਪੜ੍ਹਨ-ਲਿਖਣ ਵਿਚ ਗੁਜ਼ਰਨਾ ਚਾਹੀਦਾ, ਉਹ ਬਚਪਨ ਰੋਟੀ ਕਮਾਉਣ ਦੀ ਫ਼?ਕਰ ਵਿਚ 100-150 ਰੁਪਏ ਦੀ ਦਿਹਾੜੀ ਕਮਾਉਣ ਲਈ ਸੜ੍ਹਕਾਂ 'ਤੇ ਰੁਲ੍ਹ ਰਿਹਾ ਹੈ। ਸਮਰਾਲਾ ਦੇ ਬਾਜ਼ਾਰ ਵਿਚ ਮੋਢਿਆਂ 'ਤੇਵੱਡੇ-ਵੱਡੇ ਥੈਲੇ ਲਟਕਾਈ ਕੂੜੇ-ਕਰਕਟ ਦੇ ਢੇਰਾਂ ਵਿਚੋਂ ਪਲਾਸਟਿਕ 'ਤੇ ਕਾਗਜ਼ ਚੁੱਗ ਰਹੀਆਂ ਬਾਲੜੀ ਉਮਰ ਦੀਆਂ ਬੱਚੀਆਂ ਰੇਸ਼ਮਾ, ਅੰਜਲੀ, ਖੁਸ਼ੀ ਤੇ ਜੈਸਮੀਨ ਨੇ ਦੱਸਿਆ ਕਿ ਸੂਰਤ ਸੰਭਾਲਣ ਵੇਲੇ ਤੋਂ ਹੀ ਉਹ ਇਹ ਕੰਮ ਕਰ ਰਹੀਆਂ ਹਨ। ਬੱਚੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਮਾਪੇ ਵੀ ਮਜ਼ਦੂਰੀ ਕਰਕੇ ਬੜੀ ਮੁਸ਼ਕਲ ਪੇਟ ਭਰਨ ਜਿੰਨਾ ਰਾਸ਼ਨ ਹੀ ਇੱਕਠਾ ਕਰ ਪਾਉਂਦੇ ਹਨ। ਇਸ ਲਈ ਮਜ਼ਬੂਰੀ ਵਿਚ ਉਨ੍ਹਾਂ ਨੂੰ ਵੀ ਇਹ ਕੰਮ ਕਰਨਾ ਪੈ ਰਿਹਾ ਹੈ। ਬੱਚੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਨਾ ਹੀ ਮਜ਼ਦੂਰ ਦਿਵਸ ਦੇ ਅਰਥ ਪਤਾ ਨੇ ਅਤੇ ਨਾ ਹੀ ਉਨ੍ਹਾਂ ਨੂੰ ਸੂਬੇ ਵਿਚ ਚਲ ਰਹੀ ਸਿੱਖਿਆ ਕ੍ਰਾਂਤੀ ਬਾਰੇ ਹੀ ਕੁੱਝ ਇਲਮ ਹੈ। ਇਨ੍ਹਾਂ ਬੱਚੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਕਦੇ ਵੀ ਸਕੂਲ ਦਾ ਮੂੰਹ ਨਹੀਂ ਵੇਖਿਆ ਅਤੇ ਪਰਿਵਾਰ ਲਈ ਰੋਟੀ ਦਾ ਪ੍ਰਬੰਧ ਕਰਨ ਲਈ ਉਨ੍ਹਾਂ ਨੂੰ ਇਹ ਕੰਮ ਕਰਨ ਵਿਚ ਹੀ ਖ਼ੁਸ਼ੀ ਦੀ ਪ੍ਰਾਪਤੀ ਹੁੰਦੀ ਹੈ। ਇਨ੍ਹਾਂ ਬੱਚੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਨਾਲ ਲੱਗਦੀਆਂ ਝੌਂਪੜੀਆਂ 'ਚ ਰਹਿੰਦੇ 15-20 ਬੱਚੇ ਵੀ ਇਹੀ ਕੰਮ ਕਰਦੇ ਹਨ। ਪਰਿਵਾਰ ਅਤੇ ਬੱਚਿਆਂ ਦੀ ਭੁੱਖ ਲਈ ਇਕ ਮਜ਼ਦੂਰ ਔਰਤ ਸ਼ਾਂਤੀ ਦੇਵੀ ਹਰ ਰੋਜ਼ ਸਵੇਰ ਤੋਂ ਹੀ ਅਨਾਜ ਮੰਡੀ ਦੇ ਬਾਹਰ ਸੜ੍ਹਕ 'ਤੇ ਖਿੱਲਰੇ ਦਾਣੇ ਇੱਕਠੇ ਕਰਨ ਵਿਚ ਜੁੱਟ ਜਾਂਦੀ ਹੈ। ਇਸ ਕੰਮ ਵਿਚ ਉਸ ਨੂੰ ਨਾ ਆਪਣੀ ਭੁੱਖ-ਪਿਆਸ ਦਾ ਹੀ ਖਿਆਲ ਰਹਿੰਦਾ ਹੈ ਅਤੇ ਨਾ ਹੀ ਕੜਕਦੀ ਧੁੱਪ ਦੀ ਹੀ ਕੋਈ ਪਰਵਾਹ ਹੁੰਦੀ ਹੈ। ਸ਼ਾਂਤੀ ਵਾਂਗ ਕਈ ਹੋਰ ਔਰਤਾਂ ਵੀ ਤੜਕੇ 6 ਵਜੇ ਹੀ ਦਾਣਾ ਮੰਡੀ ਦੇ ਬਾਹਰ ਪਹੁੰਚ ਜਾਂਦੀਆਂ ਹਨ ਅਤੇ ਉਹ ਪੂਰਾ ਦਿਨ ਮੰਡੀ ਵਿਚ ਜਾਂਦੀਆਂ ਫ਼ਸਲ ਦੀਆਂ ਟਰਾਲੀਆਂ ਵਿਚ ਕਿਰਦੇ ਥੋੜ੍ਹੇ-ਥੋੜ੍ਹੇ ਦਾਨਿਆਂ ਨੂੰ ਇੱਕਠਾ ਕਰਨ ਵਿਚ ਦਿਨ ਗੁਜ਼ਾਰ ਦਿੰਦੀਆਂ ਹਨ। ਆਮ ਦਿਨਾਂ ਵਿਚ ਮਜ਼ਦੂਰੀ ਦਾ ਕੰਮ ਕਰਦੀਆਂ ਇਨ੍ਹਾਂ ਔਰਤਾਂ ਨੇ ਦੱਸਿਆ ਕਿ ਕਣਕ ਦਾ ਸੀਜ਼ਨ ਹੋਣ ਕਰਕੇ ਉਹ ਮੰਡੀ ਦੇ ਬਾਹਰਲੇ ਗੇਟਾਂ ਕੋਲ ਬੈਠ ਕੇ ਅੰਦਰ ਜਾਂਦੀਆਂ ਫ਼ਸਲ ਦੀਆਂ ਭਰੀਆਂ ਟਰਾਲੀਆਂ ਵਿਚੋਂ ਸੜ੍ਹਕ 'ਤੇ ਡਿੱਗਦੇ ਦਾਣਿਆਂ ਨੂੰ ਹਰ ਰੋਜ਼ ਇੱਕਠੇ ਕਰਨ ਲਈ ਇੱਥੇ ਆਉਂਦੀਆਂ ਹਨ ਅਤੇ ਸੜ੍ਹਕ 'ਤੇ ਖਿੱਲਰੇ ਹੋਏ ਮੁੱਠੀ-ਮੁੱਠੀ ਦਾਣੇ ਆਪਣੇ ਪਰਿਵਾਰ ਲਈ ਇੱਕਠੇ ਕਰਕੇ ਕਈ ਦਿਨਾਂ ਦੇ ਭੋਜਨ ਦਾ ਪ੍ਰਬੰਧ ਕਰ ਲੈਂਦੀਆਂ ਹਨ। ਔਰਤਾਂ ਨੇ ਦੱਸਿਆ ਕਿ ਗਰੀਬੀ ਉਨ੍ਹਾਂ ਦੇ ਨਸੀਬ ਵਿਚ ਹੀ ਲਿਖੀ ਹੋਈ ਹੈ ਅਤੇ ਕੋਈ ਵੀ ਉਨ੍ਹਾਂ ਦੀ ਜ਼ਿੰਦਗੀ ਨਹੀਂ ਬਦਲ ਸਕਦਾ ਅਤੇ ਪਰਿਵਾਰ ਪਾਲਣ ਲਈ ਉਨ੍ਹਾਂ ਨੂੰ ਹਰ ਰੋਜ਼ ਹੀ ਮਿਹਨਤ-ਮਜ਼ਦੂਰੀ ਕਰਨੀ ਪੈਂਦੀ ਹੈ, ਭਾਵੇ ਮਜ਼ਦੂਰ ਦਿਵਸ ਹੋਵੇ ਚਾਹੇ ਕੋਈ ਹੋਰ ਦਿਨ, ਉਨ੍ਹਾਂ ਲਈ ਇਸ ਦੇ ਕੋਈ ਵੀ ਮਾਅਨੇ ਨਹੀਂ ਹਨ, ਕਿਉਂਕਿ ਅੱਜ ਦੀ ਹੱਡ ਭੰਨਵੀ ਮਿਹਨਤ ਤੋਂ ਬਾਅਦ ਅਗਲੀ ਸਵੇਰ ਫਿਰ ਤੋਂ ਉਨ੍ਹਾਂ ਨੂੰ ਹੋਰ ਸਖ਼ਤ ਮਿਹਨਤ ਕਰਨੀ ਪੈਣੀ ਹੈ। ਮੂਲ ਰੂਪ ਵਿਚ ਉੜੀਸਾ ਦੇ ਰਹਿਣ ਵਾਲੇ ਮੂਰਤੀਕਾਰ 45 ਸਾਲਾ ਪ੍ਰਮੋਦ ਕੁਮਾਰ ਨੇ ਦੱਸਿਆ ਕਿ ਉਸ ਨੇ ਪੂਰੀ ਉਮਰ ਭਗਵਾਨ ਦੀਆਂ ਮੂਰਤੀਆਂ ਬਣਾਉਣ ਅਤੇ ਮੰਦਿਰ 'ਤੇ ਭਵਨ ਸਜਾਉਣ ਦੇ ਕੰਮ 'ਤੇ ਲੱਗਾ ਦਿੱਤੀ ਹੈ। ਨੇੜਲੇ ਪਿੰਡ ਚਹਿਲਾਂ ਵਿਖੇ ਕਿਰਾਏ ਦੇ ਕਮਰੇ ਵਿਚ ਪਰਿਵਾਰ ਸਮੇਤ ਰਹਿੰਦੇ ਇਸ ਮੂਰਤੀਕਾਰ ਦਾ ਕਹਿਣਾ ਹੈ ਕਿ ਇਸ ਕੰਮ ਤੋਂ ਮਿਲਦੇ ਮਿਹਨਤਨਾਮੇ ਨਾਲ ਉਹ ਸਿਰਫ ਆਪਣੇ ਪਰਿਵਾਰ ਦਾ ਢਿੱਡ ਹੀ ਭਰ ਸਕਦਾ ਹੈ। ਇਸ ਤੋਂ ਵੱਧ ਕੇ ਸੋਚਣਾ ਵੀ ਉਸ ਦੇ ਲਈ ਬੇਕਾਰ ਹੈ। ਉਸ ਨੇ ਦੱਸਿਆ ਕਿ ਬਚਪਨ ਤੋਂ ਹੀ ਉਹ ਇਹ ਕੰਮ ਕਰਦਾ ਆ ਰਿਹਾ ਹੈ ਅਤੇ ਰੁਜ਼ਗਾਰ ਦੀ ਭਾਲ ਵਿਚ ਉਹ ਕਈ ਸਾਲ ਪਹਿਲਾ ਪਰਿਵਾਰ ਸਮੇਤ ਪੰਜਾਬ ਆ ਗਿਆ ਸੀ। ਇੱਥੇ ਆ ਕੇ ਵੀ ਉਹ ਇੰਨੇ ਸਾਲਾ ਵਿਚ ਆਪਣਾ ਘਰ ਨਹੀਂ ਬਣਾ ਸਕਿਆ। ਹਾਂ ਇੰਨਾ ਜ਼ਰੂਰ ਹੈ ਕਿ ਉਸ ਦੇ ਪਰਿਵਾਰ ਨੂੰ ਭਰ ਪੇਟ ਖਾਣਾ ਜ਼ਰੂਰ ਨਸੀਬ ਹੋ ਜਾਂਦਾ ਹੈ। ਪ੍ਰਮੋਦ ਕੁਮਾਰ ਨੇ ਦੱਸਿਆ ਕਿ 5-6 ਸਾਲਾ ਤੋਂ ਉਸ ਦਾ ਛੋਟਾ ਭਰਾ ਵੀ ਕੰਮ ਵਿਚ ਹੱਥ ਵਟਾਉਣ ਲਈ ਉਸ ਕੋਲ ਆ ਗਿਆ ਅਤੇ ਹੁਣ ਉਹ ਦੂਰ-ਦੂਰ ਤੱਕ ਭਗਵਾਨ ਦੀਆਂ ਮੂਰਤੀਆਂ ਤੇ ਮੰਦਿਰਾਂ ਦੇ ਭਵਨ ਦੀ ਸ਼ਿਲਪਕਾਰੀ ਰਾਹੀ ਸਜਾਵਟ ਕਰਨ ਲਈ ਜਾਂਦੇ ਹਨ। ਪ੍ਰਮੋਦ ਕੁਮਾਰ ਨੇ ਦੱਸਿਆ ਕਿ ਮਜ਼ਦੂਰੀ ਅਤੇ ਮਜ਼ਬੂਰੀ ਦੀ ਇਸ ਜ਼ਿੰਦਗੀ ਵਿਚੋਂ ਆਪਣੇ ਪਰਿਵਾਰ ਨੂੰ ਕੱਢਣ ਲਈ ਉਹ ਔਖੇ-ਸੌਖੇ ਆਪਣੇ ਬੇਟੇ ਨੂੰ ਬੀ. ਟੈੱਕ. ਸਾਫਟਵੇਅਰ ਕਰਵਾ ਰਿਹਾ ਹੈ ਅਤੇ ਉਸ ਦੀ ਬੇਟੀ ਵੀ ਸਰਕਾਰੀ ਸਕੂਲ ਤੋਂ 10+1 ਕਾਮਰਸ ਵਿਚ ਕਰ ਰਹੀ ਹੈ।

## ਮੋਗਾ ਦੇ ਮੈਡੀਕਲ ਸਟੋਰ 'ਤੇ ਛਾਪੇਮਾਰੀ ਦੌਰਾਨ ਪਾਬੰਦੀਸ਼ੁਦਾ ਗੋਲੀਆਂ ਤੇ ਸ਼ੀਸ਼ੀਆਂ ਬਰਾਮਦ


ਮੋਗਾ 7 ਮਈ। ਮੋਗਾ ਪੁਲਸ ਵੱਲੋਂ ਲਗਾਤਾਰ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਨਸ਼ਾ ਤਸਕਰਾਂ ਦੇ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਹਿਤ ਦੇਰ ਰਾਤ ਗੁਰੂ ਜੀ ਮੈਡੀਕਲ ਸਟੋਰ ਮੇਨ ਚੌਂਕ ਵਿਖੇ ਡਰੱਗ ਇੰਸਪੈਕਟਰ ਤੇ ਪੁਲਸ ਵੱਲੋਂ ਸਾਂਝੇ ਤੌਰ 'ਤੇ ਅਦਾਲਤ ਦੇ ਹੁਕਮਾਂ ਅਨੁਸਾਰ ਰੇਡ ਕੀਤੀ ਗਈ। ਇਸ ਦੌਰਾਨ 1080 ਗੋਲੀਆਂ ਅਤੇ ਚਾਰ ਸ਼ੀਸ਼ੀਆਂ ਬਰਾਮਦ ਕੀਤੀਆਂ ਗਈਆਂ। ਜਾਣਕਾਰੀ ਦਿੰਦੇ ਹੋਏ ਡੀਐੱਸਪੀ ਸਿਟੀ ਰਵਿੰਦਰ ਸਿੰਘ ਨੇ ਦੱਸਿਆ ਕਿ ਅਦਾਲਤ ਦੇ ਹੁਕਮਾਂ ਅਨੁਸਾਰ ਅੱਜ ਗੁਰੂ



ਜੀ ਮੈਡੀਕਲ ਸਟੋਰ ਦੇ ਉੱਪਰ ਰੇਡ ਕੀਤੀ ਗਈ ਜਿਸ ਵਿੱਚ 1080 ਗੋਲੀਆਂ ਅਤੇ ਚਾਰ ਸ਼ੀਸ਼ੀਆਂ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪਿਛਲੇ ਦਿਨੀ ਵਿਜੇ ਕੁਮਾਰ ਜੋ ਕਿ ਕੈਂਪ ਭੀਮ ਨਗਰ ਦਾ ਰਹਿਣ ਵਾਲਾ, ਕੋਲੋਂ 4 ਕਰੋੜ 20 ਲੱਖ 28 ਹਜ਼ਾਰ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਅਤੇ 52500 ਡਰੱਗ ਮਨੀ ਬਰਾਮਦ ਕੀਤੀ ਗਈ ਸੀ। ਉਸ ਦੀ ਪੁੱਛਗਿੱਛ ਦੌਰਾਨ ਗੁਰੂ ਜੀ ਮੈਡੀਕਲ ਸਟੋਰ ਦੇ ਮਾਲਕ ਦੀਪ ਗੋਇਲ ਦਾ ਨਾਮ ਨਾਮਜ਼ਦ ਕੀਤਾ ਗਿਆ ਸੀ ਅਤੇ ਦੁਕਾਨਦਾਰ ਦੁਕਾਨ ਬੰਦ ਕਰਕੇ ਫਰਾਰ ਹੋ ਗਿਆ ਸੀ ਜਿਸ ਦੇ ਚਲਦੇ ਕਾਰਵਾਈ ਕਰਦੇ ਹੋਏ ਦੁਕਾਨ 'ਤੇ ਰੇਡ ਕੀਤੀ ਅਤੇ ਦੁਕਾਨ ਵਿੱਚੋਂ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਸਾਡੇ ਨਾਲ ਮੋਗਾ ਡਰੱਗ ਇੰਸਪੈਕਟਰ ਨਵਦੀਪ ਸੰਧੂ ਵੀ ਮੌਜੂਦ ਰਹੇ।

## ਜਲੰਧਰ ਵਿਚ 11 ਦਿਨ ਬੀਤਣ ਮਗਰੋਂ ਵੀ ਪੁਲਸ ਵਕੀਲ ਦੀ ਲਾਸ਼ ਨਹੀਂ ਕਰ ਸਕੀ ਬਰਾਮਦ

ਜਲੰਧਰ 7 ਮਈ। ਜਲੰਧਰ-ਫਗਵਾੜਾ ਹਾਈਵੇਅ 'ਤੇ ਬਣੇ ਫਲੈਟਾਂ ਵਿਚੋਂ ਸ਼ੱਕੀ ਹਾਲਾਤ ਵਿਚ ਲਾਪਤਾ ਹੋਏ ਵਕੀਲ ਦੇ ਅਗਵਾ ਤੋਂ ਬਾਅਦ ਕਤਲ ਦੇ ਮਾਮਲੇ ਨੂੰ ਲਗਭਗ 11 ਦਿਨ ਬੀਤ ਜਾਣ ਦੇ ਬਾਅਦ ਵੀ ਪੁਲਸ ਵਕੀਲ ਦੀ ਲਾਸ਼ ਬਰਾਮਦ ਨਹੀਂ ਕਰ ਸਕੀ। ਦੂਜੇ ਪਾਸੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਸਨਸਨੀਖੇਜ਼ ਮਾਮਲੇ ਨੂੰ ਅੰਜਾਮ ਦੇਣ ਵਾਲੇ ਗੁਜਰਾਤ ਤੋਂ ਫੜੇ ਗਏ ਮੁੱਖ ਮੁਲਜ਼ਮ ਤੋਂ ਪੁਲਸ ਵਕੀਲ ਅਤੇ ਔਰਤ ਦੀਆਂ ਲਾਸ਼ਾਂ ਬਾਰੇ ਪੁੱਛਗਿੱਛ ਕਰ ਰਹੀ ਹੈ। ਪੁਲਸ ਨੂੰ ਫੜੇ ਗਏ ਮੁਲਜ਼ਮ ਅਤੇ ਉਸਦੇ ਕੁਝ ਹੋਰ ਸਾਥੀਆਂ ਤੋਂ ਕਈ ਅਹਿਮ ਸੁਰਾਗ ਮਿਲੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਫੜੇ



ਗਏ ਮੁਲਜ਼ਮ ਅਤੇ ਉਸ ਦੇ ਕੁਝ ਸਾਥੀਆਂ ਨੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮ੍ਰਿਤਕਾਂ ਦੀਆਂ ਲਾਸ਼ਾਂ ਲੁਧਿਆਣਾ ਦੇ ਗੰਦੇ ਨਾਲੇ, ਦਰਿਆ ਜਾਂ ਕਿਸੇ ਨਹਿਰ ਜਾਂ ਹੋਰ ਥਾਂ 'ਤੇ ਦਬਾਈਆਂ ਹੋਈਆਂ ਹਨ। ਫਿਲਹਾਲ ਪੁਲਸ ਇਸ ਮਾਮਲੇ ਦੀ ਕਈ ਹੋਰ ਪਹਿਲੂਆਂ ਤੋਂ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਸੂਤਰਾਂ ਮੁਤਾਬਕ ਇਸ ਸਨਸਨੀਖੇਜ਼ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਹੋਰ ਫ਼ਰਾਰ ਮੁਲਜ਼ਮਾਂ ਦੀ ਭਾਲ ਵਿਚ ਪੁਲਸ ਟੀਮਾਂ ਪੰਜਾਬ, ਬਿਹਾਰ ਅਤੇ ਯੂ. ਪੀ. ਲਈ ਰਵਾਨਾ ਹੋ ਗਈਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ ਵਿਚ ਗ੍ਰਿਫ਼ਤਾਰ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਪੁਲਸ ਨੂੰ ਕਈ ਅਹਿਮ ਸੁਰਾਗ ਮਿਲੇ ਹਨ। ਦੂਜੇ ਪਾਸੇ ਸੰਪਰਕ ਕਰਨ 'ਤੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਇਸ ਮਾਮਲੇ ਨੂੰ ਟ?ਰੇਸ ਕਰਨ ਲਈ ਕਮਿਸ਼ਨਰੇਟ ਅਤੇ ਫਗਵਾੜਾ-ਕਪੂਰਥਲਾ ਪੁਲਸ ਸਾਂਝੇ ਤੌਰ 'ਤੇ ਕੰਮ ਕਰ ਰਹੀ ਹੈ। ਫਿਲਹਾਲ ਪੁਲਸ ਨੇ ਇਸ ਮਾਮਲੇ ਵਿਚ ਕਈ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

## ਪਤੀ ਨਾਲ ਕੁੱਟਮਾਰ ਕਰਨ ਵਾਲੀ ਪਤਨੀ ਤੇ ਸਹੁਰਿਆਂ ਖ਼ਿਲਾ.ਫ ਮਾਮਲਾ ਦਰਜ

ਲੁਧਿਆਣਾ 7 ਮਈ। ਥਾਣਾ ਮਿਹਰਬਾਨ ਦੀ ਪੁਲਸ ਨੇ ਪਤੀ ਦੇ ਨਾਲ ਕੁੱਟਮਾਰ ਕਰਨ ਵਾਲੀ ਪਤਨੀ ਤੇ ਸਹੁਰਾ ਪਰਿਵਾਰ ਦੇ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਥਾਣੇਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਮਿਹਰਬਾਨ ਦੇ ਰਹਿਣ ਵਾਲੇ ਜਸਪ੍ਰੀਤ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਪਤਨੀ ਗਗਨਪ੍ਰੀਤ ਕੌਰ ਆਪਣੇ ਪੇਕੇ ਘਰ ਰਹਿੰਦੀ ਹੈ। ਪੀੜਤ ਨੇ ਦੱਸਿਆ ਕਿ ਉਸ ਦੀ ਪਤਨੀ 24 ਅਪ੍ਰੈਲ ਨੂੰ ਆਪਣੇ ਪੇਕੇ ਪਰਿਵਾਰ ਦੇ ਮੈਂਬਰਾਂ ਦੇ ਨਾਲ ਉਸ ਦੇ ਘਰ ਆਈ ਤੇ ਉਸ ਨਾਲ ਕੁੱਟਮਾਰ ਕਰਦਿਆਂ ਘਰ ਵਿਚ ਰੱਖੇ ਸਾਮਾਨ ਦੀ ਭੰਨਤੋੜ ਕਰਦਿਆਂ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਫ਼ਰਾਰ ਹੋ ਗਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਗਗਨਪ੍ਰੀਤ ਕੌਰ, ਜਸਵੀਰ ਸਿੰਘ, ਸੁਰਜੀਤ ਕੌਰ, ਜਸਪ੍ਰੀਤ ਸਿੰਘ, ਰੀਮਾ ਕੁਮਾਰੀ ਵਾਸੀ ਕੈਪਟਨ ਕਾਲੋਨੀ ਦੇ ਖ਼?ਲਾਫ਼ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪੁਲਸ ਨੇ ਬਜ਼ੁਰਗ ਔਰਤ ਦੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ, ਬੇਟੇ ਦੇ ਦੋਸਤ ਨੇ ਦਿੱਤਾ ਸੀ ਵਾਰਦਾਤ ਨੂੰ ਅੰਜਾਮ

ਅੰਮ੍ਰਿਤਸਰ 7 ਮਈ। ਕਮਿਸ਼ਨਰੇਟ ਪੁਲਸ ਨੇ ਬਟਾਲਾ ਰੋਡ ਸਥਿਤ ਵਿਜੇ ਨਗਰ ਦੀ ਰਹਿਣ ਵਾਲੀ 70 ਸਾਲਾ ਬਜ਼ੁਰਗ ਔਰਤ ਸੁਨੀਤਾ ਦੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਾ ਲਈ ਹੈ, ਜਿਸ ਵਿਚ ਕਾਤਲ ਤਿਕਸ਼ਣ ਸੂਦ ਵਾਸੀ ਅਮਨ ਐਵੇਨਿਊ, ਲੁਧਿਆਣਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੁਲਜ਼ਮ ਮ੍ਰਿਤਕ ਸੁਨੀਤਾ ਦੇ ਪੁੱਤਰ ਅੰਕੁਰ ਮਹਾਜਨ ਦਾ ਦੋਸਤ ਸੀ। ਇਸ ਵੇਲੇ ਮੁਲਜ਼ਮ ਮਾਣਯੋਗ ਅਦਾਲਤ ਦੇ ਨਿਰਦੇਸ਼ਾਂ ਅਨੁਸਾਰ ਜਾਂਚ ਲਈ ਪੁਲਸ ਰਿਮਾਂਡ 'ਤੇ ਹੈ। ਇਹ ਖੁਲਾਸਾ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਅੰਕੁਰ ਮਹਾਜਨ ਆਪਣੀ ਮਾਂ ਸੁਨੀਤਾ ਨਾਲ ਰਹਿੰਦਾ ਸੀ। ਹਰ ਰੋਜ਼ ਵਾਂਗ ਉਹ ਕੰਮ 'ਤੇ ਚਲਾ ਗਿਆ ਅਤੇ ਉਸ ਦੀ ਮਾਂ ਘਰ ਵਿਚ ਮੌਜੂਦ ਸੀ, ਜਦੋਂ ਉਹ ਰਾਤ 8:30 ਵਜੇ ਦੇ ਕਰੀਬ ਆਪਣੇ ਦੋਸਤ ਨਾਲ ਘਰ ਵਾਪਸ ਆਇਆ ਤਾਂ ਉਸ ਨੇ ਦੇਖਿਆ ਕਿ ਘਰ ਦਾ ਦਰਵਾਜ਼ਾ ਖੁੱਲ੍ਹਾ ਸੀ ਅਤੇ ਉਸ ਦੀ ਮਾਂ ਦੀ ਲਾਸ਼ ਡਰਾਇੰਗ ਰੂਮ ਵਿਚ ਪਈ ਸੀ। ਉਸ ਨੂੰ ਦੇਖ ਕੇ ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਦਾ ਗਲਾ ਘੁੱਟ




ਕੇ ਕਤਲ ਕਰ ਦਿੱਤਾ ਹੋਵੇ। ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਅਤੇ 24 ਘੰਟਿਆਂ ਦੇ ਅੰਦਰ-ਅੰਦਰ ਵਿਜੇ ਨਗਰ ਪੁਲਸ ਚੌਕੀ ਦੇ ਇੰਚਾਰਜ ਏ. ਐੱਸ. ਆਈ. ਗੁਰਜੀਤ ਸਿੰਘ ਅਤੇ ਐੱਸ. ਆਈ. ਰਵੀ ਕੁਮਾਰ ਨੇ ਮਾਮਲੇ ਦੀ ਜਾਂਚ ਕੀਤੀ ਅਤੇ ਮੁਲਜ਼ਮ ਕਾਤਲ ਤੀਕਸ਼ਣ ਸੂਦ ਨੂੰ ਗ੍ਰਿਫ਼ਤਾਰ ਕਰ ਲਿਆ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਅੰਕੁਰ ਮਹਾਜਨ ਅਤੇ ਤੀਕਸ਼ਣ ਸੂਦ ਦੋਸਤ ਸਨ। ਮੁਲਜ਼ਮ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਅੰਕੁਰ ਮਹਾਜਨ ਦੇ ਕੰਮ 'ਤੇ ਜਾਣ ਤੋਂ ਬਾਅਦ ਉਸ ਦੀ ਮਾਂ ਘਰ ਵਿਚ ਇਕੱਲੀ ਰਹਿੰਦੀ ਹੈ। ਉਹ ਚੋਰੀ ਕਰਨ ਦੇ ਇਰਾਦੇ ਨਾਲ ਉਸ ਦੇ ਘਰ ਦਾਖਲ ਹੋਇਆ, ਜਿੱਥੇ ਉਸ ਦੀ ਮਾਂ ਨੇ ਉਸ ਨੂੰ ਪਛਾਣ ਲਿਆ। ਇਹੀ ਕਾਰਨ ਸੀ ਕਿ ਉਸ ਨੇ ਸੁਨੀਤਾ ਦਾ ਕਤਲ ਕਰ ਦਿੱਤਾ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

### ਲੁਧਿਆਣੇ 'ਚ 2 ਲੱਖ ਰੁਪਏ ਦੀ ਲੁੱਟ !

ਲੁਧਿਆਣਾ 7 ਮਈ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਜੱਸੀਆ ਰੋਡ 'ਤੇ ਬੀਤੀ ਰਾਤ ਲੁਟੇਰਿਆਂ ਨੇ ਇਕ ਕਰਿਆਨੇ ਦੀ ਦੁਕਾਨ ਤੋਂ 2 ਲੱਖ ਰੁਪਏ ਲੁੱਟ ਲਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੁਕਾਨਦਾਰ ਸੁਰਿੰਦਰ ਸਿੰਘ ਤੇ ਉਸ ਦੇ ਪਿਤਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਤਕਰੀਬਨ 10 ਵਜੇ ਉਹ ਆਪਣੀ ਦੁਕਾਨ ਬੰਦ ਕਰ ਰਹੇ ਸਨ ਤੇ ਇਸੇ ਦੌਰਾਨ ਦੁਕਾਨ ਦੇ ਅੰਦਰ ਚਾਰ ਅਣਪਛਾਤੇ ਨੌਜਵਾਨ ਪਿਸਤੌਲ ਤੇ ਦਾਤ ਲੈ ਕੇ ਦਾਖ਼ਲ ਹੋ ਗਏ। ਇਸ ਮਗਰੋਂ ਲੁਟੇਰੇ ਨੇ ਉਸ ਦੇ ਪਿਤਾ 'ਤੇ ਦਾਤ ਨਾਲ ਹਮਲਾ ਕਰ ਦਿੱਤਾ ਤੇ ਕਾਊਂਟਰ ਉੱਪਰ ਪਈ 2 ਲੱਖ ਰੁਪਏ ਦੀ ਨਕਦੀ ਲੁੱਟ ਕੇ ਫ਼ਰਾਰ ਹੋ ਗਏ।

## 2 ਦਿਨਾਂ ਲਈ ਜਾਰੀ ਹੋਈ ਟਰੈਫਿਕ ਐਡਵਾਈਜ਼ਰੀ, ਭੁੱਲ ਕੇ ਵੀ ਇਨ੍ਹਾਂ ਰੂਟਾਂ 'ਤੇ ਨਾ ਨਿਕਲਿਓ

ਚੰਡੀਗੜ੍ਹ 7 ਮਈ। ਸ਼ਹਿਰ 'ਚ ਵਿਸ਼ੇਸ਼ ਟ?ਰੈਫਿਕ ਪ੍ਰਬੰਧਾਂ ਕਾਰਨ 2 ਤੇ 7 ਮਈ ਨੂੰ ਕਈ ਰੂਟਾਂ ਦੀ ਆਵਾਜਾਈ 'ਤੇ ਪਾਬੰਦੀ ਲਾਈ ਗਈ ਹੈ। ਸਵੇਰੇ 5:30 ਤੋਂ 9:30 ਵਜੇ ਤੱਕ ਕਿਸੇ ਨੂੰ ਵੀ ਇਨ੍ਹਾਂ ਰੂਟਾਂ 'ਤੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਯਾਤਰੀਆਂ ਨੂੰ ਅਸੁਵਿਧਾ ਤੋਂ ਬਚਣ ਲਈ ਬਦਲਵੇਂ ਰਸਤਿਆਂ 'ਤੇ ਜਾਣ ਦੀ ਸਲਾਹ ਦਿੱਤੀ ਗਈ ਹੈ। ਸੁਚਾਰੂ ਆਵਾਜਾਈ ਤੇ ਸਮੇਂ 'ਤੇ ਮੰਜ਼ਿਲ 'ਤੇ ਪਹੁੰਚਣ ਲਈ ਵਾਹਨ ਚਾਲਕ ਉਕਤ ਰਸਤਿਆਂ 'ਤੇ ਨਾ ਜਾਣ। ਯੂ. ਟੀ. ਸਕੱਤਰੇਤ ਪਿੱਛੇ ਪਾਰਕਿੰਗ ਏਰੀਆ, ਸੈਕਟਰ-9 ਤੋਂ ਮਟਕਾ ਚੌਂਕ, ਸੈਕਟਰ-16/17 ਲਾਇਟ ਪੁਆਇੰਟ, ਲਾਇਨਸ ਲਾਇਟ ਪੁਆਇੰਟ ਤੋਂ ਐੱਮ. ਸੀ. ਸਮਾਲ ਚੌਂਕ, ਹੋਟਲ ਸ਼ਿਵਾਲਿਕ ਵਿਊ ਨੇੜੇ ਟੀ-ਪੁਆਇੰਟ, ਤਿਰੰਗਾ ਪਾਰਕ ਵੱਲ। ਜੀ.ਐੱਮ.ਐੱਸ.ਐੱਸ.ਐੱਸ ਸੈਕਟਰ 16 ਤੋਂ 16/17 ਲਾਇਟ ਪੁਆਇੰਟ, ਲਾਇਨਸ ਲਾਈਟ ਪੁਆਇੰਟ, ਐੱਮ. ਸੀ. ਸਮਾਲ ਚੌਂਕ, ਤਿਰੰਗਾ ਪਾਰਕ ਵੱਲ। ਜੀ.ਐੱਮ.ਐੱਸ.ਚੌਂਕ, ਸੈਕਟਰ-16/17 ਲਾਇਟ ਪੁਆਇੰਟ, ਲਾਇਨਸ ਲਾਇਟ ਪੁਆਇੰਟ ਤੋਂ ਐੱਮ. ਸੀ. ਸਮਾਲ ਚੌਂਕ, ਹੋਟਲ ਸ਼ਿਵਾਲਿਕ ਵਿਊ ਨੇੜੇਐੱਸ.ਐੱਸ. ਸੈਕਟਰ 22 ਤੋਂ ਗੁਰਦਿਆਲ ਸਿੰਘ ਪੈਟਰੋਲ ਪੰਪ, ਕ੍ਰਿਕਟ ਸਟੇਡੀਅਮ ਚੌਂਕ, ਸ਼ਿਵਾਲਿਕ ਹੋਟਲ ਵੱਲ। ਸਰਕਾਰੀ ਗ੍ਰਹਿ ਵਿਗਿਆਨ ਕਾਲਜ, ਸੈਕਟਰ-10 ਤੋਂ ਮਟਕਾ ਚੌਂਕ, ਤਾਜ ਲਾਈਟ ਪੁਆਇੰਟ, ਲਾਇਨਸ ਲਾਇਟ ਪੁਆਇੰਟ, ਸਿੱਧਾ ਐੱਮ. ਸੀ. ਸਮਾਲ ਚੌਂਕ ਤੋਂ ਤਿਰੰਗਾ ਪਾਰਕ ਵੱਲ। ਐੱਮ.ਸੀ. ਦਫ਼ਤਰ ਸੈਕਟਰ-17 ਤੋਂ ਐੱਮ.ਸੀ. ਸਮਾਲ ਚੌਂਕ, ਤਿਰੰਗਾ ਪਾਰਕ ਵੱਲ। ਜੀ.ਜੀ.ਐੱਮ.ਐੱਸ.ਐੱਸ.ਐੱਸ. ਸੈਕਟਰ-18 ਤੋਂ 17/18 ਲਾਈਟ ਪੁਆਇੰਟ, ਸਾਹਬ ਸਿੰਘ ਲਾਇਟ ਪੁਆਇੰਟ, ਆਈ.ਐੱਸ.ਬੀ.ਟੀ.-17 ਦੇ ਪਿਛਲੇ ਪਾਸੇ ਤਿਰੰਗਾ ਪਾਰਕ ਵੱਲ।

## ਹਾਏ ਓ ਰੱਬਾ ਇੰਨਾ ਕਹਿਰ, ਪਿੰਡ ਅਦਲੀਵਾਲ 'ਚ ਗੁਜਰਾਂ ਦੇ 35 ਤੋਂ 40 ਦੁਧਾਰੂ ਪਸ਼ੂ ਅੱਗ ਦੀ ਲਪੇਟ 'ਚ ਆਏ

ਰਾਜਾਸਾਂਸੀ 7 ਮਈ। ਬੀਤੀ ਰਾਤ ਪਿੰਡ ਅਦਲੀਵਾਲ ਵਿਖੇ ਖੇਤਾਂ ਦੇ ਨਾੜ ਨੂੰ ਅੱਗ ਲੱਗਣ ਕਾਰਨ ਗੁੱਜਰਾਂ ਦੇ 5 ਡੇਰੇ ਭਿਆਨਕ ਅੱਗ ਦੀ ਲਪੇਟ 'ਚ ਆ ਗਏ। ਇਸ ਦੌਰਾਨ ਕਰੀਬ 40 ਦੁੱਧਰੂ ਮੱਝਾਂ ਮਰਨ, 35 ਤੋਂ 40 ਝੁਲਸਣ ਅਤੇ ਲੱਖਾਂ ਦੇ ਗਹਿਣੇ ਤੇ ਨਕਦੀ ਸੜਕੇ ਸੁਆਹ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਪੀੜਤ ਗੁੱਜਰ ਮੁਹੰਮਦ ਕਰੀਮ, ਸਦੀਕ, ਬਾਊ, ਰਾਣਾ, ਹੁਸੈਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ ਰਾਤ ਤੇਜ਼ ਹਨ੍ਹੇਰੀ ਕਾਰਨ ਕਣਕ ਦੇ ਨਾੜ 'ਚ ਭਿਆਨਕ ਲੱਗੀ ਹੋਈ ਸੀ, ਜਿਸ 'ਚ 90 ਫੀਸਦੀ ਨੁਕਸਾਨ ਹੋ ਚੁੱਕਿਆ ਸੀ। ਇਸ ਦੌਰਾਨ ਅੱਗ ਤੋਂ ਸੁਲਗਦੀਆਂ ਚਿੰਗਾੜੀਆਂ ਉਨ੍ਹਾਂ ਦੇ ਕੁੱਲੀਆਂ 'ਤੇ ਆ ਡਿੱਗੀਆਂ ਅਤੇ ਦੇਖਦੇ ਹੀ ਦੇਖਦੇ ਕੁੱਲ ਨੂੰ ਭਿਆਨਕ ਅੱਗ ਲੱਗ ਗਈ। ਉਨ੍ਹਾਂ



ਨੇ ਦੱਸਿਆ ਕਿ ਪਰਿਵਾਰ ਦੇ ਮੈਂਬਰਾਂ ਨਾਲ ਅੱਗ ਨੂੰ ਰੋਕਣ ਲਈ ਬਹੁਤ ਕੋਸ਼ਿਸ਼ ਕੀਤੀ ਪਰ ਕੁੱਲ ਅੰਦਰ ਰੱਖੀਂ ਨਗਦੀ ਗਹਿਣੇ ਅਤੇ ਹੋਰ ਵਸਤੂਆਂ ਨੂੰ ਅੱਗ ਲੱਗ ਗਈ। ਅੱਗ ਦੀਆਂ ਲਪਟਾਂ 'ਚ ਪੱਸ਼ੂਆਂ ਦੀ ਕੀਮਤ ਲਗਭਗ ਸਵਾ ਕਰੋੜ ਰੁਪਏ, ਨਕਦੀ ਤੇ ਕਈ ਤੋਲੇ ਸੋਨੇ ਦੇ ਗਹਿਣੇ ਸੜ ਕੇ ਸੁਆਹ ਹੋ ਗਏ। ਇਸ ਮੌਕੇ ਵੈਟਰਨਰੀ ਡਾਕਟਰਾਂ ਦੀ ਟੀਮ ਵੱਲੋਂ ਝੁਲਸੇ ਹੋਏ ਪਸ਼ੂਆਂ ਦਾ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ, ਇਸ ਮੌਕੇ 'ਤੇ ਪੁੱਜੇ ਨਾਇਬ ਤਹਿਸੀਲਦਾਰ ਰੁਮਿੰਦਰਪਾਲ ਸਿੰਘ ਘਟਨਾ ਦਾ ਜਾਇਜ਼ਾ ਲੈਣ ਪਹੁੰਚੇ। ਉਨ੍ਹਾਂ ਆਖਿਆ ਕਿ ਇਸ ਪੀੜਤ ਪਰਿਵਾਰਾਂ ਦੀ ਆਰਥਿਕ ਪੱਖੋਂ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਘਟਨਾ ਵਾਲੀ ਜਗ?ਹਾ 'ਤੇ ਪੁੱਜੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਬਲਦੇਵ ਸਿੰਘ ਮਿਆਦੀਆਂ ਚੇਅਰਮੈਨ ਪਨਗਰੇਨ ਪੰਜਾਬ ਜਾਇਜ਼ਾ ਲਿਆ ਅਤੇ ਪੀੜਤ ਪਰਿਵਾਰਾਂ ਨੂੰ ਸਰਕਾਰ ਵੱਲੋਂ ਪੂਰਨ ਮਦਦ ਕਰਨ ਦਾ ਭਰੋਸਾ ਦਿੱਤਾ ਗਿਆ।

## 16 ਲੱਖ ਰੁਪਏ ਦੀ ਬੈਂਕ ਡਕੈਤੀ 'ਚ ਲੋੜੀਂਦਾ ਮੁਲਜ਼ਮ ਗੈਰ-ਕਾਨੂੰਨੀ ਪਿਸਤੌਲ ਸਮੇਤ ਕਾਬੂ

ਲੁਧਿਆਣਾ 7 ਮਈ। ਕ੍ਰਾਈਮ ਬ੍ਰਾਂਚ ਦੀ ਟੀਮ ਨੇ ਚੰਡੀਗੜ੍ਹ ਰੋਡ 'ਤੇ ਸਥਿਤ ਸੈਕਟਰ-32 'ਚ ਚੈਕਿੰਗ ਦੌਰਾਨ 16 ਲੱਖ ਰੁਪਏ ਦੀ ਬੈਂਕ ਡਕੈਤੀ 'ਚ ਲੋੜੀਂਦੇ ਮੁਲਜ਼ਮ ਨੂੰ ਕਾਬੂ ਕੀਤਾ ਹੈ। ਟੀਮ ਨੇ ਮੁਲਜ਼ਮ ਤੋਂ ਇਕ ਗੈਰ-ਕਾਨੂੰਨੀ ਪਿਸਤੌਲ ਅਤੇ ਇਕ ਜ਼ਿੰਦਾ ਕਾਰਤੂਸ ਬਰਾਮਦ ਕੀਤਾ ਹੈ। ਪੁਲਸ ਨੇ ਮੁਲਜ਼ਮ ਖਿਲਾਫ ਥਾਣਾ ਡਵੀਜ਼ਨ ਨੰ. 7 'ਚ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਮੁਲਜ਼ਮ ਦੀ ਪਛਾਣ ਫਿਰੋਜ਼ਪੁਰ ਦੇ ਰਹਿਣ ਵਾਲੇ ਰਾਕੇਸ਼ ਵਜੋਂ ਕੀਤੀ ਹੈ। ਪੁਲਸ ਨੇ ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ 'ਤੇ ਲੈ ਲਿਆ ਹੈ। ਏ. ਸੀ. ਪੀ. ਰਾਜੇਸ਼ ਸ਼ਰਮਾ ਨੇ ਦੱਸਿਆ ਕਿ ਕ੍ਰਾਈਮ ਬ੍ਰਾਂਚ ਇੰਚਾਰਜ ਇੰਸ. ਬੇਅੰਤ ਜੁਨੇਜਾ ਦੀ ਟੀਮ ਸੈਕਟਰ-32 'ਚ ਸ਼ੱਕੀ ਲੋਕਾਂ ਦੀ ਚੈਕਿੰਗ ਸਬੰਧੀ ਨਾਕਾਬੰਦੀ ਕਰ ਕੇ ਚੈਕਿੰਗ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਕਤ ਮੁਲਜ਼ਮ ਇਲਾਕੇ 'ਚ ਘੁੰਮ ਰਿਹਾ ਹੈ। ਸੂਚਨਾ ਦੇ



ਆਧਾਰ 'ਤੇ ਕਾਰਵਾਈ ਕਰਦੇ ਹੋਏ ਟੀਮ ਨੇ ਮੁਲਜ਼ਮ ਨੂੰ ਕਾਬੂ ਕਰ ਲਿਆ। ਮੁਲਜ਼ਮ ਕੋਚਰ ਮਾਰਕੀਟ ਸਥਿਤ ਪੰਜਾਬ ਨੈਸ਼ਨਲ ਬੈਂਕ 'ਚ ਹੋਈ 16.50 ਲੱਖ ਰੁਪਏ ਦੀ ਡਕੈਤੀ 'ਚ ਸ਼ਾਮਲ ਸੀ। ਮੁਲਜ਼ਮ ਨੇ ਬੈਂਕ 'ਚ ਦਾਖਲ ਹੋ ਕੇ ਬੰਦੂਕ ਦੀ ਨੋਕ 'ਤੇ 16 ਲੱਖ 50 ਹਜ਼ਾਰ ਰੁਪਏ ਦੀ ਡਕੈਤੀ ਕੀਤੀ ਸੀ। ਦੋਸ਼ੀ ਖਿਲਾਫ ਅਗਸਤ 2016 'ਚ ਥਾਣਾ ਡਵੀਜ਼ਨ ਨੰ. 5 'ਚ ਮਾਮਲਾ ਦਰਜ ਕੀਤਾ ਗਿਆ ਸੀ। ਜ਼ਮਾਨਤ ਮਿਲਣ ਤੋਂ ਬਾਅਦ ਮੁਲਜ਼ਮ ਬਾਅਦ 'ਚ ਅਦਾਲਤ 'ਚ ਪੇਸ਼ ਨਹੀਂ ਹੋਇਆ ਸੀ, ਜਿਸ 'ਤੇ ਮਾਣਯੋਗ ਗੁਰਪ੍ਰੀਤ ਕੌਰ ਦੀ ਅਦਾਲਤ ਨੇ ਮੁਲਜ਼ਮ ਨੂੰ 11 ਅਪ੍ਰੈਲ 2025 ਨੂੰ ਭਗੌੜਾ ਕਰਾਰ ਦੇ ਦਿੱਤਾ ਸੀ।

# ਟਰੇਨਾਂ ਦੀ ਦੇਰੀ ਬਣ ਰਹੀ ਪ੍ਰੇਸ਼ਾਨੀ: ਵੈਸ਼ਨੋ ਦੇਵੀ ਸਮਰ ਸਪੈਸ਼ਲ 3 ਘੰਟੇ ਦੇਰੀ ਨਾਲ ਪੁੱਜੀ

ਜਲਧਰ 7 ਮਈ। ਟਰੇਨਾਂ ਦੀ ਦੇਰੀ ਯਾਤਰੀਆਂ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਰਹੀ ਹੈ। ਇਸ ਸਿਲਸਿਲੇ ਵਿਚ ਨਵੀਂ ਦਿੱਲੀ ਤੋਂ ਚੱਲ ਕੇ ਵੈਸ਼ਨੋ ਦੇਵੀ ਜਾਣ ਵਾਲੀ 04081 ਸਮਰ ਸਪੈਸ਼ਲ 3 ਘੰਟੇ ਲੇਟ ਰਹੀ। ਦੁਰਗ ਸੁਪਰਫਾਸਟ 20847 ਦੁਪਹਿਰ 1.30 ਦੇ ਤੈਅ ਸਮੇਂ ਤੋਂ ਢਾਈ ਘੰਟੇ ਲੇਟ ਰਹਿੰਦੇ ਹੋਏ ਸ਼ਾਮ 4 ਵਜੇ ਦੇ ਲਗਭਗ ਕੈਂਟ ਪੁੱਜੀ। ਜਟ ਹਮਸਫਰ ਐਕਸਪ੍ਰੈੱਸ 22705 ਦੁਪਹਿਰ 2.20 ਦੇ ਤੈਅ ਸਮੇਂ ਤੋਂ ਸਵਾ 5 ਘੰਟੇ ਲੇਟ ਰਹਿੰਦੇ ਹੋਏ ਸ਼ਾਮ 7.36 ਵਜੇ ਜਲੰਧਰ ਕੈਂਟ ਪੁੱਜੀ। ਅਜਮੇਰ ਤੋਂ ਆਉਣ ਵਾਲੀ 19613 ਅੰਮ੍ਰਿਤਸਰ ਐਕਸਪ੍ਰੈੱਸ ਲੱਗਭਗ ਸਾਢੇ 4 ਵਜੇ ਲੇਟ ਰਹਿੰਦੇ ਹੋਏ ਦੁਪਹਿਰ 1.30 ਵਜੇ ਦੇ ਲੱਗਭਗ ਸਿਟੀ ਸਟੇਸ਼ਨ 'ਤੇ ਪੁੱਜੀ। 12237 ਬੇਗਮਪੁਰਾ ਐਕਸਪ੍ਰੈੱਸ ਸਵਾ 4 ਘੰਟੇ ਲੇਟ ਰਹਿੰਦੇ ਹੋਏ ਸਵਾ 11 ਵਜੇ ਕੈਂਟ ਸਟੇਸ਼ਨ ਪਹੁੰਚੀ। ਆਗਰਾ-ਹੁਸ਼ਿਆਰਪੁਰ ਐਕਸਪ੍ਰੈੱਸ ਲੱਗਭਗ 50 ਮਿੰਟ ਲੇਟ ਰਹਿੰਦੇ ਹੋਏ ਸਿਟੀ ਸਟੇਸ਼ਨ 'ਤੇ ਪਹੁੰਚੀ। ਉਥੇ ਹੀ, 15707 ਕਟਿਹਾਰ-ਅੰਮ੍ਰਿਤਸਰ ਐਕਸਪ੍ਰੈੱਸ ਸਾਢੇ 3 ਘੰਟੇ ਲੇਟ ਰਹਿੰਦੇ ਹੋਏ ਦੁਪਹਿਰ 2 ਵਜੇ ਦੇ ਲੱਗਭਗ ਸਿਟੀ ਸਟੇਸ਼ਨ 'ਤੇ ਪੁੱਜੀ। ਨਾਂਦੇੜ-ਅੰਮ੍ਰਿਤਸਰ ਸੁਪਰਫਾਸਟ ਐਕਸਪ੍ਰੈੱਸ ਪੌਣਾ ਘੰਟਾ ਲੇਟ ਰਹੀ। ਇਸੇ ਤਰ੍ਹਾਂ ਨਾਲ 15933 ਲਗਭਗ 2 ਘੰਟੇ ਲੇਟ ਸਪਾਟ ਹੋਈ। ਪੁਣੇ ਤੋਂ ਜੰਮੂਤਵੀ ਜਾਣ ਵਾਲੀ 11077 ਜੇਹਲਮ ਐਕਸਪ੍ਰੈੱਸ 3 ਘੰਟੇ ਲੇਟ ਰਹੀ। ਹਾਵੜਾ ਤੋਂ ਅੰਮ੍ਰਿਤਸਰ ਜਾਣ ਵਾਲੀ 13005 ਹਾਵੜਾ ਮੇਲ ਲੱਗਭਗ 1 ਘੰਟੇ ਲੇਟ ਰਹਿੰਦੇ ਹੋਏ ਜਲੰਧਰ ਕੈਂਟ ਸਟੇਸ਼ਨ 'ਤੇ ਪੁੱਜੀ। ਡਾ. ਅੰਬੇਡਕਰ ਨਗਰ ਤੋਂ ਚੱਲਣ ਵਾਲੀ 12919 ਮਾਲਵਾ ਐਕਸਪ੍ਰੈੱਸ ਸਵਾ ਘੰਟਾ ਲੇਟ ਰਹੀ। ਜਾਮ ਨਗਰ ਤੋਂ ਆਉਣ ਵਾਲੀ 12477 ਲੱਗਭਗ ਪੌਣਾ ਘੰਟਾ ਦੇਰੀ ਨਾਲ ਪੁੱਜੀ। ਲੰਮੇ ਰੂਟਾਂ ਦੀਆਂ ਟ?ਰੇਨਾਂ ਦੇ ਨਾਲ-ਨਾਲ ਕਈ ਲੋਕਲ ਟ?ਰੇਨਾਂ ਵੀ ਲੇਟ ਰਹੀਆਂ। ਇਨ੍ਹਾਂ ਵਿਚ 64551 ਲੁਧਿਆਣਾ-ਛੇਹਰਟਾ ਸਵੇਰੇ 9.45 ਤੋਂ ਸਵਾ 2 ਘੰਟੇ ਲੇਟ ਰਹਿੰਦੇ ਹੋਏ 12 ਵਜੇ ਦੇ ਲੱਗਭਗ ਸਿਟੀ ਸਟੇਸ਼ਨ 'ਤੇ ਪੁੱਜੀ। ਜੰਮੂ ਯਾਰਡ ਰੀ-ਮਾਡਲਿੰਗ ਦਾ ਕੰਮ ਪੂਰਾ ਹੋ ਜਾਣ ਕਰਕੇ ਰੱਦ ਕੀਤੀਆਂ



ਗਈਆਂ ਵੱਖ-ਵੱਖ ਟ?ਰੇਨਾਂ ਨੂੰ ਵੀਰਵਾਰ ਤੋਂ ਬਹਾਲ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿਚ ਗੱਡੀ ਨੰਬਰ 12469/12470 (ਜੰਮੂ-ਕਾਨਪੁਰ), 12491/12492 (ਜੰਮੂ-ਬਰੌਨੀ ਹਫਤਾਵਾਰੀ), 14605/14606 (ਜੰਮੂ-ਯੋਗ ਨਗਰੀ ਰਿਸ਼ੀਕੇਸ਼ ਹਫਤਾਵਾਰੀ) ਅਤੇ 12265/12266 (ਜੰਮੂ-ਦਿੱਲੀ ਸਰਾਏ ਰੋਹੇਲਾ ਦੁਰੰਤੋ) ਸ਼ਾਮਲ ਹਨ। ਉਥੇ ਹੀ, 18101/18102 (ਜੰਮੂ-ਟਾਟਾ ਨਗਰ) ਅਤੇ 18309/18310 (ਜੰਮੂ-ਸੰਬਲਪੁਰ), ਜਿਨ੍ਹਾਂ ਨੂੰ ਰੀ-ਮਾਡਲਿੰਗ ਦੌਰਾਨ ਅੰਮ੍ਰਿਤਸਰ ਤੋਂ ਚਲਾਇਆ ਜਾ ਰਿਹਾ ਸੀ, ਹੁਣ ਦੁਬਾਰਾ ਜੰਮੂਤਵੀ ਸਟੇਸ਼ਨ ਤੋਂ ਚਲਾਇਆ ਜਾਵੇਗਾ। ਇਨ੍ਹਾਂ ਸਾਰੀਆਂ ਗੱਡੀਆਂ ਦਾ ਜਲੰਧਰ ਸਟੇਸ਼ਨ ਤੋਂ ਦੁਬਾਰਾ ਠਹਿਰਾਅ ਸ਼ੁਰੂ ਹੋ ਗਿਆ ਹੈ, ਜਿਸ ਨਾਲ ਯਾਤਰੀਆਂ ਨੂੰ ਇਕ ਵਾਰ ਫਿਰ ਪਹਿਲਾਂ ਵਰਗੀ ਸਹੂਲਤ ਪ੍ਰਾਪਤ ਹੋਵੇਗੀ।

### ਮੰਦਰ 'ਚ ਮੂਰਤੀ ਨੂੰ ਅਪਵਿੱਤਰ ਕਰਨ ਨੂੰ ਲੈ ਕੇ ਬਵਾਲ, ਦੋਸ਼ੀ ਮੁੰਡੇ ਦਾ ਪਿਓ ਗ੍ਰਿਫ਼ਤਾਰ

ਪੁਣੇ 7 ਮਈ। ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਇਕ ਮੰਦਰ 'ਚ ਇਕ ਨਾਬਾਲਗ ਮੁੰਡੇ ਵਲੋਂ ਮੂਰਤੀ ਨੂੰ ਅਪਵਿੱਤਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਤੋਂ ਬਾਅਦ ਪੁਲਸ ਨੇ ਉਸ ਨੂੰ ਹਿਰਾਸਤ 'ਚ ਲੈ ਲਿਆ, ਜਦੋਂ ਕਿ ਉਸ ਦੇ ਪਿਤਾ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਘਟਨਾ ਪੌਡ ਪਿੰਡ 'ਚ ਸ਼ੁੱਕਰਵਾਰ ਨੂੰ ਹੋਈ ਸੀ, ਜਿਸ ਤੋਂ ਬਾਅਦ ਸਥਾਨਕ ਲੋਕਾਂ ਨੇ ਗੁੱਸਾ ਜ਼ਾਹਰ ਕੀਤਾ ਅਤੇ ਉਨ੍ਹਾਂ ਨੇ ਇਸ ਘਟਨਾ ਦੀ ਨਿੰਦਾ ਕਰਦੇ ਹੋਏ ਪ੍ਰਦਰਸ਼ਨ ਕੀਤਾ। ਪੌਡ ਪੁਲਸ ਥਾਣੇ ਦੇ ਸੀਨੀਅਰ ਇੰਸਪੈਕਟਰ ਸੰਤੋਸ਼ ਗਿਰਿਗੋਸਾਵੀ ਨੇ ਦੱਸਿਆ,"ਮੰਦਰ ਦੇ ਸੀਸੀਟੀਵੀ ਫੁਟੇਜ 'ਚ 16 ਸਾਲਾ ਨਾਬਾਲਗ ਮੁੰਡਾ ਸਥਾਨਕ ਦੇਵਤਾ ਦੀ ਮੂਰਤੀ ਨੂੰ ਅਪਵਿੱਤਰ ਕਰਦੇ ਹੋਏ ਨਜ਼ਰ ਆ ਰਿਹਾ ਹੈ। ਜਦੋਂ ਸਥਾਨਕ ਲੋਕਾਂ ਨੇ ਪਰਿਵਾਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੂੰ ਉਦਾਸੀਨਤਾ ਦਾ ਸਾਹਮਣਾ ਕਰਨਾ ਪਿਆ।" ਉਨ੍ਹਾਂ ਦੱਸਿਆ ਕਿ ਮੁੰਡੇ ਦੇ ਪਿਤਾ ਨੇ ਧਮਕੀ ਭਰੀ ਭਾਸ਼ਾ ਦਾ ਇਸਤੇਮਾਲ ਕੀਤਾ, ਜਿਸ ਤੋਂ ਬਾਅਦ ਸਥਾਨਕ ਲੋਕਾਂ ਨੂੰ ਪੁਲਸ ਨੂੰ ਸ਼ਿਕਾਇਤ ਕਰਨੀ ਪਈ। ਅਧਿਕਾਰੀ ਨੇ ਦੱਸਿਆ ਕਿ ਨਾਬਾਲਗ ਮੁੰਡੇ ਅਤੇ ਉਸ ਦੇ 44 ਸਾਲਾ ਪਿਤਾ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## 'ਮੈਂ ਤਾਂ ਮਸਾਂ ਹੀ ਬਚਿਆ' ! ਪਲਾਸਟਿਕ ਦੇ ਜਾਰ 'ਚ ਫਸਿਆ ਕੁੱਤੇ ਦਾ ਸਿਰ

ਠਾਣੇ 7 ਮਈ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ 'ਚ ਇਕ ਆਵਾਰਾ ਕੁੱਤੇ ਨੂੰ ਇਕ ਹਫ਼ਤੇ ਬਾਅਦ ਸੁਰੱਖਿਅਤ ਬਚਾਇਆ ਗਿਆ, ਜਿਸ ਦਾ ਪਲਾਸਟਿਕ ਦੇ ਜਾਰ 'ਚ ਸਿਰ ਫਸ ਗਿਆ ਸੀ। ਇਕ ਪਸ਼ੂ ਕਲਿਆਣ ਸੰਸਥਾ ਦੇ ਪ੍ਰਤੀਨਿਧੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪ੍ਰਤੀਨਿਧੀ ਨੇ ਦੱਸਿਆ ਕਿ ਡੋਂਬੀਵਲੀ ਸ਼ਹਿਰ ਕੋਲ ਇਕ ਰਿਹਾਇਸ਼ੀ ਸੋਸਾਇਟੀ ਵਿਚ ਪਾਣੀ ਦੀ ਭਾਲ ਕਰਦੇ ਸਮੇਂ ਕੁੱਤੇ ਦਾ ਸਿਰ ਜਾਰ 'ਚ ਫਸ ਗਿਆ ਸੀ। ਸਥਾਨਕ ਵਾਸੀ ਕਾਈਦ ਕਛਵਾਲਾ ਨੇ ਇਸ ਹਾਲਤ ਵਿਚ ਕੁੱਤੇ ਨੂੰ ਵੇਖ ਕੇ ਸੋਸ਼ਲ ਮੀਡੀਆ ਜਰੀਏ ਇਸ ਦੀ ਜਾਣਕਾਰੀ 'ਪਲਾਂਟ ਐਂਡ ਐਨੀਮਲਜ਼ ਵੈਲਫੇਅਰ ਸੁਸਾਇਟੀ' () ਨੂੰ ਦਿੱਤੀ। ਇਸ ਤੋਂ ਬਾਅਦ ਦੇ ਸੰਸਥਾਪਕ ਡਾ: ਨੀਲੇਸ ਨੇ ਕੁੱਤਿਆਂ ਨੂੰ ਫੜਨ ਲਈ ਨਗਰ ਨਿਗਮ ਦੇ ਅਧਿਕਾਰੀਆਂ ਦੀ ਟੀਮ ਨਾਲ ਤਾਲਮੇਲ ਕੀਤਾ। ਨੀਲੇਸ ਨੇ ਦੱਸਿਆ ਕਿ ਪੰਜ ਬਚਾਅ ਕਰਮਚਾਰੀਆਂ ਦੀ ਟੀਮ ਸਨੀਵਾਰ ਨੂੰ ਮੌਕੇ 'ਤੇ ਪਹੁੰਚੀ ਅਤੇ ਧਿਆਨ ਨਾਲ 'ਆਦਿਸੀ' ਨਾਂ ਦੇ ਕੁੱਤੇ ਦਾ ਸਿਰ ਜਾਰ 'ਚੋਂ ਬਾਹਰ ਕੱਢਿਆ। ਇਸ ਤੋਂ ਬਾਅਦ ਉਸ ਨੂੰ ਇਲਾਜ ਲਈ ਸਿਵਲ ਵੈਟਰਨਰੀ ਸੈਂਟਰ ਲਿਜਾਇਆ ਗਿਆ। ਨੀਲੇਸ ਨੇ ਦੱਸਿਆ ਕਿ ਕੁੱਤੇ ਦੀ ਹਾਲਤ 'ਚ ਹੌਲੀ-ਹੌਲੀ ਸੁਧਾਰ ਹੋ ਰਿਹਾ ਹੈ। ਜਦੋਂ ਉਸ ਦੀ ਸਿਹਤ ਪੂਰੀ ਤਰ੍ਹਾਂ ਠੀਕ ਹੋ ਜਾਵੇਗੀ, ਤਾਂ ਉਸ ਨੂੰ ਰੇਬੀਜ ਦਾ ਟੀਕਾ ਲਗਾ ਕੇ ਛੱਡ ਦਿੱਤਾ ਜਾਵੇਗਾ।



# ਹਸਪਤਾਲ 'ਚ ਮੌਤ ਤੋਂ ਬਾਅਦ ਮਰੀਜ ਦੀ ਅੱਖ ਹੋਈ ਗਾਇਬ, ਡਾਕਟਰ ਬੋਲਿਆ- ਸ਼ਾਇਦ ਚੂਹੇ ਨੇ ਕੁਤਰ 'ਤੀ

ਪਟਨਾ 7 ਮਈ। ਬਿਹਾਰ ਦੀ ਰਾਜਧਾਨੀ ਪਟਨਾ 'ਚ ਡਾਕਟਰਾਂ ਦੀ ਲਾਪਰਵਾਹੀ ਦਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਨਾਲੰਦਾ ਮੈਡੀਕਲ ਕਾਲਜ ਹਸਪਤਾਲ () ਵਿਚ ਇਕ ਮਰੀਜ ਦੀ ਅੱਖ ਉਸ ਦੀ ਮੌਤ ਤੋਂ ਬਾਅਦ ਗਾਇਬ ਪਾਈ ਗਈ ਸੀ। ਇਹ ਦੇਖਦੇ ਹੀ ਮ੍ਰਿਤਕ ਦੇ ਰਿਸ਼ਤੇਦਾਰਾਂ ਨੇ ਹੰਗਾਮਾ ਕਰ ਦਿੱਤਾ। ਅਸਲ 'ਚ ਨਾਲੰਦਾ 'ਚ ਹੋਈ ਹਿੰਸਾ 'ਚ ਗੋਲੀ ਲੱਗਣ ਤੋਂ ਬਾਅਦ 14 ਨਵੰਬਰ ਨੂੰ ਫੰਟੂਸ ਨਾਂ ਦੇ ਵਿਅਕਤੀ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਹਾਲਤ ਗੰਭੀਰ ਹੋਣ ਕਾਰਨ ਫੰਟੂਸ ਨੂੰ ਆਈ. ਸੀ. ਯੂ. ਵਿਚ ਇਲਾਜ ਦੌਰਾਨ ਡਾਕਟਰ ਨੇ 15 ਨਵੰਬਰ ਦੀ ਸਵੇਰ ਨੂੰ ਫੰਟੂਸ ਨੂੰ ਮ੍ਰਿਤਕ ਐਲਾਨ ਦਿੱਤਾ। ਹੁਣ ਫੰਟੂਸ ਦੇ ਪਰਿਵਾਰ ਨੇ ਹਸਪਤਾਲ ਦੇ ਡਾਕਟਰ 'ਤੇ ਉਸ ਦੀ ਮੌਤ ਤੋਂ ਬਾਅਦ ਉਸ ਦੀ ਅੱਖ ਕੱਢਣ ਦਾ ਦੋਸ ਲਾਇਆ ਹੈ। ਫੰਟੂਸ ਦੇ ਪਰਿਵਾਰਕ ਮੈਂਬਰਾਂ ਮੁਤਾਬਕ, "ਉਸ ਨੂੰ ਅਪਰਾਧੀਆਂ ਨੇ ਪੇਟ ਵਿਚ ਗੋਲੀ ਮਾਰ ਦਿੱਤੀ ਸੀ, ਜਿਸ ਤੋਂ ਬਾਅਦ ਉਸ ਨੂੰ 14 ਤਰੀਕ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਇਹ ਆਪ੍ਰੇਸ਼ਨ ਦਿਨ ਵੇਲੇ ਹੋਇਆ ਅਤੇ ਫੰਟੂਸ ਦੀ ਰਾਤ ਨੂੰ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਪੋਸਟਮਾਰਟਮ ਲਈ ਹਰ ਸੰਭਵ ਕੋਸਿ਼ਸ ਕੀਤੀ ਪਰ ਰਾਤ ਹੋਣ ਕਾਰਨ ਪੋਸਟਮਾਰਟਮ ਨਹੀਂ ਹੋ ਸਕਿਆ, ਜਿਸ ਕਾਰਨ



ਲਾਸ ਨੂੰ ਆਈ. ਸੀ. ਯੂ. 'ਚ ਬੈੱਡ 'ਤੇ ਹੀ ਛੱਡ ਦਿੱਤਾ ਗਿਆ। ਸਨੀਵਾਰ ਸਵੇਰੇ ਜਦੋਂ ਪੋਸਟਮਾਰਟਮ ਦੀਆਂ ਤਿਆਰੀਆਂ ਸੁਰੂ ਹੋਈਆਂ ਤਾਂ ਮ੍ਰਿਤਕ ਦੀ ਖੱਬੀ ਅੱਖ ਗਾਇਬ ਸੀ ਅਤੇ ਨੇੜੇ ਹੀ ਸਰਜੀਕਲ ਬਲੇਡ ਰੱਖਿਆ ਹੋਇਆ ਸੀ। ਮ੍ਰਿਤਕ ਦੇ ਭਤੀਜੇ ਅੰਕਿਤ ਕੁਮਾਰ ਨੇ ਦੱਸਿਆ ਕਿ ਬੀਤੀ ਰਾਤ ਇਲਾਜ ਦੌਰਾਨ ਉਸ ਦਾ ਪੋਸਟਮਾਰਟਮ ਨਹੀਂ ਹੋਇਆ ਸੀ, ਜਿਸ ਤੋਂ ਬਾਅਦ ਉਹ ਸਵੇਰੇ ਆਈ. ਸੀ. ਯੂ. ਵਿਚ ਉਸਦੀ ਖੱਬੀ ਅੱਖ ਗਾਇਬ ਸੀ। ਸਾਨੂੰ ਹਸਪਤਾਲ ਦੇ ਸਟਾਫ 'ਤੇ ਸੱਕ ਹੈ ਜਿਸ ਨੇ ਮੇਰੇ ਚਾਚੇ ਦੀ ਅੱਖ ਕੱਢ ਦਿੱਤੀ। ਵਧਦਾ ਹੰਗਾਮਾ ਦੇਖ ਕੇ ਹਸਪਤਾਲ ਦੇ ਸੁਪਰਡੈਂਟ ਡਾਕਟਰ ਵਿਨੋਦ ਕੁਮਾਰ ਨੇ ਅੱਗੇ ਆ ਕੇ ਸਪੱਸਟੀਕਰਨ ਦਿੰਦਿਆਂ ਕਿਹਾ, "ਜਾਂ ਤਾਂ ਕਿਸੇ ਨੇ ਅੱਖ ਕੱਢੀ ਹੈ ਜਾਂ ਸ਼ਾਇਦ ਕਿਸੇ ਚੂਹੇ ਨੇ ਅੱਖ ਕੁਤਰ ਦਿੱਤੀ ਹੈ। ਦੋਵਾਂ ਹਾਲਾਤਾਂ ਵਿਚ ਇਹ ਸਾਡੀ ਗਲਤੀ ਮੰਨੀ ਜਾਵੇਗੀ। ਇਸ ਦੀ ਪੁਸਟੀ ਕੀਤੀ ਜਾ ਰਹੀ ਹੈ। ਜਾਂਚ ਲਈ ਚਾਰ ਮੈਂਬਰੀ ਟੀਮ ਬਣਾਈ ਗਈ ਹੈ ਅਤੇ ਜੋ ਵੀ ਦੋਸੀ ਪਾਇਆ ਜਾਵੇਗਾ, ਉਸ ਨੂੰ ਸਜਾ ਦਿੱਤੀ ਜਾਵੇਗੀ। ਪਟਨਾ ਸਿਟੀ ਦੇ ਏਐੱਸਪੀ ਅਤੁਲੇਸ ਝਾਅ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਸਾਰੇ ਪੁਆਇੰਟਾਂ 'ਤੇ ਜਾਂਚ ਕਰ ਰਹੀ ਹੈ ਅਤੇ ਪਰਿਵਾਰਕ ਮੈਂਬਰਾਂ ਦੇ ਬਿਆਨ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੀਸੀਟੀਵੀ ਦੀ ਵੀ ਛਾਣਬੀਣ ਕੀਤੀ ਜਾ ਰਹੀ ਹੈ ਅਤੇ ਜੋ ਵੀ ਦੋਸੀ ਹੋਵੇਗਾ, ਉਸ ਨੂੰ ਬਖਸਿ਼ਆ ਨਹੀਂ ਜਾਵੇਗਾ।

## ਪ੍ਰੇਮਿਕਾ ਦੇ ਵਿਆਹ ਤੋਂ ਨਾਰਾਜ ਪ੍ਰੇਮੀ ਨੇ ਕੁੜੀ ਦਾ ਗੋਲੀ ਮਾਰ ਕੀਤਾ ਕਤਲ

ਨੈਸ਼ਨਲ ਡੈਸਕ 7 ਮਈ। ਇਕ ਪ੍ਰੇਮੀ ਨੇ ਪਹਿਲਾਂ ਪ੍ਰੇਮਿਕਾ ਦਾ ਗੋਲੀ ਮਾਰ ਕੇ ਕਤਲ ਕੀਤਾ ਅਤੇ ਉਸ ਤੋਂ ਬਾਅਦ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਪੂਰੀ ਵਾਰਦਾਤ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਜ਼ਿਲ੍ਹੇ 'ਚ ਵਾਪਰੀ। ਪੁਲਸ ਸੁਪਰਡੈਂਟ ਅਨਿਲ ਕੁਮਾਰ ਨੇ ਦੱਸਿਆ ਕਿ ਸਿੰਗਠੀ ਪਿੰਡ ਦੇ ਵਾਸੀ ਉਦੇਰਾਜ ਵਰਮਾ (24) ਦਾ ਨਾਨਕੇ ਰਹਿਣ ਵਾਲੀ ਜੋਤੀ ਵਰਮਾ (22) ਨਾਲ ਪ੍ਰੇਮ ਪ੍ਰਸੰਗ ਸੀ। ਉਨ੍ਹਾਂ ਦੱਸਿਆ ਕਿ 5 ਦਿਨ ਪਹਿਲਾਂ ਹੀ ਜੋਤੀ ਦਾ ਵਿਆਹ ਦਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਮੰਗਲਵਾਰ ਸਵੇਰੇ ਜੋਤੀ ਖੇਤ 'ਚ ਗਈ ਸੀ, ਜਿੱਥੇ ਪਹਿਲਾਂ ਤੋਂ ਬੈਠੇ ਉਦੇਰਾਜ ਨੇ ਉਸ ਨੂੰ ਗੋਲੀ ਮਾਰ ਦਿੱਤੀ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਗੋਲੀ ਦੀ ਆਵਾਜ ਸੁਣ ਕੇ ਪਰਿਵਾਰ ਵਾਲੇ ਮੌਕੇ 'ਤੇ ਪਹੁੰਚੇ ਅਤੇ ਗੰਭੀਰ ਰੂਪ ਨਾਲ ਜਖਮੀ ਜੋਤੀ ਨੂੰ ਮੈਡੀਕਲ ਕਾਲਜ ਲੈ ਗਏ, ਜਿੱਥੇ ਉਸ ਨੂੰ ਦੂਜੇ ਹਸਪਤਾਲ ਰੈਫਰ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਪ੍ਰਯਾਗਰਾਜ ਲਿਜਾਂਦੇ ਸਮੇਂ ਰਸਤੇ 'ਚ ਉਸ ਦੀ ਮੌਤ ਹੋ ਗਈ। ਦੂਜੇ ਪਾਸੇ ਹਾਦਸੇ ਵਾਲੀ ਜਗ੍ਹਾ ਤੋਂ ਕੁਝ ਹੀ ਦੂਰੀ 'ਤੇ ਉਦੇਰਾਜ ਦੀ ਲਾਸ਼ ਮਿਲੀ। ਉਨ੍ਹਾਂ ਦੱਸਿਆ ਕਿ ਉਸ ਨੇ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਮੌਕੇ ਤੋਂ ਇਕ 315 ਬੋਰ ਦਾ ਤਮੰਚਾ ਬਰਾਮਦ ਹੋਇਆ ਹੈ। ਪੁਲਸ ਸਬੂਤ ਇਕੱਠੇ ਕਰ ਕੇ ਕਾਨੂੰਨੀ ਕਾਰਵਾਈ ਕਰ ਰਹੀ ਹੈ। ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜਿਆ ਗਿਆ ਹੈ।

# ਰਾਈਸ ਸ਼ੈੱਲਰ 'ਚ ਲੱਗ ਗਈ ਅੱਗ, ਆਸਾਮਾਨ ਤੱਕ ਉੱਠੀਆਂ ਲਪਟਾਂ

ਹੁਸ਼ਿਆਰਪੁਰ 7 ਮਈ। ਚੰਡੀਗੜ੍ਹ ਰੋਡ 'ਤੇ ਸਥਿਤ ਇਕ ਰਾਈਸ ਸ਼ੈਲਰ 'ਚ ਸਵੇਰੇ ਅਚਾਨਕ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਲੱਖਾਂ ਰੁਪਏ ਦਾ ਝੋਨਾ ਅੱਗ ਦੀ ਭੇਟ ਚੜ੍ਹ ਗਿਆ। ਸ਼੍ਰੀ ਰਾਧੇ ਰਾਈਸ ਮਿੱਲ ਦੇ ਮਾਲਕ ਆਸ਼ੀਸ਼ ਗੁਪਤਾ ਅਤੇ ਨਵੀਨ ਗੁਪਤਾ ਨੇ ਦੱਸਿਆ ਕਿ ਸਵੇਰੇ 7 ਵਜੇ ਦੇ ਕਰੀਬ ਸ਼ੈਲਰ ਦੇ ਡ੍ਰਾਇਰ 'ਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਵੇਖ ਕੇ ਸ਼ੈਲਰ ਮੁਲਾਜਮਾਂ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਅਤੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਨੇ ਪਲਾਂ 'ਚ ਹੀ ਵਿਕਰਾਲ ਰੂਪ ਧਾਰਨ ਕਰ ਲਿਆ। ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਫਾਇਰ ਬ੍ਰਿਗੇਡ ਦੇ ਮੁਲਾਜਮਾਂ ਗੁਰਦਿੱਤ ਸਿੰਘ, ਸੁਖਦੇਵ ਸਿੰਘ, ਅਜੇਪਾਲ ਸਿੰਘ, ਗਗਨਪ੍ਰੀਤ ਸਿੰਘ ਅਤੇ ਪਰਮਜੀਤ ਸਿੰਘ ਨੇ 2 ਫਾਇਰ ਟੈਂਕਰਾਂ ਦੀ ਮਦਦ ਨਾਲ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ। ਘਟਨਾ ਦੇ ਸਮੇਂ ਝੋਨਾ ਦੀ ਡ੍ਰਾਇਰ 'ਚ ਪ੍ਰੋਸੈਸਿੰਗ ਚੱਲ ਰਹੀ ਸੀ,



ਜਿਸ ਕਾਰਨ ਬਚਾਅ ਕੰਮਾਂ 'ਚ ਕਾਫ਼ੀ ਮੁਸ਼ਕਲ ਆ ਰਹੀ ਸੀ, ਇਸ ਦੇ ਬਾਵਜੂਦ ਫਾਇਰ ਮੈਨ ਡਟੇ ਰਹੇ। ਅੱਗ ਜ਼ਿਆਦਾ ਭੜਕਣ ਕਾਰਨ ਮੌਕੇ 'ਤੇ 10 ਹੋਰ ਫਾਇਰ ਟੈਂਡਰਾਂ ਨੂੰ ਬੁਲਾਇਆ ਗਿਆ ਅਤੇ ਲੱਗਭਗ 10 ਘੰਟਿਆਂ ਦੀ ਸਖਤ ਮਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਜਾ ਸਕਿਆ। ਇਸ ਘਟਨਾ 'ਚ ਸ਼ੈੱਲਰ ਦੇ ਤਮਾਮ ਮੁਲਾਜਮ ਸੁਰੱਖਿਅਤ ਦੱਸੇ ਜਾਂਦੇ ਹਨ। ਫਾਇਰ ਕਰਮੀਆਂ ਦੀ ਫੌਰੀ ਕਾਰਵਾਈ ਨਾਲ ਸ਼ੈੱਲਰ 'ਚ ਡਰਾਇਰ ਤੋਂ ਬਾਹਰ ਪਿਆ ਹੋਰ ਸਟਾਕ ਸੁਰੱਖਿਅਤ ਬਚਾ ਲਿਆ ਗਿਆ। ਅੱਗ ਲੱਗਣ ਦਾ ਕਾਰਨ ਫਿਲਹਾਲ ਬਿਜਲੀ ਦਾ ਸ਼ਾਰਟ ਸਰਕਿਟ ਦੱਸਿਆ ਜਾ ਰਿਹਾ ਹੈ। ਇਸ ਅੱਗ ਕਾਰਨ ਸੈਂਕੜੇ ਕੁਇੰਟਲ ਝੋਨਾ ਅੱਗ ਭੇਟ ਚੜ੍ਹ ਗਿਆ, ਜਿਸ ਦੀ ਕੀਮਤ ਲੱਖਾਂ 'ਚ ਦੱਸੀ ਜਾ ਰਹੀ ਹੈ। ਇਸ ਦੌਰਾਨ ਰਾਇਸ ਮਿੱਲਰਜ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਜੀਤ ਨਾਰੰਗ, ਮਹਾਸਚਿਵ ਸੰਜੀਵ ਆਨੰਦ, ਉਪ-ਪ੍ਰਧਾਨ ਬਰਜਿੰਦਰ ਅੱਗਰਵਾਲ ਆਦਿ ਨੇ ਇਸ ਘਟਨਾ ਦੇ ਪ੍ਰਤੀ ਸਬੰਧਤ ਸ਼ੈਲਰ ਮਾਲਿਕਾਂ ਵਲੋਂ ਸੰਵੇਦਨਾ ਵਿਅਕਤ ਕੀਤੀ।

## ਵਿਦੇਸ਼ ਜਾਣ ਲਈ ਲਗਾਈ ਫਾਈਲ 'ਚ ਆ ਗਿਆ ਰਫਿਊਜਲ

ਬਰੇਟਾ 7 ਮਈ। ਦਿੱਲੀ ਫਿਰੋਜਪੁਰ ਰੇਲ ਲਾਈਨ 'ਤੇ ਇਕ ਨੌਜਵਾਨ ਵੱਲੋਂ ਰੇਲ ਗੱਡੀ ਹੇਠ ਆ ਕੇ ਖੁਦਕੁਸ਼ੀ ਕਰਨ ਦਾ ਸਮਾਚਾਰ ਹੈ। ਇਸ ਸਬੰਧੀ ਰੇਲਵੇ ਪੁਲਸ ਬਰੇਟਾ ਦੇ ਜਾਂਚ ਅਧਿਕਾਰੀ ਨਿਰਮਲ ਸਿੰਘ ਨੇ ਦੱਸਿਆ ਕਿ ਬੀਤੀ ਮੰਗਲਵਾਰ ਦੀ ਰਾਤ ਵਿੱਕੀ ਸਿੰਘ (27) ਵਾਸੀ ਬਰੇਟਾ ਨੇ ਜਲਵੇੜਾ ਵਾਲੇ ਫਾਟਕ ਨਜ਼ਦੀਕ ਇਕ ਰੇਲ ਗੱਡੀ ਹੇਠ ਆ ਕੇ ਜੀਵਨ ਲੀਲਾ ਸਮਾਪਤ ਕਰ ਲਈ। ਇਸ ਸਬੰਧੀ ਮ੍ਰਿਤਕ ਦੇ ਪਰਿਵਾਰ ਵੱਲੋਂ ਲਿਖਵਾਏ ਗਏ ਬਿਆਨਾਂ ਅਨੁਸਾਰ ਕੁਝ ਮਹੀਨੇ ਪਹਿਲਾਂ ਵਿੱਕੀ ਸਿੰਘ ਵੱਲ ਵਿਦੇਸ਼ ਜਾਣ ਦੇ ਲਈ ਫਾਈਲ ਲਗਾਈ ਗਈ ਸੀ

## ਲਾਕਰ 'ਚੋਂ ਚੋਰ 1 ਲੱਖ 80 ਹਜ਼ਾਰ ਰੁਪਏ ਲੈ ਕੇ ਹੋਇਆ ਫਰਾਰ

ਮੋਗਾ 7 ਮਈ। ਅਣਪਛਾਤੇ ਚੋਰ ਲਾਕਰ ਤੋੜ ਕੇ ਉਸ ਵਿਚੋਂ 1 ਲੱਖ 80 ਹਜ਼ਾਰ ਰੁਪਏ ਲੈ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਅਮਨਦੀਪ ਸਿੰਘ ਨਿਵਾਸੀ ਜੀਰਾ ਦੀ ਸ਼ਿਕਾਇਤ 'ਤੇ ਅਣਪਛਾਤੇ ਚੋਰਾਂ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਹਰਜਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਨੇ ਕਿਹਾ ਕਿ ਕੋਹਿਨੂਰ ਰਾਈਸ ਮਿੱਲ ਕੋਟ ਈਸੇ ਖਾਂ ਵਿਚ ਬਤੌਰ ਮੁਨੀਮ ਤਾਇਨਾਤ ਹੈ, ਜਦੋਂ ਉਹ ਆਪਣੇ ਦਫਤਰ ਦਾ ਕਾਰੋਬਾਰ ਬੰਦ ਕਰ ਕੇ ਲਾਕਰ ਵਿਚ 1 ਲੱਖ 80 ਹਜ਼ਾਰ ਰੁਪਏ ਰੱਖ ਕੇ ਤਾਲਾ ਲਗਾਉਣ ਉਪਰੰਤ ਚਲਾ ਗਿਆ ਤਾਂ ਰਾਤ ਸਮੇਂ ਅਣਪਛਾਤਾ ਵਿਅਕਤੀ ਬਾਰੀ ਦਾ ਸੀਸ਼ਾ ਤੋੜ ਕੇ ਅੰਦਰ ਦਾਖਲ ਹੋਇਆ ਅਤੇ ਲਾਕਰ ਵਿਚ ਰੱਖੇ 1 ਲੱਖ 80 ਹਜ਼ਾਰ ਰੁਪਏ ਚੋਰੀ ਕਰਕੇ ਲੈ ਗਿਆ।

# ਇੰਟਰਨੈੱਟ ਸਪੀਡ ਹੋ ਜਾਵੇਗੀ ਤੇਜ, ਆਪਣੇ ਫੋਨ 'ਚ ਕਰੋ ਇਹ ਸੈਟਿੰਗ

ਨਵੀਂ ਦਿੱਲੀ 7 ਮਈ। ਤੇਜੀ ਨਾਲ ਬਦਲਦੀ ਦੁਨੀਆ ਵਿਚ ਅਸੀਂ ਸਾਰੇ ਪੂਰੀ ਤਰ੍ਹਾਂ ਨਾਲ ਇੰਟਰਨੈੱਟ 'ਤੇ ਨਿਰਭਰ ਹੋ ਗਏ ਹਾਂ। ਅਜਿਹੇ ਵਿਚ ਜੇਕਰ ਨੈੱਟ ਨਾ ਚਲੇ ਜਾਂ ਫੋਨ ਠੀਕ ਢੰਗ ਨਾਲ ਕੰਮ ਨਾ ਕਰੇ ਤਾਂ ਇਹ ਸਾਨੂੰ ਕਿਸੇ ਮੁਸੀਬਤ ਨਾਲੋਂ ਘੱਟ ਨਹੀਂ ਜਾਪਦਾ। ਜੇਕਰ ਤੁਸੀਂ ਵੀ ਇੰਟਰਨੈੱਟ ਦੀ ਘੱਟ ਸਪੀਡ ਤੋਂ ਪਰੇਸ਼ਾਨ ਹੋ ਤਾਂ ਤੁਹਾਨੂੰ ਸੈਟਿੰਗ ਵਿਚ ਬਦਲਾਅ ਕਰ ਕੇ ਆਪਣੇ ਫੋਨ ਦੀ ਇੰਟਰਨੈੱਟ ਸਪੀਡ ਨੂੰ ਬੂਸਟ ਕਰ ਸਕਦੇ ਹੋ। ਸਭ ਤੋਂ ਪਹਿਲਾਂ ਤੁਹਾਨੂੰ ਵੇਖਣਾ ਹੋਵੇਗਾ ਕਿ ਤੁਹਾਡੇ ਫੋਨ ਵਿਚ ਸਿਗਨਲ ਕਿਹੋ ਜਿਹਾ ਆ ਰਿਹਾ ਹੈ। ਕਈ ਵਾਰ ਸਲੋਅ ਇੰਟਰਨੈੱਟ ਦੀ ਵਜ੍ਹਾ ਸਿਗਨਲ ਹੁੰਦਾ ਹੈ। ਇਸ ਲਈ ਤੁਹਾਨੂੰ ਆਪਣੀ ਲੋਕੇਸ਼ਨ ਬਦਲਣੀ ਹੋਵੇਗੀ। ਧਿਆਨ ਦੇਣਾ ਹੋਵੇਗਾ ਕਿ ਕਿਸ ਥਾਂ 'ਤੇ ਤੁਹਾਨੂੰ ਬਿਹਤਰ ਨੈੱਟਵਰਕ ਮਿਲ ਰਿਹਾ ਹੈ। ਨੈੱਟਵਰਕ ਰਿਸੈਟ ਕਰਨ ਲਈ ਤੁਸੀਂ ਆਪਣੇ ਫੋਨ ਨੂੰ ਏਅਰ ਪਲੇਨ ਮੋਡ ਵਿਚ ਪਾ ਕਰੇ ਆਨ ਅਤੇ ਆਫ ਕਰ ਸਕਦੇ ਹੋ। ਇਸ ਨਾਲ ਨੈੱਟਵਰਕ ਰਿਫਰੈਸ਼ਨ ਹੋ ਹਾਲਾਂਕਿ ਨੈੱਟਵਰਕ ਸੈਟਿੰਗ ਨੂੰ ਰਿਸੈੱਟ ਕਰਦੇ ਹੀ ਤੁਹਾਡੇ ਫੋਨ ਵਿਚ ਸੇਵ ਵਾਈ-ਫਾਈ ਪਾਸਪਰਡ ਅਤੇ ਬਲੂ ਟੂਥ ਪੇਅਰਡ



ਜਾਂਦਾ ਹੈ। ਕਿਸੇ ਹੱਦ ਤਾਂ ਤੁਹਾਡੀ ਸਮੱਸਿਆ ਦਾ ਹੱਲ ਹੋ ਜਾਵੇਗਾ। ਜੇਕਰ ਫੋਨ ਵਿਚ ਮੈਮੋਰੀ ਇਕੱਠੀ ਹੋ ਜਾਂਦੀ ਹੈ ਤਾਂ ਉਸ ਤੋਂ ਫੋਨ ਦੀ ਸਪੀਡ ਘੱਟ ਹੋ ਜਾਂਦੀ ਹੈ। ਅਜਿਹੇ ਵਿਚ ਮੈਮੋਰੀ ਕਲੀਅਰ ਕਰ ਕੇ ਤੁਸੀਂ ਫੋਨ ਦੀ ਸਪੀਡ ਨੂੰ ਬੂਸਟ ਕਰ ਸਕਦੇ ਹੋ। ਜੇਕਰ ਉੱਪਰ ਦਿੱਤੇ ਗਏ ਸਟੈਪਸ ਤੋਂ ਤੁਹਾਨੂੰ ਮੁਸ਼ਕਲ ਨਹੀਂ ਹੁੰਦੀ ਤਾਂ ਤੁਸੀਂ ਨੈੱਟਵਰਕ ਸੈਟਿੰਗ ਨੂੰ ਰਿਸੈੱਟ ਕਰ ਸਕਦੇ ਹੋ। ਡਿਵਾਈਸ ਡਿਲੀਟ ਹੋ ਜਾਣਗੇ। ਇਨ੍ਹਾਂ ਸਾਰੇ ਆਪਸ਼ਨ ਤੋਂ ਬਾਅਦ ਵੀ ਜੇਕਰ ਤੁਹਾਡੇ ਫੋਨ ਦੀ ਮੁਸ਼ਕਲ ਦੂਰ ਨਹੀਂ ਹੁੰਦੀ ਤਾਂ ਤੁਹਾਨੂੰ ਆਪਣੇ ਮੋਬਾਈਲ ਸਰਵਿਸ ਪ੍ਰੋਵਾਈਡ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸ ਤੋਂ ਤੁਹਾਨੂੰ ਬਿਹਤਰ ਜਾਣਕਾਰੀ ਮਿਲੇਗੀ। ਕਈ ਵਾਰ ਯੂਜਰਸ ਨੂੰ ਸਿਮ ਰਿਪਲੇਸਮੈਂਟ ਤੱਕ ਕਰਵਾਉਣਾ ਹੁੰਦਾ ਹੈ।

## ਝੋਨੇ ਦੇ ਨਾੜ ਨੂੰ ਅੱਗ ਲਗਾਉਣ ਵਾਲੇ ਅਣਪਛਾਤਿਆ 'ਤੇ ਮਾਮਲਾ ਦਰਜ

ਸਾਹਨੇਵਾਲ/ਕੋਹਾੜਾ 7 ਮਈ। ਪਿਛਲੇ ਲੰਮੇ ਸਮੇਂ ਤੋਂ ਪੰਜਾਬ ਸਰਕਾਰ ਕਿਸਾਨਾਂ ਨੂੰ ਨਾੜ ਨੂੰ ਅੱਗ ਨਾ ਲਗਾਉਣ 'ਤੇ ਜਾਗਰੁਕ ਕਰਦੀ ਆ ਰਹੀ ਹੈ ਪਰ ਫਿਰ ਵੀ ਕਈ ਵਿਅਕਤੀ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਨਾੜ ਨੂੰ ਅੱਗ ਲਗਾ ਰਹੇ ਹਨ। ਅਜਿਹਾ ਹੀ ਮਾਮਲਾ ਥਾਣਾ ਕੂੰਮ ਕਲਾਂ ਦੇ ਇਲਾਕੇ ਜਿਉਣੇਵਾਲ ਤੋਂ ਸਾਹਮਣੇ ਆਇਆ ਜਿੱਥੇ ਪੁਲਸ ਨੇ ਕੁਝ ਅਣਪਛਾਤੇ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰਕੇ ਕਾਗਜੀ ਕਾਰਵਾਈ ਪੂਰੀ ਕੀਤੀ ਹੈ। ਜਾਣਕਾਰੀ 'ਚ ਥਾਣਾ ਪੁਲਸ ਨੇ ਦੱਸਿਆ ਕਿ ਪੁਲਸ ਪਾਰਟੀ ਗਸਤ ਦੇ ਸਬੰਧ 'ਚ ਬੂਥਗੜ੍ਹ ਮੌਜੂਦ ਸੀ ਤਾਂ ਇਤਲਾਹ ਮਿਲੀ ਕਿ ਜਿਉਣੇਵਾਲ ਵਿਖੇ ਖੇਤੀਬਾੜੀ ਵਾਲੀ ਜਮੀਨ 'ਚ ਕਿਸੇ ਨਾਮਲੂਮ ਵਿਅਕਤੀਆਂ ਵਲੋਂ ਝੋਨੇ ਦੇ ਨਾੜ ਤੇ ਪਰਾਲੀ ਨੂੰ ਅੱਗ ਲਗਾਈ ਗਈ ਹੈ। ਇਸ 'ਤੇ ਥਾਣਾ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਮਜ਼ਦੂਰ ਨੂੰ ਨੌਜਵਾਨਾਂ ਨੇ ਲੁੱਟਿਆ, ਕੁੱਟਮਾਰ ਕਰਕੇ ਕੀਤਾ ਜ਼ਖ਼ਮੀ

ਅਬੋਹਰ 7 ਮਈ। ਅਬੋਹਰ-ਫਾਜ਼ਿਲਕਾ ਰਾਸ਼ਟਰੀ ਰਾਜ ਮਾਰਗ ਨੰਬਰ 'ਤੇ ਸਥਿਤ ਅਨਾਜ ਮੰਡੀ 'ਚ ਮਜ਼ਦੂਰੀ ਦਾ ਕੰਮ ਕਰਦੇ ਨੌਜਵਾਨ ਨੂੰ ਅੱਜ ਦੁਪਹਿਰ ਦੋ ਨਕਾਬਪੋਸ਼ ਨੌਜਵਾਨਾਂ ਨੇ ਕੁੱਟਮਾਰ ਕੇ ਜ਼ਖ਼ਮੀ ਕਰ ਦਿੱਤਾ ਅਤੇ ਉਸ ਦਾ ਮੋਬਾਇਲ ਅਤੇ ਪੈਸੇ ਖੋਹ ਕੇ ਫਰਾਰ ਹੋ ਗਏ। ਜ਼ਖਮੀ ਨੂੰ ਇਲਾਜ ਲਈ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਲਾਜ ਅਧੀਨ ਰੌਸ਼ਨ ਪੁੱਤਰ ਫੂਲਾ ਉਮਰ ਕਰੀਬ 25 ਸਾਲ ਵਾਸੀ ਬਿਹਾਰ ਨੇ ਦੱਸਿਆ ਕਿ ਉਹ ਅਤੇ ਉਸ ਦਾ ਪਰਿਵਾਰ ਪਿਛਲੇ ਕਾਫੀ ਸਮੇਂ ਤੋਂ ਅਨਾਜ ਮੰਡੀ ਵਿੱਚ ਝੁੱਗੀ ਵਿੱਚ ਰਹਿ ਰਹੇ ਹਨ ਅਤੇ ਮੰਡੀ ਵਿੱਚ ਹੀ ਮਜ਼ਦੂਰੀ ਦਾ ਕੰਮ ਕਰਦਾ ਹੈ। ਅੱਜ ਦੁਪਹਿਰ ਜਦੋਂ ਉਹ ਅਨਾਜ ਮੰਡੀ ਵਿੱਚ ਮਜ਼ਦੂਰੀ ਦਾ ਕੰਮ ਕਰ ਰਿਹਾ ਸੀ ਤਾਂ ਦੋ ਨੌਜਵਾਨ ਸਕੂਟੀ 'ਤੇ ਆਏ ਅਤੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਕੋਲੋਂ 1500 ਰੁਪਏ ਦੀ ਨਕਦੀ ਅਤੇ ਮੋਬਾਇਲ ਫੋਨ ਖੋਹ ਲਿਆ।

## ਸ਼ਰਧਾਲੂਆਂ ਨਾਲ ਭਰੀ ਬੱਸ ਨਾਲ ਵਾਪਰਿਆ ਹਾਦਸਾ, ਤਿੰਨ ਜਣਿਆਂ ਦੀ ਮੌਤ ਤੇ ਕਈ ਜਖਮੀ

ਕੋਟਾ 7 ਮਈ। ਰਾਜਸਥਾਨ ਦੇ ਬੂੰਦੀ ਜ਼ਿਲ੍ਹੇ ਵਿਚ ਲਾਲਸੋਤ-ਕੋਟਾ ਮੈਗਾ ਹਾਈਵੇਅ 'ਤੇ ਸਰਧਾਲੂਆਂ ਨੂੰ ਲੈ ਕੇ ਜਾ ਰਹੀ ਇਕ ਨਿੱਜੀ ਬੱਸ ਇਕ ਖੰਭੇ ਨਾਲ ਟਕਰਾ ਕੇ ਪਲਟ ਗਈ, ਜਿਸ ਕਾਰਨ 3 ਲੋਕਾਂ ਦੀ ਮੌਤ ਹੋ ਗਈ ਅਤੇ 13 ਹੋਰ ਜਖਮੀ ਹੋ ਗਏ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਸਨੀਵਾਰ ਰਾਤ ਕਰੀਬ 2 ਵਜੇ ਤੇਜ ਰਫਤਾਰ ਬੱਸ 43 ਯਾਤਰੀਆਂ ਨੂੰ ਲੈ ਕੇ ਸਵਾਈ ਮਾਧੋਪੁਰ ਜ਼ਿਲੇ ਦੇ ਚੌਥ ਕਾ ਬਰਵਾੜਾ ਸਥਿਤ ਮਾਤਾ ਜੀ ਮੰਦਰ ਤੋਂ ਵਾਪਸ ਆ ਰਹੀ ਸੀ, ਜਦੋਂ ਇਹ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿੱਚ ਅਰਵਿੰਦ ਸਿੰਘ (62), ਸਵਰਗੀ




ਕੁਮਾਰ ਵੈਸਨਵ (28) ਅਤੇ ਬੱਸ ਕੰਡਕਟਰ ਮੰਗੀਲਾਲ ਰਾਠੌਰ (60) ਦੀ ਮੌਤ ਹੋ ਗਈ। ਇਕ ਸਰਧਾਲੂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬੱਸ ਬਹੁਤ ਤੇਜ ਰਫਤਾਰ ਨਾਲ ਜਾ ਰਹੀ ਸੀ ਤਾਂ ਡਰਾਈਵਰ ਨੇ ਸੜਕ 'ਤੇ ਪਏ ਟੋਏ ਤੋਂ ਬਚਣ ਦੀ ਕੋਸਿ਼ਸ ਕੀਤੀ, ਜਿਸ ਕਾਰਨ ਬੱਸ ਬੇਕਾਬੂ ਹੋ ਗਈ ਅਤੇ ਸੜਕ ਕਿਨਾਰੇ ਲੱਗੇ ਬਿਜਲੀ ਦੇ ਖੰਭੇ ਨਾਲ ਟਕਰਾ ਕੇ ਪਲਟ ਗਈ। ਪੁਲਸ ਦੇ ਡਿਪਟੀ ਸੁਪਰਡੈਂਟ (ਡੀਐੱਸਪੀ) ਆਸੀਸ ਭਾਰਗਵ ਨੇ ਦੱਸਿਆ ਕਿ ਅਰਵਿੰਦ ਸਿੰਘ ਅਤੇ ਅਨੰਤ ਕੁਮਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਕੰਡਕਟਰ ਦੀ ਕੋਟਾ ਦੇ ਇੱਕ ਹਸਪਤਾਲ 'ਚ ਮੌਤ ਹੋ ਗਈ। ਡੀਐੱਸਪੀ ਨੇ ਦੱਸਿਆ ਕਿ ਜਖਮੀਆਂ ਨੂੰ ਕੋਟਾ ਦੇ ਐੱਮਬੀਐੱਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਦੋ ਔਰਤਾਂ ਸਮੇਤ ਤਿੰਨ ਜਖਮੀਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਭਾਰਗਵ ਨੇ ਦੱਸਿਆ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਬੱਸ ਡਰਾਈਵਰ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# 7 ਜਿਲ੍ਹਿਆਂ 'ਚ ਇੰਟਰਨੈੱਟ ਬੰਦ, 2 ਜਿਲ੍ਹਿਆਂ 'ਚ ਕਰਫਿਊ

ਨੈਸ਼ਨਲ ਡੈਸਕ 7 ਮਈ। ਮਣੀਪੁਰ ਦੇ ਜਿਰੀਬਾਮ ਜ਼ਿਲ੍ਹੇ ਵਿੱਚ ਤਿੰਨ ਲਾਸਾਂ ਮਿਲਣ ਤੋਂ ਬਾਅਦ ਸੂਬੇ ਵਿੱਚ ਹਿੰਸਾ ਫੈਲ ਗਈ ਹੈ। ਸਨੀਵਾਰ (16 ਨਵੰਬਰ 2024) ਨੂੰ ਇੰਫਾਲ ਘਾਟੀ ਦੇ ਕਈ ਖੇਤਰਾਂ ਵਿੱਚ ਸੈਂਕੜੇ ਲੋਕਾਂ ਨੇ ਵਿਰੋਧ ਪ੍ਰਦਰਸਨ ਕੀਤਾ। ਤਿੰਨਾਂ ਲਾਸਾਂ ਬਾਰੇ ਕਿਹਾ ਜਾ ਰਿਹਾ ਹੈ ਕਿ ਇਹ ਉਹੀ ਲੋਕ ਹਨ ਜੋ ਕੁਝ ਦਿਨ ਪਹਿਲਾਂ ਜਿਰੀਬਾਮ ਤੋਂ ਲਾਪਤਾ ਹੋ ਗਏ ਸਨ। ਮਰਨ ਵਾਲਿਆਂ ਵਿੱਚ ਇੱਕ ਔਰਤ ਅਤੇ ਦੋ ਬੱਚੇ ਸਾਮਲ ਹਨ। ਲਾਸਾਂ ਮਿਲਣ ਦੀ ਖਬਰ ਫੈਲਦਿਆਂ ਹੀ ਲੋਕ ਸੜਕਾਂ 'ਤੇ ਆ ਗਏ, ਜਿਨ੍ਹਾਂ 'ਚ ਜ਼ਿਆਦਾਤਰ ਔਰਤਾਂ ਸਨ। ਪ੍ਰਦਰਸਨਕਾਰੀਆਂ ਨੇ ਇੰਫਾਲ ਪੱਛਮੀ ਅਤੇ ਹੋਰ ਜ਼ਿਲ੍ਹਿਆਂ ਵਿੱਚ ਟਾਇਰ ਸਾੜ ਕੇ ਸੜਕਾਂ ਜਾਮ ਕਰ ਦਿੱਤੀਆਂ। ਇਸ ਦੌਰਾਨ ਸਥਾਨਕ ਬਾਜਾਰ ਅਤੇ ਦੁਕਾਨਾਂ ਬੰਦ ਰਹੀਆਂ ਅਤੇ ਇੰਫਾਲ 'ਚ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਗਿਆ। ਜਿਰੀਬਾਮ 'ਚ ਲਾਸ ਮਿਲਣ ਤੋਂ ਬਾਅਦ ਤਣਾਅ ਵਧ ਗਿਆ ਹੈ ਅਤੇ ਮਣੀਪੁਰ ਦੀ ਰਾਜਧਾਨੀ ਇੰਫਾਲ 'ਚ ਕਰਫਿਊ ਲਗਾ ਦਿੱਤਾ ਗਿਆ ਹੈ। ਇਸ ਹਿੰਸਾ ਤੋਂ ਬਾਅਦ ਰਾਜ ਸਰਕਾਰ ਨੇ ਸਨੀਵਾਰ (16 ਨਵੰਬਰ 2024) ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਛੁੱਟੀ ਦੇ ਹੁਕਮ ਦਿੱਤੇ ਹਨ। ਸਥਾਨਕ




ਨਿਵਾਸੀਆਂ ਦਾ ਦੋਸ ਹੈ ਕਿ ਅੱਤਵਾਦੀਆਂ ਨੇ ਇਨ੍ਹਾਂ ਲਾਪਤਾ ਲੋਕਾਂ ਨੂੰ ਫਰਾਰ ਹੋਣ ਦੌਰਾਨ ਅਗਵਾ ਕਰ ਲਿਆ ਸੀ। ਇਸ ਮਾਮਲੇ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਮੀਤੀ ਸੰਗਠਨਾਂ ਨੇ ਦਾਅਵਾ ਕੀਤਾ ਕਿ ਇਹ ਲੋਕ ਅੱਤਵਾਦੀਆਂ ਹੱਥੋਂ ਮਾਰੇ ਗਏ ਹਨ। ਹਾਲਾਂਕਿ ਪੁਲਸ ਦਾ ਕਹਿਣਾ ਹੈ ਕਿ ਲਾਪਤਾ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ। ਮਣੀਪੁਰ 'ਚ ਵਧਦੇ ਤਣਾਅ ਦੇ ਮੱਦੇਨਜਰ ਸੂਬਾ ਸਰਕਾਰ ਨੇ ਕਈ ਜ਼ਿਲ੍ਹਿਆਂ 'ਚ ਇੰਟਰਨੈੱਟ ਅਤੇ ਮੋਬਾਈਲ ਡਾਟਾ ਸੇਵਾਵਾਂ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। 16 ਨਵੰਬਰ ਤੋਂ ਪ੍ਰਭਾਵੀ ਇਸ ਹੁਕਮ ਦੇ ਤਹਿਤ ਇੰਫਾਲ ਪੱਛਮੀ, ਇੰਫਾਲ ਪੂਰਬੀ, ਬਿਸਨੂਪੁਰ ਅਤੇ ਹੋਰ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਇੰਟਰਨੈਟ ਸੇਵਾਵਾਂ ਦੋ ਦਿਨਾਂ ਲਈ ਮੁਅੱਤਲ ਰਹਿਣਗੀਆਂ। ਇਹ ਕਦਮ ਸੂਬੇ ਵਿੱਚ ਅਫਵਾਹਾਂ ਅਤੇ ਭੜਕਾਊ ਸਮੱਗਰੀ ਫੈਲਣ ਤੋਂ ਰੋਕਣ ਲਈ ਚੁੱਕਿਆ ਗਿਆ ਹੈ, ਜਿਸ ਨਾਲ ਹਿੰਸਾ ਭੜਕ ਸਕਦੀ ਹੈ। ਸਰਕਾਰ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

ਕੌਮੀ ਪੱਤ੍ਰਿਕਾ

# ਇਕੋ-ਟੂਰੀਜਮ ਨੂੰ ਪ੍ਰੋਤਸਾਹਨ ਦੇਣ ਲਈ ਬਣਾਈ ਜਾ ਰਹੀ ਜੰਗਲ ਸਫਾਰੀ : ਰਾਓ ਨਰਬੀਰ ਸਿੰਘ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਵਾਤਾਵਰਣ, ਵਨ ਅਤੇ ਜੰਗਲੀ ਜੀਵ ਮੰਤਰੀ ਰਾਓ ਨਰਬੀਬ ਸਿੰਘ ਨੇ ਕਿਹਾ ਕਿ ਵੱਧਦੇ ਪ੍ਰਦੂਸ਼ਣ ਦੇ ਕਾਰਨ ਵਾਤਾਵਰਣ ਸਰੰਖਣ ਇੱਕ ਵਿਸ਼ਵ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਵਾਤਾਵਰਣ ਸੰਤੁਲਨ ਨੂੰ ਬਣਾਏ ਰੱਖਣ ਲਈ ਸਾਨੂੰ ਕੁਦਰਤੀ ਤੇ ਜੰਗਲੀ ਜੀਵ ਸਰੰਖਣ ਪ੍ਰਤੀ ਸੰਵੇਦਨਸ਼ੀਲ ਹੋਣਾ ਹੋਵੇਗਾ। ਨਿਜੀ ਖੇਤਰ ਦੇ ਨਾਂਲ-ਨਾਲ ਕਈ ਨਵੇਂ ਨੌਜੁਆਨ ਸਟਾਰਟਅੱਪ ਵੀ ਕੁਦਰਤੀ ਤੇ ਜੰਗਲੀਜੀਵ ਸਰੰਖਣ ਵਿੱਚ ਦਿਲਚਸਪੀ ਦਿਖਾ ਰਹੇ ਹਨ, ਜੋ ਕਿ ਸਰਕਾਰੀ ਯਤਨਾਂ ਦੇ ਨਾਲ-ਨਾਲ ਇੱਕ ਸ਼ਲਾਘਾਯੋਗ ਪਹਿਲ ਹੈ।

ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਪਿਛਲੇ ਦਿਨਾਂ ਆਪਣੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਜੰਗਲੀ ਜੀਵਾਂ ਨੂੰ ਬਚਾਉਣ ਦਾ ਦੇਸ਼ਵਾਸੀਆਂ ਨੂੰ ਅਪੀਲ ਕੀਤੀ ਸੀ। ਇਸੀ ਲੜੀ ਵਿੱਚ ਹਰਿਆਣਾ ਵਨ ਵਿਭਾਗ ਅਰਾਵਲੀ ਖੇਤਰ ਵਿੱਚ ਜੰਗਲ ਸਫਾਰੀ ਤੇ ਗ੍ਰੀਨ ਵਾਲ ਪ੍ਰੋਜੈਕਟ ਜੰਗਲੀ ਜੀਵਾਂ ਨੂੰ ਬਚਾਉਣ ਲਈ ਪ੍ਰੋਗਰਾਮ ਦੀ ਰੂਪਰੇਖਾ ਤਿਆਰ ਕਰ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਜੰਗਲ ਸਫਾਰੀ ਪਰਿਯੋਜਨਾ ਪਹਿਲਾਂ ਸੈਰ-ਸਪਾਟਾ ਵਿਭਾਗ ਵੱਲੋਂ ਤਿਆਰ ਕੀਤੀ ਜਾਣੀ ਸੀ ਪਰ ਹੁਣ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਸ ਦੀ ਜਿਮੇਵਾਰੀ ਵਨ ਅਤੇ ਜੰਗਲੀ ਜੀਵ ਵਿਭਾਗ ਨੂੰ ਸੌਂਪੀ ਹੈ। ਵਿਭਾਗ ਤੇਜੀ ਨਾਲ ਕੰਮ ਕਰ ਰਿਹਾ ਹੈ।

ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ 7 ਤੇ 8 ਜੂਨ ਨੂੰ ਜਾਮਨਗਰ (ਗੁਜਰਾਤ) ਦੇ ਵਨ ਤਾਰਾ ਪਰਿਯੋਜਨਾ ਦਾ ਦੌਰਾ ਕਰਣਗੇ। ਉਨ੍ਹਾਂ ਦੇ ਨਾਲ ਉਹ ਖੁਦ ਵੀ ਜਾਣਗੇ।

ਉਨ੍ਹਾਂ ਨੇ ਕਿਹਾ ਕਿ ਅਰਾਵਲੀ ਗ੍ਰੀਨ ਵਾਲ ਪਰਿਯੋਜਨਾ ਤਹਿਤ ਹਰਿਆਣਾ, ਰਾਜਸਥਾਨ, ਗੁਜਰਾਤ ਅਤੇ ਦਿੱਲੀ ਸਮੇਤ ਚਾਰ ਸੂਬਿਆਂ ਵਿੱਚ 1.15 ਮਿਲਿਅਨ ਹੈਕਟੇਅਰ ਤੋਂ ਵੱਧ ਭੂਮੀ ਦਾ ਸੁਧਾਰ ਬਹੁ-ਰਾਜ ਸਹਿਯੋਗ ਦਾ ਇੱਕ ਮਿਸਾਲੀ ਮਾਡਲ ਪ੍ਰਦਰਸ਼ਿਤ ਕਰਨਾ ਹੈ। ਜੰਗਲਾਂ ਦੀ ਸਵਦੇਸ਼ੀ ਪ੍ਰਜਾਤੀਆਂ ਦੇ ਨਾਲ ਵਨਰੋਪਨ, ਜੈਵ ਵਿਵਿਧਤਾ ਸਰੰਖਣ, ਮਿੱਟੀ ਸਿਹਤ ਵਿੱਚ ਸੁਧਾਰ ਅਤੇ ਭੂਜਲ ਮੁੜ ਭਰਣ ਨੂੰ ਵਧਾਉਣ 'ਤੇ ਧਿਆਨ ਕੇਂਦ੍ਰਿਤ ਕਰਨਾ ਵੀ ਹੈ।

ਉਨ੍ਹਾਂ ਨੇ ਕਿਹਾ ਕਿ ਇੰਨ੍ਹਾਂ ਪਰਿਯੋਜਨਾਵਾਂ ਤੋਂ ਅਰਾਵਲੀ ਖੇਤਰ ਵਿੱਚ ਨਾ ਸਿਰਫ ਲੋਕਾਂ ਨੂੰ ਰੁਜਗਾਰ ਦੇ ਮੌਕੇ ਪ੍ਰਾਪਤ ਹੋਣਗੇ ਸਗੋ ਜੈਵ ਵਿਵਿਧਤਾ ਸਰੰਖਣ ਅਤੇ ਵਾਤਾਵਰਣ ਅਨੁਕੂਲ ਸੰਸਾਧਨ ਪ੍ਰਬੰਧ ਨੂੰ ਵੀ ਪ੍ਰੋਤਸਾਹਨ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿੱਚ ਨੌਜੁਆਨ ਪੀੜੀ ਨੂੰ ਕੁਦਰਤ ਨੂੰ ਇਸ ਨੈਕ ਕੰਮ ਲਈ ਜਾਗਰੁਕ ਕਰਨ ਅਤੇ ਉਨ੍ਹਾਂ ਦੇ ਆਜੀਵਿਕਾ ਦੇ ਸਾਧਨ ਵਧਾਉਣ ਲਈ ਸੂਬੇ ਵਿੱਚ ਵਨ ਮਿੱਤਰਾਂ ਦੀ ਨਿਯੁਕਤੀ ਕੀਤੀ ਗਈ ਹੈ, ਜੋ ਸਥਾਨਕ ਲੋਕਾਂ ਨੂੰ ਜੰਗਲਾਂ ਨਾਲ ਜੋੜ ਰਹੇ ਹਨ।

# ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਪਾਕਿਸਤਾਨ ਨਾਲ ਖੁਫੀਆ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਹੇਠ ਦੋ ਵਿਅਕਤੀ ਗ੍ਰਿਫ਼ਤਾਰ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਦਿਹਾਤੀ ਪੁਲਿਸ ਨੇ, ਜਾਸੂਸੀ ਗਤੀਵਿਧੀਆਂ ਵਿਰੁਧ ਫੌਰੀ ਤੇ ਮਹੱਤਵਪੂਰਨ ਕਾਰਵਾਈ ਕਰਦਿਆਂ ਅੰਮ੍ਰਿਤਸਰ ਵਿੱਚ ਫੌਜ ਛਾਉਣੀ ਖੇਤਰਾਂ ਅਤੇ ਹਵਾਈ ਟਿਕਾਣਿਆਂ ਦੀ ਸੰਵੇਦਨਸ਼ੀਲ ਜਾਣਕਾਰੀ ਅਤੇ ਤਸਵੀਰਾਂ ਲੀਕ ਕਰਨ ਵਿੱਚ ਕਥਿਤ ਭੂਮਿਕਾ ਨਿਭਾਉਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਗ੍ਰਿਫ਼ਤਾਰ ਕੀਤੇ ਗਏ ਦੋ ਵਿਅਕਤੀਆਂ, ਜਿਨ ਦੀ ਪਛਾਣ ਫਲਕਸ਼ੇਰ ਮਸੀਹ ਪੁੱਤਰ ਜਿੰਦਰ ਮਸੀਹ ਅਤੇ ਸੂਰਜ ਮਸੀਹ ਪੁੱਤਰ ਚੁਗਾ ਮਸੀਹ, ਦੋਵੇਂ ਵਾਸੀ ਬਲੜਵਾਲ, ਥਾਣਾ ਅਜਨਾਲਾ, ਵਜੋਂ ਹੋਈ ਹੈ, ਜੋ ਪਾਕਿਸਤਾਨ ਦੀ ਖੁਫੀਆ ਏਜੰਸੀ ਨੂੰ ਸੰਵੇਦਨਸ਼ੀਲ ਖੁਫੀਆ ਜਾਣਕਾਰੀ ਭੇਜ ਰਹੇ ਸਨ।ਪੁਲਿਸ ਟੀਮਾਂ ਨੇ ਉਨ ਦੇ ਕਬਜ਼ੇ ਵਿੱਚੋਂ ਦੋ ਮੋਬਾਈਲ ਫੋਨ ਵੀ ਬਰਾਮਦ ਕੀਤੇ ਹਨ।

ਮੁੱਢਲੀ ਜਾਂਚ ਵਿੱਚ ਉਨ੍ਹਾਂ ਦੇ ਪਾਕਿਸਤਾਨੀ ਖੁਫੀਆ ਕਾਰਕੁੰਨਾਂ ਨਾਲ ਸਬੰਧਾਂ ਦਾ ਖੁਲਾਸਾ ਹੋਇਆ ਹੈ । ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਹਰਪ੍ਰੀਤ ਸਿੰਘ ਉਰਫ਼ ਪਿੱਟੂ ਉਰਫ਼ ਹੈਪੀ, ਜੋ ਇਸ ਸਮੇਂ ਅੰਮ੍ਰਿਤਸਰ ਕੇਂਦਰੀ ਜੇਲ ਵਿੱਚ ਬੰਦ ਹੈ, ਰਾਹੀਂ ਉਕਤ ਦੋਸ਼ੀਆਂ ਦੇ ਸਬੰਧ ਪਾਕਿਸਤਾਨੀ ਖੁਫੀਆ ਏਜੰਸੀ ਨਾਲ ਸਥਾਪਿਤ ਹੋਏ ਸਨ।

ਐਸਐਸਪੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਨੇ ਕਿਹਾ ਕਿ ਪੁਲਿਸ ਥਾਣਾ ਅਜਨਾਲਾ ਦੇ ਐਸ.ਐਚ.ਓ. ਵੱਲੋਂ ਪ੍ਰਾਪਤ ਗੁਪਤ ਤੇ ਪੁਖ਼ਤਾ ਇਤਲਾਹ ਦੇ ਆਧਾਰ 'ਤੇ ਇਹ ਖੁਲਾਸਾ ਹੋਇਆ ਹੈ ਕਿ ਦੋਸ਼ੀ ਫਲਕਸ਼ੇਰ ਮਸੀਹ ਅਤੇ ਸੂਰਜ ਮਸੀਹ ਪਾਕਿਸਤਾਨ ਦੀ ਖੁਫੀਆ ਏਜੰਸੀ ਦੇ ਸੰਪਰਕ ਵਿੱਚ ਸਨ। ਉਨ੍ਹਾਂ ਕਿਹਾ ਕਿ ਦੋਵੇਂ ਫੌਜ ਦੀਆਂ ਗਤੀਵਿਧੀਆਂ, ਬੀਐਸਐਫ ਕੈਂਪਾਂ ਦੀ ਸਥਿਤੀ, ਹਵਾਈ ਅੱਡਿਆਂ ਦੀ ਸਥਿਤੀ, ਫੋਟੋਆਂ ਅਤੇ ਹੋਰ ਸੰਵੇਦਨਸ਼ੀਲ ਡੇਟਾ ਤੇ ਮਹੱਤਵਪੂਰਨ ਜਾਣਕਾਰੀਆਂ ਇਕੱਠੀਆਂ ਕਰਨ ਅਤੇ ਪਾਕਿਸਤਾਨ ਵਿੱਚ ਆਪਣੇ ਹੈਂਡਲਰਾਂ ਨੂੰ ਭੇਜਦੇ ਸਨ।

ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦੇ ਹੋਏ, ਐਫਆਈਆਰ ਨੰਬਰ 92 ਮਿਤੀ 03.05.2025 ਨੂੰ ਪੁਲਿਸ ਥਾਣਾ ਅਜਨਾਲਾ ਵਿਖੇ ਅਧਿਕਾਰਤ ਗੁਪਤ ਐਕਟ ਦੀ ਧਾਰਾ 3, 5, ਅਤੇ 9, ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 67, ਅਤੇ ਬੀਐਨਐਸ ਦੀ ਧਾਰਾ 61(2) ਦੇ ਤਹਿਤ ਦਰਜ ਕੀਤੀ ਗਈ ਹੈ ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਜੇਕਰ ਜਾਂਚ ਦੌਰਾਨ ਹੋਰਨਾਂ ਵਿਅਕਤੀਆਂ ਦੀ ਕੋਈ ਸ਼ਮੂਲੀਅਤ ਸਾਹਮਣੇ ਆਉਂਦੀ ਹੈ, ਤਾਂ ਉਨ੍ਹਾਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ

# ਕੌਮਾਂਤਰੀ ਪੱਧਰ 'ਤੇ ਛਾਏ ਨਾਰਨੌਲ ਜਿਲ੍ਹਾ ਦੇ ਇਤਿਹਾਸਕ ਸਥਾਨ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੰਬਈ ਦੇ ਜੀਓ ਵਲਡ ਕਨਵੇਸ਼ਨ ਸੈਂਟਰ ਵਿੱਚ ਚੱਲ ਰਹੇ ਵਿਸ਼ਵ ਓਡਿਓ ਵਿਜੂਅਲ ਅਤੇ ਮਨੋਰੰਜਨ ਸਿਖਲ ਸਮੇਲਨ (ਵੇਵ-2025) ਵਿੱਚ ਨਾਰਨੌਲ ਦੀ ਇਤਿਹਾਸਕ ਇਮਾਰਤਾਂ ਫਿਲਮ ਨਿਰਮਾਤਾਵਾਂ ਨੂੰ ਖਿੱਚ ਰਹੀਆਂ ਹਨ। ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਹਰਿਆਣਾ ਵੱਲੋਂ ਲਗਾਈ ਗਈ ਪੈਵੇਲਿਅਨ ਵਿੱਚ ਨਾ ਸਿਰਫ ਰਾਜ ਦੇ ਇਤਿਹਾਸਕਿ ਸਥਾਨਾਂ ਨੂੰ ਦਿਖਾਇਆ ਜਾ ਰਿਹਾ ਹੈ ਸਗੋ ਹਰਿਆਣਾ ਦੀ ਸਭਿਆਚਾਰਕ ਵਿਰਾਸਤ ਵੀ ਦਿਖਾਈ ਜਾ ਰਹੀ ਹੈ।

ਸਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਸੰਯੁਕਤ ਨਿਦੇਸ਼ਕ ਸ੍ਰੀ ਨੀਰਜ ਕੁਮਾਰ ਨੇ ਇਸ ਸਬੰਧ ਵਿੱਚ ਵਿਸਤਾਰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਵਿਭਾਗ ਦੇ ਮਹਾਨਿਦੇਸ਼ਕ ਸ੍ਰੀ ਕੇ ਐਮ ਪਾਂਡੂਰੰਗ ਦੇ ਮਾਰਗਦਰਸ਼ਨ ਵਿੱਚ ਇਹ ਪੈਵੇਲਿਅਨ ਲਗਾਇਆ ਗਿਆ ਹੈ। ਇਸ ਦਾ ਮੁੱਖ ਮਕਦ ਫਿਲਮਕਾਰਾਂ ਨੂੰ ਹਰਿਆਣਾ ਵਿੱਚ ਫਿਲਮ ਬਨਾਉਣ ਲਈ ਖਿੱਚਣਾ ਹੈ।ਇਸ ਪੈਵੇਲਿਅਨ ਵਿੱਚ ਨਾਰਨੌਲ ਸ਼ਹਿਰ ਦੇ ਇਤਿਹਾਸਕ ਸਥਾਨ ਵਿਸ਼ੇਸ਼ ਰੂਪ ਨਾਲ ਛਾਏ ਹੋਏ ਹਨ। ਇੰਨ੍ਹਾਂ ਵਿੱਚ ਜਲ੍ਹ ਮਹਿਲ, ਮਹੇਂਦਰਗੜ੍ਹ ਦਾ ਕਿਲਾ, ਰਾਏ ਬਾਲ ਮੁਕੁੰਦ ਦਾ ਛੱਤਾ, ਢੋਸੀ ਹਿਲਸ ਦੀ ਵੀਡੀਓ ਲਗਾਤਾਰ ਪ੍ਰਦਰਸ਼ਿਤ ਕੀਤੀ ਜਾ ਰਹੀ ਹੈ ਜੋ ਬਾਲੀਵੁੱਡ ਅਤੇ ਹਾਲੀਵੁੱਡ ਦੀ ਪ੍ਰਸਿੱਦ ਕੰਪਨੀਆਂ ਨੂੰ ਲੁਭਾ ਰਹੀ ਹੈ। ਇਸ ਪ੍ਰੋਗਰਾਮ ਵਿੱਚ ਦੁਨੀਆ ਦੇ 130 ਦੇਸ਼ਾਂ ਤੋਂ ਕਲਾ, ਸਭਿਆਚਾਰ, ਮੀਡੀਆ, ਫਿਲਮ ਅਤੇ ਤਕਨਾਲੋਜੀ ਨਾਲ ਜੁੜੀ ਪ੍ਰਮੁੱਖ ਕੰਪਨੀਆਂ ਅਤੇ ਦਿੱਗਜ ਹਸਤੀਆਂ ਸ਼ਾਮਿਲ ਹੋਈਆਂ ਹਨ।ਉਨ੍ਹਾਂ ਨੇ ਦਸਿਆ ਕਿ ਹਰਿਆਣਾਂ ਸਰਕਾਰ ਨੇ ਹਰਿਆਣਾ ਫਿਲਮ ਅਤੇ ਮਨੋਰੰਜਨ ਨੀਤੀ 2022 ਤਹਿਤ ਸਬਸਿਡੀ ਦੇਣ ਦਾ ਪ੍ਰਾਵਧਾਨ ਵੀ ਕੀਤਾ ਗਿਆ ਹੈ। ਇਸ ਵਿੱਚ ਚੋਣ ਕੀਤੀ ਫਿਲਮਾਂ ਨੂੰ 50 ਲੱਖ ਰੁਪਏ ਤੋਂ ਲੈ ਕੇ 2 ਕਰੋੜ ਰੁਪਏ ਤੱਕ ਦੀ ਸਬਸਿਡੀ ਦਿੱਤੀ ਜਾਂਦੀ ਹੈ।

ਇਸ ਨੀਤੀ ਦਾ ਮੁੱਖ ਉਦੇਸ਼ ਨਾ ਸਿਰਫ ਸੂਬੇ ਦਾ ਲੋਕ ਸਭਿਆਚਾਰ ਨੂੰ ਸਰੰਖਤ ਅਤੇ ਪ੍ਰੋਤਸਾਹਨ ਦੇਣਾ ਹੈ, ਸਗ ਸਿਨੇਮਾ ਰਾਹੀਂ ਲੋਕਾਂ ਨੂੰ ਸਿਹਤਮੰਦ ਮਨੋਰੰਜਨ ਪ੍ਰਦਾਨ ਕਰਨਾ ਵੀ ਹੈ। ਨਾਲ ਹੀ, ਇਸ ਪਹਿਲ ਦਾ ਉਦੇਸ਼ ਸੂਬੇ ਵਿੱਚ ਰੁਜਗਾਰ ਦੇ ਮੌਕੇ ਪੈਦਾ ਕਰਨਾ ਹੈ। ਫਿਲਮ ਨੀਤੀ ਦੇ ਨਿਰਮਾਣ ਦੇ ਬਾਅਦ, ਹਰਿਆਣਾ ਨੇ ਬਾਲੀਵੁੱਡ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਫਿਲਮ ਬਨਾਉਣ ਵਾਲੇ ਨਿਰਮਾਤਾਵਾਂ ਨੂੰ ਸਿੰਗਲ ਵਿੰਡੋਂ ਸ਼ੂਟਿੰਗ ਮੰਜੂਰੀਆਂ ਅਤੇ ਸਬਸਿਡੀ ਪ੍ਰੋਤਸਾਹਨਾਂ ਰਾਹੀਂ ਖਿੱਚਣਾ ਸ਼ੁਰੂ ਕਰ ਦਿੱਤਾ ਹੈ।

# ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਬਟਾਲਾ ਪੁਲਿਸ ਨੇ ਕਾਦੀਆਂ ਵਿਖੇ ਵਰ੍ਹਦੇ ਮੀਂਹ 'ਚ ਨਸ਼ਾ ਤਸਕਰ ਦੀ ਨਾਜਾਇਜ਼ ਉਸਾਰੀ ਢਾਹੀ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦੇ ਹੋਏ ਅੱਜ ਬਟਾਲਾ ਪੁਲਿਸ ਨੇ ਕਾਦੀਆਂ ਵਿਖੇ ਵਰ੍ਹਦੇ ਮੀਂਹ 'ਚ ਨਸ਼ਾ ਤਸਕਰ ਨਵਸ਼ਰਨ ਦਾਸ ਉਰਫ ਕਾਕਾ ਦੀ ਨਾਜਾਇਜ਼ ਉਸਾਰੀ ਕੋਠੀ ਜੇ.ਸੀ.ਬੀ ਮਸ਼ੀਨ ਲਗਾ ਕੇ ਢਾਹ ਦਿੱਤੀ ਗਈ।



ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਬਟਾਲਾ ਦੇ ਐਸ.ਐਸ.ਪੀ, ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਇਸ ਨਸ਼ਾ ਤਸਕਰ ਦੇ ਖਿਲਾਫ਼ ਵੱਖ-ਵੱਖ ਥਾਣਿਆਂ ਵਿੱਚ 06 ਮੁਕੱਦਮੇ ਦਰਜ ਹਨ, ਜਿਨ੍ਹਾਂ ਵਿੱਚ ਚਾਰ ਪਰਚੇ ਐਨ.ਡੀ.ਪੀ.ਐਸ ਐਕਟ ਤਹਿਤ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰ 'ਤੇ ਪੁਲਿਸ ਸਟੇਸ਼ਨ ਕਾਦੀਆਂ ਵਿਖੇ 3 ਪਰਚੇ, ਕਾਹਨੂੰਵਾਨ, ਦੀਨਾਨਗਰ ਅਤੇ ਐਸ.ਏ.ਐਸ ਨਗਰ ਵਿਖੇ ਇੱਕ-ਇੱਕ ਪਰਚਾ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਉੱਤੇ ਲੱਗੀਆਂ ਧਰਾਵਾਂ ਅਤੇ ਇਸ ਦੀ ਕੇਸ ਹਿਸਟਰੀ ਤੋਂ ਸਪਸ਼ਟ ਹੈ ਕਿ ਇਹ ਨਸ਼ਾ ਤਸਕਰੀ ਦੇ ਧੰਦੇ ਵਿੱਚ ਲੰਮੇ ਸਮੇਂ ਤੋਂ ਸ਼ਾਮਿਲ ਹਨ।

ਐਸ.ਐਸ.ਪੀ ਨੇ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੋ ਵੀ ਵਿਅਕਤੀ ਕਿਸੇ ਵੀ ਗੈਰ ਕਾਨੂੰਨੀ ਕਾਰਵਾਈ ਵਿੱਚ ਸ਼ਾਮਿਲ ਹੈ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਸ ਖਿਲਾਫ ਠੋਸ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਨਾਂ ਕਿਹਾ ਕਿ ਇਹ ਕਾਰਵਾਈ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਲੋਕ ਮੁੱਖ ਧਾਰਾ ਵਿੱਚ ਆ ਨਹੀਂ ਜਾਂਦੇ ਜਾਂ ਉਹ ਪੰਜਾਬ ਛੱਡ ਕੇ ਪੰਜਾਬ ਤੋਂ ਬਾਹਰ ਚਲੇ ਨਹੀਂ ਜਾਂਦੇ।ਐਸ.ਐਸ.ਪੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਅਤੇ ਡੀਜੀਪੀ ਸ੍ਰੀ ਗੌਰਵ ਯਾਦਵ ਵੱਲੋਂ ਇਸ ਬਾਬਤ ਬੜੀਆਂ ਸਪੱਸ਼ਟ ਹਦਾਇਤਾਂ ਹਨ ਕਿ ਜੋ ਵੀ ਵਿਅਕਤੀ ਨਸ਼ਾ ਤਸਕਰੀ ਦੇ ਧੰਦੇ ਵਿੱਚ ਸ਼ਾਮਿਲ ਹੈ, ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਐਸ.ਐਸ.ਪੀ ਬਟਾਲਾ ਨੇ ਅੱਗੇ ਕਿਹਾ ਕਿ ਬਟਾਲਾ ਪੁਲਿਸ ਵਲੋਂ ਨਸ਼ਿਆਂ ਵਿਰੁੱਧ ਜੀਰੋ ਟਾਲਰੈਂਸ ਦੀ ਨੀਤੀ ਅਪਣਾਈ ਗਈ ਹੈ ਅਤੇ ਬਟਾਲਾ ਪੁਲਿਸ ਵਲੋਂ ਪਿਛਲੇ ਦੋ ਮਹੀਨਿਆਂ ਵਿੱਚ 250 ਪਰਚੇ ਦਰਜ ਕੀਤੇ ਗਏ ਹਨ। ਨਸ਼ਾ ਤਸਕਰਾਂ ਦੀਆਂ 52 ਸੰਪੰਤੀ ਕਾਨੂੰਨੀ ਕਾਰਵਾਈ ਕਰਦਿਆਂ ਅਟੈਚ ਕੀਤੀ ਗਈ ਹੈ, ਜਿਸ ਦੀ ਕੀਮਤ ਕਰੀਬ 28 ਕਰੋੜ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਤੇ ਵਾਰਡ ਪੱਧਰ 'ਤੇ ਸੁਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੇ ਸਹਿਯੋਗ ਨਾਲ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਰਹੀ ਹੈ ਅਤੇ 110 ਪਿੰਡਾਂ ਵਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਮਤੇ ਪਾਏ ਗਏ ਹਨ, ਜਿਸ ਨਾਲ ਨਸ਼ੇ ਨੂੰ ਜੜੋਂ ਖਤਮ ਕੀਤਾ ਜਾਵੇਗਾ।

ਐਸ.ਐਸ.ਪੀ ਨੇ ਅੱਗੇ ਕਿਹਾ ਕਿ ਸਾਡੇ ਲਈ ਸਾਡੇ ਬੱਚੇ , ਸਾਡੀ ਜਵਾਨੀ ਨੂੰ ਸੰਭਾਲਣਾ ਬੇਹੱਦ ਜਰੂਰੀ ਹੈ , ਜੋ ਕਿ ਇਨਾਂ ਤਸਕਰਾਂ ਦੇ ਘਟੀਆ ਕੰਮਾਂ ਕਾਰਨ ਨਸ਼ੇ ਦੀ ਚੇਟਕ ਨਾਲ ਆਪਣਾ ਜੀਵਨ ਤਬਾਹ ਕਰ ਲੈਂਦੇ ਹਨ।

ਉਨਾਂ ਕਿਹਾ ਕਿ ਅਸੀਂ ਨਸ਼ਾ ਤਸਕਰਾਂ ਲਈ ਦੀਵਾਰ ਬਣ ਕੇ ਖੜੇ ਹਾਂ ਅਤੇ ਜੋ ਵਿਅਕਤੀ ਨਸ਼ਾ ਪੀਂਦੇ ਹਨ ਉਨਾਂ ਨੂੰ ਇਸ ਦਾ ਰੋਗੀ ਜਾਣ ਕੇ ਇਲਾਜ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਰਾਜੇਸ਼ ਕੱਕੜ, ਡੀ.ਐਸ.ਪੀ ਕਾਦੀਆਂ, ਭੁਪਿੰਦਰ ਸਿੰਘ ਈ.ਓ ਕਾਦੀਆਂ, ਨਿਰਮਲ ਸਿੰਘ ਐਸ.ਐਚ.ਓ ਕਾਦੀਆਂ, ਐਸ.ਐਚ.ਓਜ਼ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਵੀ ਮੌਕੇ 'ਤੇ ਮੌਜੂਦ ਸਨ।

# ਸੂਬਾ ਸਰਕਾਰ ਵੱਲੋਂ ਸਕੂਲਾਂ 'ਚ ਲਿਆਂਦੀਆਂ ਜਾ ਰਹੀਆਂ ਹਨ ਕ੍ਰਾਂਤੀਕਾਰੀ ਤਬਦੀਲੀਆਂ : ਬਲਕਾਰ ਸਿੰਘ ਸਿੱਧੂ



**ਬਠਿੰਡਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਕੂਲਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਂਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਵਿੱਚ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਰਾਮਪੁਰਾ ਫੂਲ ਸ਼੍ਰੀ ਬਲਕਾਰ ਸਿੰਘ ਸਿੱਧੂ ਨੇ ਸਿੱਖਿਆਂ ਕ੍ਰਾਂਤੀ ਸਮਾਗਮ ਦੇ ਮੱਦੇਨਜ਼ਰ ਸਰਕਾਰੀ ਮਿਡਲ ਸਕੂਲ ਜਲਾਲ ਵਿਖੇ ਕਰਵਾਏ ਗਏ ਸਮਾਗਮ ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ।ਵਿਧਾਇਕ ਸ਼੍ਰੀ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਸੂਬਾ ਸਰਕਾਰ ਦੀ ਨਿਵੇਕਲੀ ਪਹਿਲਕਦਮੀ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜ ਕੇ ਚੰਗੀ ਮੁਹਾਰਤ ਹਾਸਲ ਕਰਵਾਈ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਵਧੀਆਂ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।

ਵਿਧਾਇਕ ਸ੍ਰੀ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਮਾਨ ਸਰਕਾਰ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੇ ਨਾਲ-ਨਾਲ ਅਧਿਆਪਕਾਂ ਦੇ ਹੁਨਰ ਨੂੰ ਹੋਰ ਨਿਖਾਰਨ ਲਈ ਕੋਸ਼ਿਸ਼ਾਂ ਲਗਾਤਾਰ ਜਾਰੀ ਹੈ।

ਇਸ ਦੌਰਾਨ ਉਨ੍ਹਾਂ ਸਰਕਾਰੀ ਮਿਡਲ ਸਕੂਲ ਜਲਾਲ ਦੇ ਦੋ ਕਮਰਿਆਂ ਲਈ 15 ਲੱਖ 2 ਹਜ਼ਾਰ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਜਲਾਲ ਦੇ ਇੱਕ ਕਮਰੇ ਲਈ 7 ਲੱਖ 51 ਹਜਾਰ ਅਤੇ ਚਾਰਦੀਵਾਰੀ ਲਈ 2 ਲੱਖ 35 ਹਜ਼ਾਰ ਰੁਪਏ, ਸਰਕਾਰੀ ਮਿਡਲ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਬੁਰਜ ਥਰੋੜ ਦੀ ਚਾਰਦੀਵਾਰੀ 13 ਲੱਖ 50 ਹਜ਼ਾਰ ਦੀ ਲਾਗਤ ਨਾਲ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਸਕੂਲਾਂ ਦਾ ਸਮੂਹ ਸਟਾਫ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਅਤੇ ਪਿੰਡਾਂ ਦੀ ਪੰਚਾਇਤਾਂ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# ਪੰਜਾਬ ਦੇ ਖੇਤਾਂ ਨੂੰ ਸੁਕਾ ਕੇ ਕਿਸੇ ਹੋਰ ਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ: ਬਰਿੰਦਰ ਕੁਮਾਰ ਗੋਇਲ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਪੰਜਾਬ ਦੇ ਖੇਤਾਂ ਨੂੰ ਸੁਕਾ ਕੇ ਕਿਸੇ ਹੋਰ ਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕੇਗੀ ਅਤੇ ਕਿਸੇ ਵੀ ਕੀਮਤ 'ਤੇ ਪੰਜਾਬ ਦੇ ਪਾਣੀ ਦੀ ਲੁੱਟ ਨਹੀਂ ਹੋਣ ਦਿੱਤੀ ਜਾਵੇਗੀ।



ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪਾਣੀਆਂ ਦੇ ਮਸਲੇ 'ਤੇ ਪੰਜਾਬ ਦਾ ਸਟੈਂਡ ਬਿਲਕੁਲ ਸਪੱਸ਼ਟ ਅਤੇ ਸਾਫ਼ ਹੈ ਕਿ ਪੰਜਾਬ ਆਪਣਾ ਹੱਕ ਨਹੀਂ ਛੱਡੇਗਾ। ਹਰਿਆਣਾ ਆਪਣੇ ਹਿੱਸੇ ਤੋਂ ਪਹਿਲਾਂ ਹੀ ਵੱਧ ਪਾਣੀ ਲੈ ਚੁੱਕਾ ਹੈ। ਪੰਜਾਬ ਕੇਂਦਰ ਜਾਂ ਹਰਿਆਣਾ ਦੇ ਦਬਾਅ ਅੱਗੇ ਨਹੀਂ ਝੁਕੇਗਾ।ਇਕ ਹੋਰ ਸਵਾਲ ਦੇ ਜਵਾਬ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਤੈਅ ਨਿਯਮਾਂ ਅਨੁਸਾਰ ਬੁਲਾਈ ਗਈ ਮੀਟਿੰਗ ਵਿੱਚ ਤਾਂ ਪੰਜਾਬ ਭਾਗ ਲਵੇਗਾ ਪਰ ਕੇਂਦਰ ਦੀ ਸ਼ਹਿ 'ਤੇ ਕਾਇਦੇ-ਕਾਨੂੰਨ ਨੂੰ ਛਿੱਕੇ ਟੰਗ ਕੇ ਬੁਲਾਈ ਕਿਸੇ ਮੀਟਿੰਗ ਵਿੱਚ ਸ਼ਿਰਕਤ ਨਹੀਂ ਕਰੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਾਣੀਆਂ ਦੇ ਮਸਲੇ 'ਤੇ 7 ਮਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸੇਸ਼ ਇਜਲਾਸ ਬੁਲਾਇਆ ਗਿਆ ਹੈ ਜਿਸ ਵਿੱਚ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਪੱਕੀ ਰਣਨੀਤੀ ਉਲੀਕੀ ਜਾਵੇਗੀ।

ਇਸ ਦੌਰਾਨ ਫਿਰੋਜਪੁਰ ਫੀਡਰ ਨਹਿਰ ਦਾ 647.43 ਕਰੋੜ ਰੁਪਏ ਦਾ ਪ੍ਰਾਜੈਕਟ ਪ੍ਰਵਾਨ ਹੋਣ 'ਤੇ ਫਾਜ਼ਿਲਕਾ ਜ਼ਿਲ੍ਹੇ ਦੇ ਕਿਸਾਨਾਂ ਨੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਦਾ ਮੂੰਹ ਮਿੱਠਾ ਕਰਵਾਇਆ। ਕਿਸਾਨਾਂ ਨੇ ਇਸ ਲਈ ਪੰਜਾਬ ਸਰਕਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਜਿਸ ਦੇ ਯਤਨਾਂ ਨਾਲ ਇਹ ਨਹਿਰ ਦਾ ਪ੍ਰਾਜੈਕਟ ਪ੍ਰਵਾਨ ਹੋਇਆ ਹੈ।

ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਫਿਰੋਜ਼ਪੁਰ ਫੀਡਰ ਦੀ ਸਮਰੱਥਾ ਵਾਧੇ ਅਤੇ ਨਵੀਂ ਬਣਨ ਤੋਂ ਬਾਅਦ ਫਾਜ਼ਿਲਕਾ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ ਅਤੇ ਫ਼ਰੀਦਕੋਟ ਦੇ ਕਿਸਾਨਾਂ ਨੂੰ ਜਿੱਥੇ ਪੂਰਾ ਨਹਿਰੀ ਪਾਣੀ ਮਿਲੇਗਾ, ਉੱਥੇ ਹੀ ਫਾਜ਼ਿਲਕਾ ਜ਼ਿਲ੍ਹੇ ਦੇ ਸਰਹੱਦੀ ਇਲਾਕਿਆਂ ਵਿੱਚ ਪਾਕਿਸਤਾਨ ਦੇ ਕਸੂਰ ਨਾਲੇ ਤੋਂ ਆਉਣ ਵਾਲੇ ਕਾਲੇ ਪਾਣੀ ਤੋਂ ਵੀ ਮੁਕਤੀ ਮਿਲੇਗੀ।

ਕੈਬਨਿਟ ਮੰਤਰੀ ਨਾਲ ਫ਼ਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ, ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ, ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਅਤੇ ਸਾਬਕਾ ਵਿਧਾਇਕ ਅਰੁਣ ਨਾਰੰਗ ਵੀ ਹਾਜ਼ਰ ਸਨ।

# ਨਸ਼ਾ ਛੱਡਣ ਵਾਲੇ ਨੌਜਵਾਨਾ ਦਾ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਕੀਤਾ ਜਾ ਰਿਹਾ ਹੈ ਮੁਫ਼ਤ ਇਲਾਜ: ਐਸ ਪੀ



**ਪਟਿਆਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਂਝ ਕੇਂਦਰ ਸਿਟੀ 2 ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਾਮਿਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ, ਐਸ ਐਸ ਪੀ ਪਟਿਆਲਾ ਵਾਰੁੰਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ- ਜ਼ਿਲ੍ਹਾ ਕਾਮਊਨਿਟੀ ਅਫਸਰ ਵੈਭਵ ਚੋਧਰੀ, ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਦੇ ਇੰਚਾਰਜ ਸੁਖਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜ਼ੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਦੇ ਸਹਿਯੋਗ ਨਾਲ ਨਸ਼ਿਆਂ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਐਸ ਪੀ (ਡੀ) ਗੁਰਬੰਸ ਸਿੰਘ ਬੈਂਸ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦਾ ਉਦਘਾਟਨ ਡੀ ਐਸ ਪੀ ਪਾਤੜਾਂ ਇੰਦਰਜੀਤ ਸਿੰਘ ਚੋਹਾਨ ਜੀ ਨੇ ਕੀਤਾ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੋਸਲਿੰਗ ਸੈਲ ਪਟਿਆਲਾ ਨੇ ਕੀਤੀ, ਇਸ ਮੌਕੇ ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2 ਵਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ,ਇਸ ਮੌਕੇ ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਰਮਨਦੀਪ ਸਿੰਘ ਪੀ ਵੀ ਓ ਸਾਂਝ ਕੇਂਦਰ ਤ੍ਰਿਪੜੀ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ , ਹਰਮਨਜੀਤ ਸਿੰਘ ਰੰਧਾਵਾ,ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਐਸ ਪੀ ਗੁਰਬੰਸ ਸਿੰਘ ਬੈਂਸ ਨੇ ਕਿਹਾ ਕਿ ਸਾਂਝ ਕੇਂਦਰ ਸਿਟੀ 2 ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸੰਸਾਯੋਗ ਹਨ ਉਹਨਾਂ ਕਿਹਾ ਕਿ ਅੱਜ ਕਈ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਆਪਣਾ ਜੀਵਨ ਖਰਾਬ ਕਰ ਰਹੇ ਹਨ ਇਸ ਲਈ ਉਹਨਾਂ ਨੂੰ ਨਸ਼ਿਆਂ ਤੋਂ ਬਹਾਰ ਕੱਢਣ ਲਈ ਉਹਨਾਂ ਦੀ ਕੋਸਲਿੰਗ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਕੇ ਉਹਨਾਂ ਦਾ ਇਲਾਜ ਕਰਵਾਉਣਾ ਚਾਹੀਦਾ ਹੈ ।

# ਈਡੀ ਵੱਲੋਂ ਹਰਿਆਣਾ ਕਾਂਗਰਸ ਦਾ ਸਾਬਕਾ ਵਿਧਾਇਕ ਗ੍ਰਿਫ਼ਤਾਰ

**ਨਵੀਂ ਦਿੱਲੀ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਫੋਰਸਮੈਂਟ ਡਾਇਰੈਕਟੋਰੇਟ ਨੇ ਹਰਿਆਣਾ ਕਾਂਗਰਸ ਦੇ ਸਾਬਕਾ ਵਿਧਾਇਕ ਧਰਮ ਸਿੰਘ ਛੋਕਰ ਨੂੰ ਗ੍ਰਿਫ਼ਤਾਰ ਕੀਤਾ ਹੈ। ਮੰਨਿਆ ਜਾ ਰਿਹਾ ਹੈ ਕਿ 61 ਸਾਲਾ ਸਾਬਕਾ ਵਿਧਾਇਕ ਨੂੰ ਐਤਵਾਰ ਨੂੰ ਦਿੱਲੀ ਦੇ ਇਕ ਹੋਟਲ ਤੋਂ ਹਿਰਾਸਤ ਵਿਚ ਲਿਆ ਗਿਆ ਹੈ। ਉਨ੍ਹਾਂ ਨੂੰ ਗੁਰੂਗ੍ਰਾਮ ਦੀ ਇਕ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਛੋਕਰ ਪਾਣੀਪਤ ਜ਼ਿਲ੍ਹੇ ਦੀ ਸਮਾਲਖਾ ਵਿਧਾਨ ਸਭਾ ਸੀਟ ਤੋਂ ਸਾਬਕਾ ਵਿਧਾਇਕ ਹਨ, ਉਹ ਪਿਛਲੇ ਸਾਲ ਹਰਿਆਣਾ ਵਿਧਾਨ ਸਭਾ ਚੋਣਾਂ ਹਾਰ ਗਏ ਸਨ ਜਦੋਂ ਉਨ੍ਹਾਂ ਦੀ ਪਾਰਟੀ ਨੇ ਉਸੇ ਸੀਟ ਤੋਂ ਦੁਬਾਰਾ ਚੋਣ ਲੜਨ ਲਈ ਟਿਕਟ ਦਿੱਤੀ ਸੀ।

ਛੋਕਰ, ਉਨ੍ਹਾਂ ਦੇ ਪੁੱਤਰ ਵਿਕਾਸ ਛੋਕਰ (ਭਗੌੜਾ) ਅਤੇ ਸਿਕੰਦਰ ਛੋਕਰ 'ਤੇ 1,500 ਤੋਂ ਵੱਧ ਘਰ ਖਰੀਦਦਾਰਾਂ ਨਾਲ ਧੋਖਾਧੜੀ ਕਰਨ ਅਤੇ ਉਨ੍ਹਾਂ ਤੋਂ 500 ਕਰੋੜ ਰੁਪਏ ਤੋਂ ਵੱਧ ਦੇ ਫੰਡ ਹੜੱਪਣ ਦੇ ਦੋਸ਼ ਹਨ। ਸਿਕੰਦਰ ਨੂੰ ਈਡੀ ਨੇ ਪਿਛਲੇ ਸਾਲ ਗ੍ਰਿਫ਼ਤਾਰ ਕੀਤਾ ਸੀ ਅਤੇ ਉਹ ਇਸ ਸਮੇਂ ਜ਼ਮਾਨਤ 'ਤੇ ਹੈ।

ਮਨੀ ਲਾਂਡਰਿੰਗ ਰੋਕਥਾਮ ਐਕਟ (ਪੀਐੱਮਐੱਲਏ) ਦੀ ਇਕ ਵਿਸ਼ੇਸ਼ ਅਦਾਲਤ ਨੇ ਧਰਮ ਸਿੰਘ ਛੋਕਰ ਅਤੇ ਵਿਕਾਸ ਛੋਕਰ ਵਿਰੁੱਧ ਕਈ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। ਈਡੀ ਨੇ ਮਾਰਚ ਵਿਚ ਕਿਹਾ ਸੀ ਕਿ ਏਜੰਸੀ ਨੇ ਉਨ੍ਹਾਂ ਵਿਰੁੱਧ ਇਕ ਜਨਤਕ ਘੋਸ਼ਣਾ ਜਾਰੀ ਕੀਤੀ ਸੀ ਅਤੇ 19 ਮਈ ਨੂੰ ਅਦਾਲਤ ਵਿੱਚ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਸੀ। ਮਨੀ ਲਾਂਡਰਿੰਗ ਦਾ ਮਾਮਲਾ ਗੁਰੂਗ੍ਰਾਮ ਪੁਲੀਸ ਵੱਲੋਂ ਸਾਈਂ ਆਈਨਾ ਫਾਰਮਜ਼ ਅਤੇ ਸੰਬੰਧਿਤ ਕੰਪਨੀਆਂ ਵਿਰੁੱਧ ਦਰਜ ਕੀਤੀ ਗਈ ਐੱਫਆਈਆਰ ਤੋਂ ਬਾਅਦ ਸਾਹਮਣੇ ਆਇਆ ਹੈ।

# ਸਿੱਖੀ ਦੇ ਵਿਆਪਕ ਪ੍ਰਚਾਰ ਲਈ ਜੱਥੇਦਾਰ ਦੀ ਇੱਕਜੁੱਟਤਾ ਅਪੀਲ ਦਾ ਗਲੋਬਲ ਸਿੱਖ ਕੌਂਸਲ ਵੱਲੋਂ ਸਮਰਥਨ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗਲੋਬਲ ਸਿੱਖ ਕੌਂਸਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਉਸ ਅਪੀਲ ਦਾ ਸਮਰਥਨ ਕੀਤਾ ਹੈ ਜਿਸ ਵਿੱਚ ਭਾਈ ਰਣਜੀਤ ਸਿੰਘ ਢੱਡਰੀਆਂਵਾਲਾ ਸਮੇਤ ਸਾਰੇ ਸਿੱਖ ਪ੍ਰਚਾਰਕਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰਛਾਇਆ ਹੇਠ ਇਕੱਤਰ ਹੋ ਕੇ ਦੇਸ਼ ਭਰ ਵਿੱਚ ਸਿੱਖੀ ਪ੍ਰਚਾਰ ਦੇ ਮਿਸ਼ਨ ਨੂੰ ਮੁੜ ਸੁਰਜੀਤ ਕਰਨ ਤੇ ਖਾਲਸਾ ਪੰਥ ਅੰਦਰ ਰੂਹਾਨੀਅਤ ਨੂੰ ਉਤਸ਼ਾਹਿਤ ਕਰਨ ਦੀ ਗੁਜ਼ਾਰਿਸ਼ ਕੀਤੀ ਹੈ।



ਇੱਥੇ ਇੱਕ ਬਿਆਨ ਵਿੱਚ ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਕੰਵਲਜੀਤ ਕੌਰ, ਧਾਰਮਿਕ ਮਾਮਲਿਆਂ ਦੀ ਕਮੇਟੀ ਦੇ ਚੇਅਰਮੈਨ ਡਾ. ਕਰਮਿੰਦਰ ਸਿੰਘ, ਕਾਨੂੰਨੀ ਮਾਮਲਿਆਂ ਦੀ ਕਮੇਟੀ ਦੇ ਚੇਅਰਮੈਨ ਜਗੀਰ ਸਿੰਘ ਅਤੇ ਕੌਂਸਲ ਦੇ ਸਕੱਤਰ ਹਰਜੀਤ ਸਿੰਘ ਨੇ ਜੱਥੇਦਾਰ ਦੀ ਇਸ ਕੋਸ਼ਿਸ਼ ਨੂੰ ÷ਸਮੇਂ ਦੀ ਲੋੜ ਅਤੇ ਵੇਲੇ ਸਿਰ ਨਿਭਾਈ ਧਾਰਮਿਕ ਪਹਿਲਕਦਮੀ÷ ਕਰਾਰ ਦਿੱਤਾ ਹੈ ਤਾਂ ਜੋ ਪੰਜਾਬ ਅਤੇ ਹੋਰ ਰਾਜਾਂ ਵਿੱਚ ਸਿੱਖੀ ਨੂੰ ਕਾਇਮ ਰੱਖਣ ਪ੍ਰਤੀ ਘਟ ਰਹੀ ਪ੍ਰਵਿਰਤੀ ਨੂੰ ਠੱਲ੍ਹ ਪਾਈ ਜਾ ਸਕੇ।

ਗਲੋਬਲ ਸਿੱਖ ਕੌਂਸਲ ਨੇ ਜੱਥੇਦਾਰ ਨੂੰ ਗੁਜ਼ਾਰਿਸ਼ ਕੀਤੀ ਹੈ ਕਿ ਉਹ ਉਨਾਂ ਸਾਰੇ ਪ੍ਰਭਾਵਸ਼ਾਲੀ ਅਤੇ ਪ੍ਰਤੀਬੱਧ ਪ੍ਰਚਾਰਕਾਂ ਨੂੰ ਵੀ ਇਸੇ ਤਰ੍ਹਾਂ ਪੰਥਕ ਸੇਵਾ ਦਾ ਸੱਦਾ ਦੇਣ ਜੋ ਪਹਿਲਾਂ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਵਿੱਚੋਂ ਛੇਕੇ ਜਾਣ ਵਰਗੇ ਫ਼ੈਸਲਿਆਂ ਕਾਰਨ ਸੇਵਾ ਤੋਂ ਦੂਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਹ ਵੇਲਾ ਵਿਤਕਰੇਬਾਜੀ, ਤੋੜ-ਵਿਛੋੜੇ ਜਾਂ ਵੰਡੀਆਂ ਪਾਉਣ ਦਾ ਨਹੀਂ ਸਗੋਂ ਸੂਝ-ਬੂਝ ਨਾਲ ਕੌਮ ਦੀ ਇੱਕਜੁੱਟਤਾ ਅਤੇ ਗੁਰਮਤਿ ਅਧਾਰਿਤ ਪੰਥਕ ਏਕਤਾ ਕਰਾਉਣ ਦਾ ਸਮਾਂ ਹੈ। ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸਾ ਪੰਥ ਦੀ ਦੁਨਿਆਵੀ, ਧਾਰਮਿਕ ਅਤੇ ਰੂਹਾਨੀ ਸਰਵਉੱਚਤਾ ਦਾ ਕੇਂਦਰ ਹੋਣ ਦੇ ਨਾਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਮੁਆਫ਼ ਕਰਨ, ਗਲੇ ਲਾਉਣ ਅਤੇ ਕੌਮ ਦੀ ਚੜ੍ਹਦੀਕਲਾ ਲਈ ਯਤਨਸ਼ੀਲ ਹੋਵੇ।

ਕੌਂਸਲ ਨੇ ਤਰਕ ਦਿੱਤਾ ਹੈ ਕਿ ਗੁਰਮਤਿ ਤੇ ਗੁਰਬਾਣੀ ਪ੍ਰਚਾਰ ਵਿੱਚ ਗੰਭੀਰ ਗਿਰਾਵਟ ਕਾਰਨ ਨੌਜਵਾਨਾਂ ਵਿੱਚ ਧਾਰਮਿਕ ਰੁਚੀ ਘਟ ਰਹੀ ਹੈ ਅਤੇ ਸਿੱਖਾਂ ਵਿੱਚ ਧਰਮ-ਪਰਿਵਰਤਨ ਵਧ ਰਿਹਾ ਹੈ। ਪੰਥ ਵਿੱਚੋਂ ਛੇਕਣ ਵਰਗੀ ਰਵਾਇਤ ਈਸਾਈ ਪਰੰਪਰਾ ਵਿੱਚ ਪ੍ਰਚਲਿਤ ਧਾਰਨਾ ਤੋਂ ਅਪਣਾਈ ਗਈ ਹੈ ਅਤੇ ਇਸਦਾ ਪੁਰਾਤਨ ਸਿੱਖ ਮਰਯਾਦਾ ਨਾਲ ਕੋਈ ਲੈਣਾ ਦੇਣਾ ਨਹੀਂ। ਇਸ ਲਈ ਗੁਰਸਿੱਖੀ ਵਿੱਚ ਸਰਬੱਤ ਦਾ ਭਲਾ ਹੀ ਹਰ ਕਾਰਜ ਲਈ ਪ੍ਰੇਰਣਾ ਸਰੋਤ ਹੋਣਾ ਚਾਹੀਦਾ ਹੈ।

ਪ੍ਰਧਾਨ ਕੰਵਲਜੀਤ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਕੌਂਸਲ ਦੀਆਂ 30 ਤੋਂ ਵੱਧ ਦੇਸ਼ਾਂ ਵਿੱਚ ਮੈਂਬਰ ਸੰਸਥਾਵਾਂ ਹਨ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹਨ ਅਤੇ ਗੁਰੂ ਸਾਹਿਬਾਨ ਦੇ ਮਾਨਵਤਾ ਪੱਖੀ ਗੁਰਸੰਦੇਸ਼ ਦੇ ਪ੍ਰਚਾਰ ਲਈ ਪ੍ਰਚਾਰਕਾਂ ਨੂੰ ਰੂਹਾਨੀ ਅਤੇ ਬੌਧਿਕ ਸਿਖਲਾਈ ਦੇ ਕੇ ਸੇਵਾ ਦੇ ਕਾਰਜ ਵਿੱਚ ਭੇਜਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਇਸ ਵੇਲੇ ਖ਼ਾਲਸਾ ਪੰਥ ਨੂੰ ਇੱਕਸੁਰ ਅਤੇ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਇਹ ਸਮਾਂ ਵੰਡੀਆਂ ਪਾਉਣ ਦਾ ਨਹੀਂ, ਸਗੋਂ ਸਾਂਝੀ ਸੋਚ ਰਾਹੀਂ ਗੁਰਮਤਿ ਪ੍ਰਚਾਰ ਦੀ ਨਵੀਂ ਲਹਿਰ ਸਿਰਜਣ ਦਾ ਹੈ।

ਪੰਥਕ ਏਕਤਾ, ਗੁਰਮਤਿ ਅਧਾਰਿਤ ਵਾਰਤਾਲਾਪ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦੇ ਸੰਕਲਪ ਨੂੰ ਦੁਹਰਾਉਂਦਿਆਂ ਗਲੋਬਲ ਸਿੱਖ ਕੌਂਸਲ ਨੇ ਸਮੂਹ ਸਿੱਖ ਨੇਤਾਵਾਂ ਨੂੰ ਕੌਮ ਦੇ ਵਡੇਰੇ ਹਿਤਾਂ ਦੇ ਮੱਦੇਨਜ਼ਰ ਆਪਸੀ ਪੁਰਾਣੇ ਮਤਭੇਦਾਂ ਤੋਂ ਉੱਪਰ ਉੱਠ ਕੇ ਕੌਮ ਦੀ ਸੇਵਾ ਲਈ ਜੁਟੇ ਸਾਰੇ ਪ੍ਰਚਾਰਕਾਂ ਤੇ ਨੇਤਾਵਾਂ ਨੂੰ ਸਵੀਕਾਰ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਇੱਕਜੁੱਟਤਾ ਨਾਲ ਦੇਸ਼ ਭਰ ਵਿੱਚ ਗੁਰਸਿੱਖੀ, ਗੁਰਮਤਿ ਅਤੇ ਗੁਰਬਾਣੀ ਦੇ ਪ੍ਰਚਾਰ ਨੂੰ ਇਸਦੇ ਸਹੀ ਮਾਅਨਿਆਂ ਵਿੱਚ ਮਜ਼ਬੂਤ ਕੀਤਾ ਜਾ ਸਕੇ।

# ਕੁਪੋਸ਼ਨ ਅਤੇ ਏਨੀਮਿਆ ਦੇ ਖਾਤਮੇ ਲਈ ਹਰਿਆਣਾ ਨੇ ਕੀਤਾ ਸੂਬਾ ਟਾਸਕ ਫੋਰਸ ਦਾ ਗਠਨ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਮਹਿਲਾਵਾਂ ਤੇ ਬੱਚਿਆਂ ਵਿੱਚ ਕੁਪੋਸ਼ਨ ਅਤੇ ਏਨੀਮਿਆ ਨੂੰ ਖਤਮ ਕਰਨ ਦੇ ਉਦੇਸ਼ ਨਾਲ ਚਲਾਏ ਜਾ ਰਹੇ ਪ੍ਰੋਗਰਾਮਾਂ ਦੀ ਨਿਗਰਾਨੀ ਅਤੇ ਤਾਲਮੇਲ ਲਈ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਵਧੀਕ ਮੁੱਖ ਸਕੱਤਰ ਦੀ ਅਗਵਾਈ ਹੇਠ ਰਾਜ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਹੈ।

ਇਸ ਕਾਰਜ ਫੋਰਸ ਵਿੱਚ ਸਿਹਤ, ਆਯੂਸ਼, ਸਿਖਿਆ ਅਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਪ੍ਰਤੀਨਿਧੀ ਸ਼ਾਮਿਲ ਹੋਣਗੇ। ਸਾਰੀ ਦਖਲਅੰਦਾਜੀਆਂ ਨੂੰ ਪ੍ਰਭਾਵੀ ਲਾਗੂ ਕਰਨ ਅਤੇ ਨਿਗਰਾਨੀ ਸਕੀਨੀ ਕਰਨ ਲਈ ਹਰ ਪਖਵਾੜੇ ਟਾਸਕ ਫੋਰਸ ਦੀ ਮੀਟਿੰਗ ਹੋਵੇਗੀ।

ਇਹ ਫੈਸਲਾ ਅੱਜ ਇੱਥੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਪੋਸ਼ਨ ਮੁਹਿੰਮ ਤਹਿਤ ਸੂਬਾ ਕੰਵਰਜੇਂਸ ਕਮੇਟੀ ਦੀ ਛੇਵੀਂ ਮੀਟਿੰਗ ਵਿੱਚ ਕੀਤਾ ਗਿਆ।

ਮੀਟਿੰਗ ਬਾਅਦ ਮਹਿਲਾ ਅਤੇ ਬਾਲ ਵਿਕਾਸ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ ਨੇ ਦਸਿਆ ਕਿ ਪੋਸ਼ਨ 2.0 ਤਹਿਤ ਜਮੀਨੀ ਪੱਧਰ 'ਤੇ ਨਿਗਰਾਨੀ 'ਤੇ ਧਿਆਨ ਕੇਂਦ੍ਰਿਤ ਕੀਤਾ ਜਾ ਰਿਹਾ ਹੈ। ਇਸ ਵਿੱਚ ਪਿੰਡ ਪੱਧਰ 'ਤੇ ਪੋਸ਼ਨ ਪੰਚਾਇਤਾਂ ਦੀ ਸਥਾਪਨਾ ਵੀ ਸ਼ਾਮਿਲ ਹੈ।

ਪਿੰਡ ਪੱਧਰ 'ਤੇ ਦਖਲਅੰਦਾਜਾਰੀ ਨੂੰ ਮਜਬੂਤ ਕਰ ਲਈ ਪਿੰਡ ਪੰਚਾਇਤਾਂ ਦੇ ਤਹਿਤ 10-15 ਮਹਿਲਾਵਾਂ ਦੀ ਸਬ-ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਇੰਨ੍ਹਾਂ ਸਬ-ਕਮੇਟੀਆਂ ਦੀ ਹਰ ਮਹੀਨੇ ਮੀਟਿੰਗ ਹੋਵੇਗੀ। ਇਹ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ (ਅਸੀਸੀਡੀਐਸ) ਦੀ ਨਿਗਰਾਨੀ ਕਰਣਗੀਆਂ, ਭੋਜਨ ਦੀ ਗੁਣਵੱਤਾ ਦਾ ਓਡਿਟ ਕਰੇਗੀ, ਆਂਗਨਵਾੜੀ ਕੇਂਦਰਾਂ ਵਿੱਚ ਮੌਕੇ 'ਤੇ ਜਾ ਕੇ ਜਾਂਚ ਕਰੇਗੀ ਅਤੇ ਪਿੰਡ ਦੇ ਸਿਹਤ ਪ੍ਰੋਗਰਾਮਾਂ ਵਿੱਚ ਹਿੱਸਾ ਲਵੇਗੀ।

ਇਸ ਤੋਂ ਇਲਾਵਾ, ਕੌਮੀ ਸਮਰਪਿਤ ਪੰਚਾਇਤ ਮੁਹਿੰਮ ਤਹਿਤ, ਸੂਬੇ ਵਿੱਚ ਤਾਲਮੇਲ ਯਤਨਾਂ ਤੋਂ ਕੁਪੋਸ਼ਨ ਨੂੰ ਘੱਟ ਕਰਨ ਲਈ ਪਿੰਡ ਪੰਚਾਇਤਾਂ ਨੂੰ ਪ੍ਰੋਤਸਾਹਿਤ ਕੀਤਾ ਜਾਵੇਗਾ।

ਭੋਜਨ ਵਿਵਿਧਤਾ ਨੂੰ ਬਿਹਤਰ ਬਨਾਉਣ ਲਈ ਆਂਗਨਵਾੜੀ ਕੇਂਦਰਾਂ, ਸਕੂਲਾਂ, ਪੰਚਾਇਤ ਭੂਮੀ ਅਤੇ ਕਮਿਉਨਿਟੀ ਸਥਾਨਾਂ 'ਤੇ ਪੋਸ਼ਨ ਵਾਟਿਕਾਵਾਂ ਬਨਾਉਣ ਦੀ ਯੋਜਨਾ ਬਣਾਈ ਗਈ ਹੈ।

ਬਾਗਬਾਲੀ ਅਤੇ ਆਯੂਸ਼ ਵਿਭਾਗ ਪੌਧੇ, ਬੀਜ (ਔਸ਼ਧੀ ਪੌਧਿਆਂ ਸਮੇਤ) ਉਪਲਬਧ ਕਰਵਾਉਣ ਦੇ ਨਾਲ-ਨਾਲ ਤਕਨੀਕੀ ਸਹਾਇਤਾ ਵੀ ਪ੍ਰਦਾਨ ਕਰੇਣਗੇ। ਬਾਗਬਾਨੀ ਵਿਭਾਗ ਵੱਲੋਂ ਸੜਕ ਕਿਨਾਰੇ ਫੱਲਾਂ ਦੇ ਪੌਧੇ ਵੀ ਲਗਾਏ ਜਾਣਗੇ।

ਸ੍ਰੀ ਸੁਧੀਰ ਰਾਜਪਾਲ ਨੇ ਦਸਿਆ ਕਿ ਜਲ੍ਹ ਸ਼ਕਤੀ ਮੁਹਿੰਮ ਤਹਿਤ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਰਾਹੀਂ ਸਾਰੇ ਆਂਗਨਵਾੜੀ ਕੇਂਦਰਾਂ ਨੂੰ ਪਾਣੀ ਦੇ ਕਨੈਕਸ਼ਨ ਪ੍ਰਦਾਨ ਕਰਨ ਦੇ ਸਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਨੇ ਅਪੀਲ ਕੀਤੀ ਕਿ ਪੰਚਾਇਤਾਂ ਆਂਗਨਵਾੜੀ ਕੇਂਦਰਾਂ ਦੇ ਰੱਖਰਖਾਵ ਅਤੇ ਛੋਟੀ-ਮੋਟੀ ਮੁਰੰਮਤ ਵਿੱਚ ਸਰਗਰਮ ਭੁਕਿਮਾ ਨਿਭਾਉਣ। ਪੰਚਾਇਤੀ ਰਾਜ ਵਿਭਾਗ ਦੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਹਰੇਕ ਪੰਚਾਇਤ ਵੱਲੋਂ ਅਜਿਹੀ ਮੁਰੰਮਤ ਲਈ ਪ੍ਰਤੀ ਆਂਗਨਵਾੜੀ ਕੇਂਦਰ 25 ਹਜਾਰ ਰੁਪਏ ਤੱਕ ਅਲਾਟ ਕੀਤੇ ਜਾਣਗੇ।

ਰਾਸ਼ਨ ਵੰਡ ਵਿੱਚ ਪਾਰਦਰਸ਼ਿਤਾ ਅਤੇ ਕੁਸ਼ਲਤਾ ਵਧਾਉਣ ਲਈ ਪੋਸ਼ਨ ਟ੍ਰੈਕਰ ਐਪ ਨੂੰ ਫੇਸ਼ਿਅਲ ਰਿਕਾਗ੍ਰਿਸ਼ਨ ਸਿਸਟਮ ਦੇ ਨਾਲ ਏਕੀਕ੍ਰਿਤ ਕੀਤਾ ਗਿਆ ਹੈ, ਤਾਂ ਜੋ ਇਹ ਯਕੀਨੀ ਹੋ ਸਕੇ ਕਿ ਲਾਭ ਸਿਰਫ ਮੌਜੂਦਾ ਲਾਭਕਾਰਾਂ ਨੂੰ ਹੀ ਮਿਲੇ।

ਮੁੱਖ ਮੰਤਰੀ ਦੁੱਧ ਉਪਹਾਰ ਯੋਜਨਾ ਤਹਿਤ ਫੋਰਟੀਫਾਇਡ ਦੁੱਧ ਦੇ ਵੰਡ ਨੂੰ ਸਹੀ ਢੰਗ ਨਾਲ ਵਰਤੋ ਕਰਨ ਲਈ, ਆਨਾਲਇਨ ਪ੍ਰਬੰਧਨ ਸੂਚਨਾ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਇਸ ਪ੍ਰਣਾਲੀ ਰਾਹੀਂ ਬੱਚਿਆਂ ਅਤੇ ਜਣੇਪਾ ਅਤੇ ਸਤਨਪਾਨ ਕਰਨ ਵਾਲੀ ਮਾਤਾਵਾਂ ਲਈ ਫੋਟੀਫਾਇਡ ਦੁੱਧ ਦੀ ਸਪਲਾਈ ਅਤੇ ਮੰਗ 'ਤੇ ਨਜਰ ਰੱਖੀ ਜਾਵੇਗੀ।

ਇਸ ਤੋਂ ਇਲਾਵਾ, ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ ਪੋਸ਼ਨ ਸਬੰਧੀ ਕਰਮਚਾਰੀਆਂ ਨਾਲ ਨਜਿਠਣ ਲਈ ਇੱਕ ਹੋਰ ਕਦਮ ਵਧਾਉਂਦੇ ਹੋਏ ਰਾਜ ਵਿੱਚ ਵੇਚੇ ਜਾਣ ਵਾਲੇ ਝੋਨਾ, ਕਣਕ ਅਤੇ ਸਰੋਂ ਦੇ ਤੇਲ ਨੂੰ ਫੋਟੀਫਾਇਡ ਕਰਨਾ ਜਰੂਰੀ ਬਨਾਉਣ ਦੀ ਸੰਭਾਵਨਾਵਾਂ ਤਲਾਸ਼ਣ।

ਸਾਲ 2025-26 ਲਈ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੂੰ ਇੱਕ ਵਿਆਪਕ ਕੰਵਰਜੇਂਸ ਐਕਸ਼ਨ ਪਲਾਟ ਪੇਸ਼ ਕੀਤਾ ਗਿਆ ਹੈ। ਇਸ ਕੰਮ ਯੋ੧ਨਾ ਵਿੱਚ ਸਪਸ਼ਟ ਪੋਸ਼ਨ, ਟੀਖਿਆਂ ਨੂੰ ਹਾਸਲ ਕਰਨ ਲਈ ਵਿਭਾਗਾਂ ਵਿੱਚ ਤਾਲਮੇਲ ਰਣਨੀਤੀਆਂ ਦੀ ਰੂਪਰੇਖਾ ਬਣਾਈ ਗਈ ਹੈ।

ਸ੍ਰੀ ਸੁਧੀਰ ਰਾਜਪਾਲ ਨੇ ਦਸਿਆ ਕਿ ਸੂਬੇ ਵਿੱਚ ਕੁਪੋਸ਼ਨ ਨਾਲ ਨਜਿਠਣ ਦੀ ਦਿਸ਼ਾ ਵਿੱਚ ਕੀਤੇ ਜਾ ਰਹੇ ਸੂਬਾ ਸਰਕਾਰ ਦੇ ਯਤਨ ਰੰਗ ਦਿਖਾਉਣ ਲੱਗੇ ਹਨ।

ਪੋਸ਼ਨ ਮੁਹਿੰਮ ਤਹਿਤ ਸਰਕਾਰ ਦੇ ਕੇਂਦ੍ਰਿਤ ਯਤਨਾਂ ਦੇ ਫਲਸਰੂਪ ਪੋਸ਼ਨ ਨਤੀਜਿਆਂ ਵਿੱਚ ਵਰਨਣਯੋਗ ਸੁਧਾਰ ਹੋਇਆ ਹੈ। ਘੱਟ ਵਜਨ ਵਾਲੇ ਬੱਚਿਆਂ ਦਾ ਅਨੁਪਾਤ 29.4 ਫੀਸਦੀ ਤੋਂ ਘੱਟ ਕੇ 21.5 ਫੀਸਦੀ ਰਹਿ ਗਿਆ ਹੈ ਅਤੇ ਬੌਨੇਪਨ 34 ਫੀਸਦੀ ਤੋਂ ਘਟ ਕੇ 27.5 ਫੀਸਦੀ ਰਹਿ ਗਿਆ ਹੈ।

# ਪੰਜਾਬ ਤੇ ਹਰਿਆਣਾ ਵਿੱਚ ਮੀਂਹ ਤੇ ਗੜੇਮਾਰੀ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੇ ਹਰਿਆਣਾ ਵਿੱਚ ਅੱਜ ਮੀਂਹ ਤੇ ਗੜੇਮਾਰੀ ਹੋਈ। ਮੀਂਹ ਕਰਕੇ ਸੂਬੇ ਦਾ ਤਾਪਮਾਨ ਵੀ 5 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ ਹੈ। ਇਸ ਦੌਰਾਨ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਉੱਥੇ ਹੀ ਮੰਡੀਆਂ ਵਿੱਚ ਪਈ ਕਣਕ ਦੀ ਫ਼ਸਲ ਭਿੱਜ ਗਈ ਅਤੇ ਕਈ ਥਾਵਾਂ 'ਤੇ ਵਾਧੂ ਮੀਂਹ ਪੈਣ ਕਰਕੇ ਮੰਡੀਆਂ ਵਿੱਚ ਪਾਣੀ ਖੜ੍ਹਾ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸ਼ਾਮ ਸਮੇਂ ਬਠਿੰਡਾ ਤੇ ਜਲੰਧਰ ਦੇ ਕੁਝ ਇਲਾਕਿਆਂ ਵਿੱਚ ਮੀਂਹ ਦੇ ਨਾਲ-ਨਾਲ ਗੜੇਮਾਰੀ ਵੀ ਹੋਈ ਹੈ। ਇਸ ਤੋਂ ਇਲਾਵਾ ਚੰਡੀਗੜ੍ਹ, ਅੰਮ੍ਰਿਤਸਰ, ਲੁਧਿਆਣਾ, ਪਠਾਨਕੋਟ, ਪਟਿਆਲਾ, ਫਤਹਿਗੜ੍ਹ ਸਾਹਿਬ ਤੇ ਰੋਪੜ ਇਲਾਕੇ ਵਿੱਚ ਮੀਂਹ ਪਿਆ ਹੈ। ਉੱਧਰ ਮੌਸਮ ਵਿਭਾਗ ਨੇ ਪੰਜਾਬ ਵਿੱਚ ਇਹ ਪੂਰਾ ਹਫ਼ਤਾ ਮੌਸਮ ਖਰਾਬ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਲਈ ਮੌਸਮ ਵਿਭਾਗ ਨੇ 7 ਮਈ ਨੂੰ ਓਰੈਂਜ ਅਲਰਟ ਅਤੇ ਅਗਲੇ 4-5 ਦਿਨਾਂ ਲਈ ਯੈਲੋ ਅਲਰਟ ਜਾਰੀ ਕਰ ਦਿੱਤਾ ਹੈ। ਇਸ ਦੌਰਾਨ ਗਰਜ਼ ਤੇ ਚਮਕ ਨਾਲ ਤੇਜ਼ ਹਵਾਵਾਂ ਚੱਲ ਸਕਦੀਆਂ ਹਨ ਅਤੇ ਦਰਮਿਆਨਾ ਮੀਂਹ ਪੈ ਸਕਦਾ ਹੈ।ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੇ ਅੰਬਾਰ ਲੱਗੇ ਹੋਏ ਹਨ। ਸੂਬਾ ਸਰਕਾਰ ਵੱਲੋਂ ਮੰਡੀਆਂ ਵਿੱਚ ਆਉਣ ਵਾਲੀ ਕਣਕ ਦੀ ਖਰੀਦ ਭਾਵੇਂ ਨਾਲੋਂ-ਨਾਲ ਕੀਤੀ ਜਾ ਰਹੀ ਹੈ, ਪਰ ਲਿਫਟਿੰਗ ਹੌਲੀ ਹੋਣ ਕਰਕੇ ਮੰਡੀਆਂ ਵਿੱਚ ਲੱਗੇ ਕਣਕੇ ਦੇ ਢੇਰ ਭਿੱਜ ਗਏ ਹਨ।

# ਸੁਪਰੀਮ ਕੋਰਟ ਨੇ ਮੰਗੇ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਬਾਰੇ ਦਰਜ FIRs ਦੇ ਵੇਰਵੇ

**ਨਵੀਂ ਦਿੱਲੀ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਕੀ 99" ਖੜਗਪੁਰ ਦੇ ਇੱਕ ਵਿਦਿਆਰਥੀ ਅਤੇ ਰਾਜਸਥਾਨ ਦੇ ਕੋਟਾ ਵਿੱਚ NEET ਦੇ ਇੱਕ ਚਾਹਵਾਨ ਦੀਆਂ ਖ਼ੁਦਕੁਸ਼ੀਆਂ ਦੇ ਸਾਹਮਣੇ ਆਉਣ ਤੋਂ ਬਾਅਦ FIRs ਦਰਜ ਕੀਤੀਆਂ ਗਈਆਂ ਸਨ ਜਾਂ ਨਹੀਂ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਆਰ.ਮਹਾਦੇਵਨ ਦੇ ਬੈਂਚ ਨੇ ਆਪਣੇ ਰਜਿਸਟਰੀ ਨੂੰ ਨਿਰਦੇਸ਼ ਦਿੱਤਾ ਕਿ ਉਹ ਦੋਵਾਂ ਥਾਵਾਂ ਤੋਂ ਜਲਦੀ ਤੋਂ ਜਲਦੀ ਰਿਪੋਰਟ ਤਲਬ ਕਰਨ।

ਸਿਖਰਲੀ ਅਦਾਲਤ ਨੇ ਨੋਟ ਕੀਤਾ ਕਿ 99" ਖੜਗਪੁਰ ਵਿੱਚ ਪੜ੍ਹ ਰਹੇ ਇੱਕ 22 ਸਾਲਾ ਵਿਦਿਆਰਥੀ ਨੇ 4 ਮਈ, 2025 ਨੂੰ ਆਪਣੇ ਹੋਸਟਲ ਦੇ ਕਮਰੇ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਸੀ।

ਬੈਂਚ ਨੇ ਨੋਟ ਕੀਤਾ, ਮ੍ਰਿਤਕ ਤਿੰਨ ਸਾਲਾਂ ਦਾ ਸਿਵਲ ਇੰਜਨੀਅਰਿੰਗ ਦਾ



ਵਿਦਿਆਰਥੀ ਸੀ। ਉਸਦੀ ਲਾਸ਼ ਮਦਨ ਮੋਹਨ ਮਾਲਵੀਆ ਹਾਲ ਵਿੱਚ ਉਸਦੇ ਕਮਰੇ ਵਿੱਚ ਲਟਕਦੀ ਮਿਲੀ ਸੀ। ਵਿਦਿਆਰਥੀ ਦੀ ਪਛਾਣ ਬਿਹਾਰ ਦੇ ਸ਼ਿਵਹਰ ਜ਼ਿਲ੍ਹੇ ਦੇ ਮੁਹੰਮਦ ਆਸਿਫ ਕਮਰ ਵਜੋਂ ਹੋਈ ਹੈ।

ਅਦਾਲਤ ਨੇ ਅੱਗੇ ਕਿਹਾ, ਪ੍ਰੈਸ ਰਿਪੋਰਟਿੰਗ ਤੋਂ ਪਤਾ ਚੱਲਦਾ ਹੈ ਕਿ ਆਪਣੀ ਮੌਤ ਤੋਂ ਕੁਝ ਪਲ ਪਹਿਲਾਂ ਉਹ ਦਿੱਲੀ ਵਿੱਚ ਆਪਣੇ ਦੋਸਤ ਨਾਲ ਵੀਡੀਓ ਕਾਲ 'ਤੇ ਸੀ। ਇਹ ਵੱਡੀ ਗਿਣਤੀ ਵਿਦਿਆਰਥੀ ਵੱਲੋਂ ਕੀਤੀਆਂ ਗਈਆਂ ਮੰਦਭਾਗੀਆਂ ਖ਼ੁਦਕੁਸ਼ੀਆਂ ਵਿੱਚੋਂ ਇੱਕ ਹੈ, ਜਿਸ ਲਈ ਅਸੀਂ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਕੰਮ ਕਰਨ ਲਈ ਟਾਸਕ-ਫੋਰਸ ਦਾ ਗਠਨ ਕੀਤਾ ਗਿਆ ਹੈ।

ਸਿਖਰਲੀ ਅਦਾਲਤ ਨੇ ਪਹਿਲਾਂ ਉੱਚ ਸਿੱਖਿਆ ਸੰਸਥਾਵਾਂ ਵਿੱਚ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਵਿਦਿਆਰਥੀਆਂ ਦੀਆਂ ਮਾਨਸਿਕ ਸਿਹਤ ਚਿੰਤਾਵਾਂ ਦੇ ਖ਼ਾਤਮੇ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਐਸ ਰਵਿੰਦਰ ਭੱਟ ਦੀ ਅਗਵਾਈ ਵਿੱਚ ਇੱਕ ਕੌਮੀ ਟਾਸਕ ਫੋਰਸ ਦੇ ਗਠਨ ਦਾ ਆਦੇਸ਼ ਦਿੱਤਾ ਸੀ।

ਅਦਾਲਤ ਨੇ ਕਿਹਾ ਕਿ ਉਹ ਇਸ ਮਾਮਲੇ ਦਾ ਨੋਟਿਸ ਲੈ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਆਈਆਈਟੀ, ਖੜਗਪੁਰ ਦੇ ਪ੍ਰਬੰਧਨ ਜਾਂ ਪ੍ਰਸ਼ਾਸਨ ਨੇ ਅਦਾਲਤ ਦੇ ਪਹਿਲਾਂ ਦੇ ਹੁਕਮਾਂ ਮੁਤਾਬਕ ਸਥਾਨਕ ਪੁਲੀਸ ਸਟੇਸ਼ਨ ਵਿੱਚ ਐਫਆਈਆਰ ਦਰਜ ਕੀਤੀ ਹੈ ਜਾਂ ਨਹੀਂ।

# ਸੁਪਰੀਮ ਕੋਰਟ ਨੇ ਜੱਜਾਂ ਦੀਆਂ ਜਾਇਦਾਦਾਂ ਸਬੰਧੀ ਵੇਰਵੇ ਜਨਤਕ ਕੀਤੇ

## ਸੇਵਾ ਮੁਕਤ ਹੋ ਰਹੇ ਸੀਜੇਆਈ ਕੋਲ 55.75 ਲੱਖ ਰੁਪਏ ਦੀ ਐੱਫਡੀ, ਬੀਆਰ ਗਵਈ ਦੇ ਬੈਂਕ ਖਾਤੇ 'ਚ 19.63 ਲੱਖ ਮੌਜੂਦ

**ਨਵੀਂ ਦਿੱਲੀ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫੁੱਲ ਬੈਂਚ ਦੇ ਫੈਸਲੇ ਤੋਂ ਬਾਅਦ ਪਾਰਦਰਸ਼ਤਾ ਵਧਾਉਣ ਦੀ ਇਕ ਕੋਸ਼ਿਸ਼ ਵਜੋਂ ਸੁਪਰੀਮ ਕੋਰਟ ਨੇ ਜੱਜਾਂ ਦੀਆਂ ਜਾਇਦਾਦਾਂ ਸਬੰਧੀ ਵੇਰਵੇ ਸੋਮਵਾਰ ਨੂੰ ਆਪਣੀ ਵੈੱਬਸਾਈਟ 'ਤੇ ਅਪਲੋਡ ਕੀਤੇ ਹਨ। ਇਨ੍ਹਾਂ ਵੇਰਵਿਆਂ ਮੁਤਾਬਕ ਸੇਵਾ ਮੁਕਤ ਹੋ ਰਹੇ ਸੀਜੇਆਈ ਸੰਜੀਵ ਖੰਨਾ ਕੋਲ 55.75 ਲੱਖ ਰੁਪਏ ਦੀ ਫਿਕਸਡ ਡਿਪਾਜ਼ਿਟ, ਦੱਖਣੀ ਦਿੱਲੀ ਵਿਚ ਤਿੰਨ ਬੈੱਡਰੂਮ ਵਾਲਾ ਡੀਡੀਏ ਫਲੈਟ ਅਤੇ ਰਾਸ਼ਟਰਮੰਡਲ ਖੇਡਾਂ ਦੇ ਪਿੰਡ ਵਿਚ 2,446 ਵਰਗ ਫੁੱਟ ਦਾ ਚਾਰ ਬੈੱਡਰੂਮ ਵਾਲਾ ਅਪਾਰਟਮੈਂਟ ਹੈ।

ਇਸ ਤੋਂ ਇਲਾਵਾ ਸੀਜੇਆਈ ਵਜੋਂ ਨਾਮਜ਼ਦ ਜਸਟਿਸ ਬੀਆਰ ਗਵਈ ਕੋਲ ਬੈਂਕ ਵਿਚ 19.63 ਲੱਖ ਰੁਪਏ ਤੋਂ ਵੱਧ ਦੀ ਰਕਮ, ਮਹਾਰਾਸ਼ਟਰ ਦੇ ਅਮਰਾਵਤੀ ਵਿਚ ਇਕ ਘਰ ਜੋ ਉਨ੍ਹਾਂ ਦੇ ਮ੍ਰਿਤਕ ਪਿਤਾ ਤੋਂ ਵਿਰਾਸਤ ਵਿਚ ਮਿਲਿਆ ਹੈ, ਮੁੰਬਈ ਦੇ ਬਾਂਦਰਾ ਅਤੇ ਦਿੱਲੀ ਦੀ ਡਿਫੈਂਸ ਕਲੋਨੀ ਵਿਚ ਅਪਾਰਟਮੈਂਟ ਅਤੇ ਅਮਰਾਵਤੀ ਅਤੇ ਨਾਗਪੁਰ ਵਿਚ ਖੇਤੀਬਾੜੀ ਜ਼ਮੀਨਾਂ ਹਨ।

ਅਦਾਲਤ ਵੱਲੋਂ ਜਾਰੀ ਇਕ ਰਿਲੀਜ਼ ਵਿਚ ਕਿਹਾ ਗਿਆ, "ਭਾਰਤ ਦੀ ਸੁਪਰੀਮ ਕੋਰਟ ਦੀ ਪੂਰੀ ਅਦਾਲਤ ਨੇ 1 ਅਪਰੈਲ 2025 ਨੂੰ ਫੈਸਲਾ ਕੀਤਾ ਸੀ ਕਿ ਇਸ ਅਦਾਲਤ ਦੇ ਜੱਜਾਂ ਦੀਆਂ ਜਾਇਦਾਦਾਂ ਦੇ ਬਿਆਨ ਵੈੱਬਸਾਈਟ 'ਤੇ ਅਪਲੋਡ ਕਰਕੇ ਜਨਤਕ ਡੋਮੇਨ ਵਿਚ ਰੱਖੇ ਜਾਣਗੇ।

ਪਹਿਲਾਂ ਹੀ ਪ੍ਰਾਪਤ ਜੱਜਾਂ ਦੀਆਂ ਜਾਇਦਾਦਾਂ ਦੇ ਵੇਰਵੇ ਅਪਲੋਡ ਕੀਤੇ ਜਾ ਰਹੇ ਹਨ। ਹੋਰ ਜੱਜਾਂ ਦੀਆਂ ਜਾਇਦਾਦਾਂ ਦੇ ਵੇਰਵੇ ਉਦੋਂ ਹੀ ਅਪਲੋਡ ਕੀਤੇ ਜਾਣਗੇ ਜਦੋਂ ਮੌਜੂਦਾ ਜਾਇਦਾਦਾਂ ਦਾ ਵੇਰਵੇ ਪ੍ਰਾਪਤ ਹੋਵੇਗਾ।" ਪ੍ਰਾਪਤ ਅੰਕੜਿਆਂ ਅਨੁਸਾਰ ਸੀਜੇਆਈ ਖੰਨਾ, ਜੋ 13 ਮਈ ਨੂੰ ਸੇਵਾਮੁਕਤ ਹੋ ਰਹੇ ਹਨ, ਦਾ ਗੁਰੂਗ੍ਰਾਮ ਦੇ ਸੈਕਟਰ 49 ਦੇ ਸਿਸਪਾਲ ਵਿਹਾਰ ਵਿਚ ਇਕ ਚਾਰ ਬੈੱਡਰੂਮ ਵਾਲੇ ਫਲੈਟ ਵਿਚ 56 ਫੀਸਦੀ ਹਿੱਸਾ ਹੈ, ਜੋ ਕਿ 2016 ਵਰਗ ਫੁੱਟ ਸੁਪਰ ਏਰੀਆ ਹੈ ਅਤੇ ਹਿਮਾਚਲ ਪ੍ਰਦੇਸ਼ ਦੇ ਡਲਹੌਜ਼ੀ ਵਿਚ ਇਕ ਘਰ ਅਤੇ ਜ਼ਮੀਨ ਵਿਚ ਹਿੱਸਾ ਹੈ। ਅੰਕੜਿਆਂ ਤੋਂ ਅੱਗੇ ਪਤਾ ਚੱਲਿਆ ਹੈ ਕਿ ਉਨ੍ਹਾਂ ਦਾ ਪਬਲਿਕ ਪ੍ਰੋਵੀਡੈਂਟ ਫੰਡ ਵਿਚ 1.06 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼, 1,77,89,000 ਰੁਪਏ ਦਾ ਜੀਪੀਐਫ, 29,625 ਰੁਪਏ ਦਾ ਐੱਲਆਈਸੀ ਮਨੀ ਬੈਕ ਪਾਲਿਸੀ ਦਾ ਸਾਲਾਨਾ ਪ੍ਰੀਮੀਅਮ ਅਤੇ 14,000 ਰੁਪਏ ਦੇ ਸ਼ੇਅਰ ਹਨ। ਚੱਲ ਜਾਇਦਾਦਾਂ ਵਿਚੋਂ ਸੀਜੇਆਈ ਖੰਨਾ ਕੋਲ 250 ਗ੍ਰਾਮ ਸੋਨਾ ਅਤੇ 2 ਕਿਲੋ ਚਾਂਦੀ ਹੈ, ਜੋ ਕਿ ਜ਼ਿਆਦਾਤਰ ਵਿਰਾਸਤ ਵਿਚ ਅਤੇ ਤੋਹਫ਼ੇ ਵਿਚ ਮਿਲੀ ਹੈ। ਇਸ ਤੋਂ ਇਲਾਵਾ 2015 ਮਾਡਲ ਦੀ ਮਾਰੂਤੀ ਸਵਿਫਟ ਕਾਰ ਹੈ।

ਜਸਟਿਸ ਗਵਈ ਜੋ 14 ਮਈ ਨੂੰ ਸੀਜੇਆਈ ਵਜੋਂ ਅਹੁਦਾ ਸੰਭਾਲਣਗੇ, ਕੋਲ ਚੱਲ ਜਾਇਦਾਦ ਹੈ ਜਿਸ ਵਿਚ 5.25 ਲੱਖ ਰੁਪਏ ਦੇ ਸੋਨੇ ਦੇ ਗਹਿਣੇ ਸ਼ਾਮਲ ਹਨ, ਉਨ੍ਹਾਂ ਦੀ ਪਤਨੀ ਕੋਲ 29.70 ਲੱਖ ਰੁਪਏ ਦੇ ਗਹਿਣੇ ਅਤੇ 61,320 ਰੁਪਏ ਦੀ ਨਕਦ ਜਮ੍ਹਾਂ ਰਾਸ਼ੀ ਹੈ।

ਜ਼ਿਕਰਯੋਗ ਹੈ ਕਿ 33 ਜੱਜਾਂ ਵਿਚੋਂ 21 ਨੇ ਆਪਣੀਆਂ ਜਾਇਦਾਦਾਂ ਦੇ ਵੇਰਵੇ ਜਨਤਕ ਕੀਤੇ ਹਨ। ਜਸਟਿਸ ਸੂਰਿਆ ਕਾਂਤ ਜੋ ਇਸ ਸਾਲ 24 ਨਵੰਬਰ ਨੂੰ ਭਾਰਤ ਦੇ ਚੀਫ਼ ਜਸਟਿਸ ਬਣਨਗੇ, ਕੋਲ ਹੋਰ ਅਚੱਲ ਜਾਇਦਾਦਾਂ ਦੇ ਨਾਲ ਚੰਡੀਗੜ੍ਹ ਦੇ ਸੈਕਟਰ 10 ਵਿਚ ਇਕ ਘਰ, ਪੰਚਕੂਲਾ ਵਿਚ 13 ਏਕੜ ਖੇਤੀਬਾੜੀ ਜ਼ਮੀਨ ਅਤੇ ਗੁਰੂਗ੍ਰਾਮ ਵਿਚ 300 ਵਰਗ ਗਜ਼ ਦਾ ਪਲਾਟ ਹੈ। ਉਨ੍ਹਾਂ ਕੋਲ 4.11 ਕਰੋੜ ਰੁਪਏ ਦੀ ਫਿਕਸਡ ਡਿਪਾਜ਼ਿਟ, 100 ਗ੍ਰਾਮ ਦੇ ਸੋਨੇ ਦੇ ਗਹਿਣੇ ਅਤੇ ਤਿੰਨ ਕੀਮਤੀ ਘੜੀਆਂ ਹਨ। ਜੱਜਾਂ ਦੀ ਜਾਇਦਾਦ ਦੇ ਵੇਰਵਿਆਂ ਨੂੰ ਅਪਲੋਡ ਕਰਨ ਤੋਂ ਇਲਾਵਾ ਸਿਖਰਲੀ ਅਦਾਲਤ ਨੇ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਵਿਚ ਨਿਯੁਕਤੀਆਂ ਦੀ ਪੂਰੀ ਪ੍ਰਕਿਰਿਆ ਵੀ ਜਨਤਾ ਦੇ ਗਿਆਨ ਅਤੇ ਜਾਗਰੂਕਤਾ ਲਈ ਆਪਣੀ ਵੈੱਬਸਾਈਟ 'ਤੇ ਪਾ ਦਿੱਤੀ ਹੈ, ਜਿਸ ਵਿਚ ਹਾਈ ਕੋਰਟ ਕੌਲਿਜੀਅਮ ਨੂੰ ਸੌਂਪੀ ਗਈ ਭੂਮਿਕਾ, ਰਾਜ ਸਰਕਾਰਾਂ, ਭਾਰਤ ਸੰਘ ਤੋਂ ਪ੍ਰਾਪਤ ਇਨਪੁਟ ਅਤੇ ਸੁਪਰੀਮ ਕੋਰਟ ਕੌਲਿਜੀਅਮ ਦੁਆਰਾ ਵਿਚਾਰ ਸ਼ਾਮਲ ਹੈ।

# ਪੰਜਾਬ ਸਰਕਾਰ ਨੇ ਡੈਮ ਤੋਂ ਪਾਣੀ ਛੱਡਣ ਦੀ ਬੀਬੀਐੱਮਬੀ ਦੀ ਗੁਪਤ ਯੋਜਨਾ ਕੀਤੀ ਨਾਕਾਮ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਲੰਘੀ ਰਾਤ ਭਾਖੜਾ ਬਿਆਸ ਪ੍ਰਬੰਧਨ ਬੋਰਡ (22$2) ਵੱਲੋਂ ਚੁੱਪ ਚੁਪੀਤੇ ਭਾਖੜਾ ਡੈਮ ਤੋਂ ਪਾਣੀ ਛੱਡਣ ਦੀ ਯੋਜਨਾ ਨਾਕਾਮ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਬੀਬੀਐੱਮਬੀ ਨੇ ਰਾਤ 11 ਵਜੇ ਡੈਮ 'ਤੇ ਤਾਇਨਾਤ ਹਰਿਆਣਾ ਦੇ ਸਟਾਫ ਉੱਤੇ ਦਬਾਅ ਬਣਾਉਣਾ ਸ਼ੁਰੂ ਕੀਤਾ ਸੀ ਤਾਂ ਜੋ ਹਰਿਆਣਾ ਲਈ ਵਾਧੂ ਪਾਣੀ ਛੱਡਿਆ ਜਾ ਸਕੇ।

ਜਲ ਸਰੋਤ ਵਿਭਾਗ ਨੂੰ ਜਦੋਂ ਇਸ ਬਾਰੇ ਪਤਾ ਲੱਗਿਆ ਤਾਂ ਵਿਭਾਗ ਨੇ ਫੌਰੀ ਤਾਰ ਦਿੱਤੀ। ਤਾਰ ਵਿਚ ਸਰਕਾਰ ਨੇ ਬੀਬੀਐੱਮਬੀ ਨੂੰ ਕਿਹਾ ਕਿ ਭਾਖੜਾ ਨਹਿਰ ਦੇ ਕਈ ਜਗ੍ਹਾ ਤੋਂ ਕਿਨਾਰੇ ਟੁੱਟਣ ਦਾ ਖ਼ਤਰਾ ਹੈ ਜਿਸ ਕਰਕੇ ਪੰਜਾਬ ਸਰਕਾਰ ਨੂੰ ਬਿਨਾਂ ਦੱਸੇ ਇਸ ਨਹਿਰ ਵਿੱਚ ਪਾਣੀ ਨਾ ਛੱਡਿਆ ਜਾਵੇ। ਜੇਕਰ ਕੋਈ ਅਜਿਹੀ ਕੋਸ਼ਿਸ਼ ਕੀਤੀ ਤਾਂ ਨਹਿਰ ਦੇ ਪਾਣੀ ਕਰਕੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਖ਼ਤਰਾ ਹੋ ਸਕਦਾ ਹੈ ਜਿਸ ਦੀ ਜ਼ਿੰਮੇਵਾਰੀ ਬੀਬੀਐੱਮਬੀ ਦੀ ਹੋਵੇਗੀ।

ਉਸ ਮਗਰੋਂ ਬੀਬੀਐੱਮਬੀ ਨੇ ਹੱਥ ਪਿਛਾਂਹ ਖਿੱਚ ਲਏ। ਪੰਜਾਬ ਸਰਕਾਰ ਨੇ ਪਹਿਲਾਂ ਹੀ ਮੁਸਤੈਦੀ ਵਧਾਈ ਹੋਈ ਹੈ। ਬੀਬੀਐੱਮਬੀ ਵੱਲੋਂ ਪਾਈ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ 3 ਵਜੇ ਸੁਣਵਾਈ ਹੋਣੀ ਹੈ।


# ਗ੍ਰਹਿ ਵਿਭਾਗ ਨੂੰ ਪੱਤਰ: ਨੰਗਲ ਡੈਮ ਦੀ ਸੁਰੱਖਿਆ ਨੂੰ ਖ਼ਤਰਾ !

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਬੀਐੱਮਬੀ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਫ਼ੈਸਲੇ ਮਗਰੋਂ ਨੰਗਲ ਡੈਮ ਦੀ ਸੁਰੱਖਿਆ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ ਜਿਸ ਦੇ ਮੱਦੇਨਜ਼ਰ ਭਾਖੜਾ ਡੈਮ ਦੇ ਮੁੱਖ ਇੰਜਨੀਅਰ ਨੇ ਫ਼ੌਰੀ ਪੁਲੀਸ ਦੀ ਸੁਰੱਖਿਆ ਮੰਗੀ ਹੈ। ਅੱਜ ਦੁਪਹਿਰ 12 ਵਜੇ ਪਿੱਛੋਂ ਨੰਗਲ ਡੈਮ ਅਤੇ ਲੋਹੰਡ ਖੱਡ ਦੇ ਗੇਟਾਂ ਲਾਗੇ ਮਾਹੌਲ ਵਿਗੜਨ ਦਾ ਖ਼ਦਸ਼ਾ ਜ਼ਾਹਿਰ ਕੀਤਾ ਗਿਆ ਹੈ।

ਵੇਰਵਿਆਂ ਅਨੁਸਾਰ ਜਲ ਸਰੋਤ ਵਿਭਾਗ ਨੇ ਅੱਜ ਹੀ ਪੰਜਾਬ ਦੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਨੰਗਲ ਡੈਮ ਅਤੇ ਆਸ ਪਾਸ ਦੇ ਖੇਤਰਾਂ 'ਚ ਅਮਨ ਕਾਨੂੰਨ ਦੀ ਵਿਵਸਥਾ ਦੀ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਲਈ ਫ਼ੌਰੀ ਗ੍ਰਹਿ ਵਿਭਾਗ ਦੇ ਦਖ਼ਲ ਦੀ ਮੰਗ ਕੀਤੀ ਹੈ। ਭਾਖੜਾ ਡੈਮ ਦੇ ਮੁੱਖ ਇੰਜਨੀਅਰ ਚਰਨਪ੍ਰੀਤ ਸਿੰਘ ਵੱਲੋਂ ਐੱਸਐੱਸਪੀ ਰੋਪੜ ਨੂੰ ਈਮੇਲ ਭੇਜ ਕੇ ਸਥਿਤੀ ਤੋਂ ਜਾਣੂ ਕਰਾਇਆ ਗਿਆ ਹੈ।

ਨੰਗਲ ਡੈਮ ਅਤੇ ਲੋਹੰਡ ਖੱਡ ਦੇ



ਲਾਗੇ ਪ੍ਰਦਰਸ਼ਨਕਾਰੀ ਪੁੱਜੇ ਹੋਏ ਹਨ ਜਿਨ੍ਹਾਂ ਵੱਲੋਂ ਧਰਨਾ ਦਿੱਤੇ ਜਾਣ ਕਰ ਕੇ ਡੈਮ ਦੇ ਕਰਮਚਾਰੀਆਂ ਨੂੰ ਕੰਮ ਕਰਨ ਵਿੱਚ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਹਨ।

ਈ-ਮੇਲ ਜ਼ਰੀਏ ਪੁਲੀਸ ਦੀ ਸੁਰੱਖਿਆ ਮੰਗੀ ਗਈ ਹੈ ਤਾਂ ਜੋ ਅਧਿਕਾਰੀਆਂ ਅਤੇ ਕਰਮਚਾਰੀਆਂ ਸਮੇਤ ਡੈਮਾਂ ਦੀ ਸੁਰੱਖਿਆ ਹੋ ਸਕੇ।

ਦੂਜੇ ਪਾਸੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਬੀਬੀਐੱਮਬੀ ਦੀ ਪਟੀਸ਼ਨ 'ਤੇ ਸੁਣਵਾਈ ਸ਼ੁਰੂ ਹੋ ਗਈ ਹੈ। ਬੀਬੀਐੱਮਬੀ ਦੀ ਮੰਗ ਹੈ ਕਿ ਡੈਮਾਂ ਤੋਂ ਪੰਜਾਬ ਪੁਲੀਸ ਹਟਾਈ ਜਾਵੇ। ਲੰਘੀ ਰਾਤ ਬੀਬੀਐੱਮਬੀ ਨੇ ਭਾਖੜਾ ਡੈਮ ਦੇ ਗੇਟ ਖੁਲ੍ਹਵਾਉਣ ਲਈ ਹਰਿਆਣਾ ਤਰਫ਼ੋਂ ਤਾਇਨਾਤ ਮੁਲਾਜ਼ਮਾਂ 'ਤੇ ਦਬਾਅ ਬਣਾਇਆ ਸੀ ਪ੍ਰੰਤੂ ਪੰਜਾਬ ਸਰਕਾਰ ਨੇ ਭਿਣਕ ਪੈਂਦਿਆਂ ਹੀ ਸਾਰੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾ ਦਿੱਤਾ।


# ਮੋਦੀ ਨੇ ਹਮਲੇ ਬਾਰੇ ਖ਼ੁਫ਼ੀਆ ਰਿਪੋਰਟ ਮਿਲਣ ਪਿੱਛੋਂ ਰੱਦ ਕੀਤਾ ਸੀ ਕਸ਼ਮੀਰ ਦੌਰਾ: ਖੜਗੇ

**ਨਵੀਂ ਦਿੱਲੀ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੰਗਲਵਾਰ ਨੂੰ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਮਹੀਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਤਿੰਨ ਦਿਨ ਪਹਿਲਾਂ ਇੱਕ ਖ਼ੁਫ਼ੀਆ ਰਿਪੋਰਟ ਮਿਲਣ ਕਾਰਨ ਆਪਣਾ ਕਸ਼ਮੀਰ ਦੌਰਾ ਰੱਦ ਕਰ ਦਿੱਤਾ ਸੀ।

ਝਾਰਖੰਡ ਦੇ ਰਾਂਚੀ ਵਿੱਚ 'ਸੰਵਿਧਾਨ ਬਚਾਓ ਰੈਲੀ' ਨੂੰ ਸੰਬੋਧਨ ਕਰਦਿਆਂ ਖੜਗੇ ਨੇ ਪਹਿਲਗਾਮ ਅੱਤਵਾਦੀ ਹਮਲੇ ਨੂੰ ਦੇਸ਼ ਦੇ ਖ਼ੁਫ਼ੀਆ ਤੰਤਰ ਦੀ ਨਾਕਾਮੀ ਕਰਾਰ ਦਿੱਤਾ।

ਉਨ੍ਹਾਂ ਕਿਹਾ, ਸਰਕਾਰ ਨੇ ਇਸ ਨੂੰ ਕਬੂਲ ਕਰ ਲਿਆ ਹੈ ਅਤੇ ਉਹ ਇਸ ਨੂੰ ਹੱਲ ਕਰਨਗੇ। ਜੇ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ, ਤਾਂ ਉਨ੍ਹਾਂ ਨੇ ਕਾਰਵਾਈ ਕਿਉਂ



ਨਹੀਂ ਕੀਤੀ? ਮੈਨੂੰ ਜਾਣਕਾਰੀ ਮਿਲੀ ਹੈ ਕਿ ਹਮਲੇ ਤੋਂ 3 ਦਿਨ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਨੂੰ ਇੱਕ ਖ਼ੁਫ਼ੀਆ ਰਿਪੋਰਟ ਭੇਜੀ ਗਈ ਸੀ। ਚੇਤਾਵਨੀ ਮਿਲਣ ਤੋਂ ਬਾਅਦ ਉਨ੍ਹਾਂ ਕਸ਼ਮੀਰ ਦਾ ਆਪਣਾ ਤੈਅਸ਼ੁਦਾ ਦੌਰਾ ਰੱਦ ਕਰ ਦਿੱਤਾ। ਮੈਂ ਇਹ ਇੱਕ ਅਖਬਾਰ ਵਿੱਚ ਵੀ ਪੜ੍ਹਿਆ ਹੈ।

ਖੜਗੇ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪੁੱਛਿਆ, ਜਦੋਂ ਖ਼ੁਫ਼ੀਆ ਏਜੰਸੀਆਂ ਨੇ ਤੁਹਾਨੂੰ ਆਪਣੀ ਸੁਰੱਖਿਆ ਲਈ ਨਾ ਜਾਣ ਦੀ ਸਲਾਹ ਦਿੱਤੀ ਸੀ, ਤਾਂ ਤੁਸੀਂ ਆਮ ਲੋਕਾਂ ਦੀ ਸੁਰੱਖਿਆ ਲਈ ਸੁਰੱਖਿਆ ਬਲਾਂ ਅਤੇ ਪੁਲੀਸ ਨਾਲ ਉਹ ਜਾਣਕਾਰੀ ਕਿਉਂ ਨਹੀਂ ਸਾਂਝੀ ਕੀਤੀ? ਕਾਂਗਰਸ ਪ੍ਰਧਾਨ ਨੇ ਕੇਂਦਰ ਸਰਕਾਰ ਦੀ ਇਸ ਗੱਲ 'ਤੇ ਵੀ ਆਲੋਚਨਾ ਕੀਤੀ ਕਿ ਉਸ ਨੇ ਅਗਾਊਂ ਤੌਰ 'ਤੇ ਖ਼ੁਫ਼ੀਆ ਜਾਣਕਾਰੀ ਹੋਣ ਦੇ ਬਾਵਜੂਦ ਇਲਾਕੇ ਵਿੱਚ ਸੁਰੱਖਿਆ ਕਿਉਂ ਨਹੀਂ ਵਧਾਈ। ਉਨ੍ਹਾਂ ਪੁੱਛਿਆ, ਕੇਂਦਰ ਨੇ ਪਹਿਲਗਾਮ ਵਿੱਚ ਹੋਰ ਸੁਰੱਖਿਆ ਕਰਮਚਾਰੀ ਕਿਉਂ ਨਹੀਂ ਤਾਇਨਾਤ ਕੀਤੇ, ਇਹ ਜਾਣਦੇ ਹੋਏ ਵੀ ਕਿ ਅੱਤਵਾਦੀ ਹਮਲੇ ਦਾ ਖ਼ਤਰਾ ਸੀ?

# ਪੰਜਾਬ ਵਿੱਚ 20 ਜ਼ਿਲ੍ਹਿਆਂ ਵਿਚ ਹੋਵੇਗੀ ਮੌਕ ਡ੍ਰਿਲ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਧਿਕਾਰੀਆਂ ਨੇ ਮੰਗਲਵਾਰ ਨੂੰ ਇੱਥੇ ਦੱਸਿਆ ਕਿ ਬੁੱਧਵਾਰ ਨੂੰ ਪੰਜਾਬ ਵਿੱਚ 20 ਥਾਵਾਂ 'ਤੇ ਮੌਕ ਡ੍ਰਿਲ ਲਈ ਤਿਆਰੀਆਂ ਕੀਤੀਆਂ ਗਈਆਂ ਹਨ। ਗ਼ੌਰਤਲਬ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਸੋਮਵਾਰ ਨੂੰ ਸਾਰੇ ਰਾਜਾਂ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਨਾਲ ਵਧਦੇ ਤਣਾਅ ਦੇ ਵਿਚਕਾਰ ਉਭਰ ਰਹੇ ਨਵੇਂ ਅਤੇ ਗੁੰਝਲਦਾਰ ਖਤਰਿਆਂ ਦੇ ਮੱਦੇਨਜ਼ਰ ਬੁੱਧਵਾਰ ਨੂੰ ਮੌਕ ਡ੍ਰਿਲ ਕਰਨ ਲਈ ਕਿਹਾ ਸੀ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਨੂੰ ਕਿਹਾ ਕਿ ਬੁੱਧਵਾਰ ਨੂੰ ਸੂਬੇ ਵਿੱਚ 20 ਥਾਵਾਂ 'ਤੇ ਮੌਕ ਡ੍ਰਿਲ ਕੀਤੇ ਜਾਣਗੇ, ਜਿਨ੍ਹਾਂ ਵਿੱਚ ਫਿਰੋਜ਼ਪੁਰ, ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਪਟਿਆਲਾ, ਪਠਾਨਕੋਟ, ਬਰਨਾਲਾ ਅਤੇ ਮੁਹਾਲੀ ਜ਼ਿਲ੍ਹੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਮੌਕ ਡ੍ਰਿਲ ਦੀਆਂ ਤਿਆਰੀਆਂ ਲਗਭਗ ਪੂਰੀਆਂ ਹੋ ਗਈਆਂ ਹਨ।

ਚੀਮਾ ਨੇ ਕਿਹਾ ਕਿ ਮੌਕ ਡ੍ਰਿਲ ਮਸ਼ਕਾਂ ਦੌਰਾਨ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ। ਚੀਮਾ ਨੇ ਕਿਹਾ ਕਿ ਅਜਿਹੀ ਡ੍ਰਿਲ ਦਾ ਉਦੇਸ਼ ਜਨਤਾ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਕਿਸੇ ਵੀ ਹਮਲੇ ਦੀ ਸਥਿਤੀ ਵਿੱਚ ਲੋੜੀਂਦੀਆਂ ਚੌਕਸੀਆਂ ਵਰਤਣਾ ਹੈ।

**ਭਾਰਤ-ਪਾਕਿਸਤਾਨ ਤਣਾਅ ਵਧਣ ਕਾਰਨ 244 ਥਾਵਾਂ 'ਤੇ ਹੋਵੇਗੀ ਮੌਕ ਡਰਿੱਲ**

ਇਸ ਦੌਰਾਨ, ਫਿਰੋਜ਼ਪੁਰ ਦੀ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਕਿਹਾ ਕਿ ਮੌਕ ਡ੍ਰਿਲ ਦੀਆਂ ਤਿਆਰੀਆਂ ਦੇ ਹਿੱਸੇ ਵਜੋਂ, ਮੰਗਲਵਾਰ ਸ਼ਾਮ 7 ਵਜੇ ਤੋਂ 7:15 ਵਜੇ ਤੱਕ ਸ਼ਹਿਰ ਅਤੇ ਫਿਰੋਜ਼ਪੁਰ ਛਾਉਣੀ ਖੇਤਰ ਵਿੱਚ ਛੇ ਸਿਵਲ ਡਿਫੈਂਸ ਸਾਇਰਨ ਵਜਾਏ ਜਾਣਗੇ। ਉਨ੍ਹਾਂ ਕਿਹਾ, ਇਹ ਸਾਇਰਨ 7 ਮਈ ਦੇ ਮੌਕ ਡ੍ਰਿਲ ਦੀ ਤਿਆਰੀ ਲਈ ਵਜਾਏ ਜਾਣਗੇ।

ਫਿਰੋਜ਼ਪੁਰ ਦੇ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਬੁੱਧਵਾਰ ਰਾਤ 9 ਵਜੇ ਤੋਂ 9:30 ਵਜੇ ਤੱਕ ਬਲੈਕਆਊਟ ਰਿਹਰਸਲ ਕੀਤੀ ਜਾਵੇਗੀ। ਅਧਿਕਾਰੀ ਨੇ ਕਿਹਾ ਕਿ ਇਸ ਸਬੰਧੀ ਪੁਲੀਸ ਗਸ਼ਤ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। -

# ਐੱਸਵਾਈਐੱਲ ਵਿਵਾਦ: ਸੁਪਰੀਮ ਕੋਰਟ ਨੇ ਪੰਜਾਬ ਹਰਿਆਣਾ ਨੂੰ ਕੇਂਦਰ ਨਾਲ ਸਹਿਯੋਗ ਕਰਨ ਦਾ ਨਿਰਦੇਸ਼ ਦਿੱਤਾ

**ਨਵੀਂ ਦਿੱਲੀ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਸਤਲੁਜ-ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਵਿਵਾਦ ਨੂੰ ਹੱਲ ਕਰਨ ਲਈ ਕੇਂਦਰ ਨਾਲ ਸਹਿਯੋਗ ਕਰਨ ਦਾ ਨਿਰਦੇਸ਼ ਦਿੱਤਾ ਹੈ। ਜਸਟਿਸ ਬੀਆਰ ਗਵਈ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੇ ਬੈਂਚ ਨੂੰ ਕੇਂਦਰ ਨੇ ਸੂਚਿਤ ਕੀਤਾ ਕਿ ਇਸ ਮੁੱਦੇ ਨੂੰ ਸੁਚਾਰੂ ਢੰਗ ਨਾਲ ਹੱਲ ਕਰਨ ਲਈ ਉਸ ਨੇ ਪਹਿਲਾਂ ਹੀ ਪ੍ਰਭਾਵਸ਼ਾਲੀ ਕਦਮ ਚੁੱਕੇ ਹਨ। ਬੈਂਚ ਨੇ ਕਿਹਾ, "ਅਸੀਂ ਦੋਵਾਂ ਸੂਬਿਆਂ ਨੂੰ ਇਕ ਸੁਚਾਰੂ ਹੱਲ 'ਤੇ ਪਹੁੰਚਣ ਲਈ ਕੇਂਦਰ ਨਾਲ ਸਹਿਯੋਗ ਕਰਨ ਦਾ ਨਿਰਦੇਸ਼ ਦਿੰਦੇ ਹਾਂ।"

ਬੈਂਚ ਨੇ ਕਿਹਾ ਕਿ ਜੇਕਰ ਉਦੋਂ ਤੱਕ ਇਸ ਦਾ ਹੱਲ ਨਹੀਂ ਹੁੰਦਾ ਤਾਂ ਉਹ 13 ਅਗਸਤ ਨੂੰ ਮਾਮਲੇ ਦੀ ਸੁਣਵਾਈ ਕਰੇਗਾ। ਕੇਂਦਰ ਵੱਲੋਂ ਪੇਸ਼ ਹੋਏ ਵਧੀਕ ਸੌਲਿਸਟਰ ਜਨਰਲ ਐਸ਼ਵਰਿਆ ਭਾਟੀ ਨੇ ਬੈਂਚ ਨੂੰ ਦੱਸਿਆ, "ਅਸੀਂ ਵਿਚੋਲਗੀ ਲਈ ਯਤਨ ਕੀਤੇ ਹਨ, ਪਰ ਸੂਬਿਆਂ ਨੂੰ ਕੇਂਦਰ ਦੀ ਤਜਵੀਜ਼ ਮੁਤਾਬਕ ਚੱਲਣਾ ਪਵੇਗਾ।" ਐੱਸਵਾਈਐੱਲ ਨਹਿਰ ਦੀ ਕਲਪਨਾ ਰਾਵੀ ਅਤੇ ਬਿਆਸ ਦਰਿਆਵਾਂ ਤੋਂ ਪਾਣੀ ਦੀ ਪ੍ਰਭਾਵਸ਼ਾਲੀ ਵੰਡ ਲਈ ਕੀਤੀ ਗਈ ਸੀ। ਇਸ ਪ੍ਰੋਜੈਕਟ ਵਿਚ 214 ਕਿਲੋਮੀਟਰ ਲੰਬੀ ਨਹਿਰ ਦੀ ਕਲਪਨਾ ਕੀਤੀ ਗਈ ਸੀ, ਜਿਸ ਵਿਚੋਂ 122 ਕਿਲੋਮੀਟਰ ਪੰਜਾਬ ਵਿਚ ਅਤੇ 92 ਕਿਲੋਮੀਟਰ ਹਰਿਆਣਾ ਵਿਚ ਬਣਾਈ ਜਾਣੀ ਸੀ। ਹਰਿਆਣਾ ਨੇ ਆਪਣੇ ਖੇਤਰ ਵਿਚ ਇਹ ਪ੍ਰੋਜੈਕਟ ਪੂਰਾ ਕਰ ਲਿਆ ਹੈ ਪਰ ਪੰਜਾਬ, ਜਿਸ ਨੇ 1982 ਵਿੱਚ ਉਸਾਰੀ ਦਾ ਕੰਮ ਸ਼ੁਰੂ ਕੀਤਾ ਸੀ, ਨੇ ਬਾਅਦ ਵਿੱਚ ਇਸ ਨੂੰ ਟਾਲ ਦਿੱਤਾ। ਦੋਵਾਂ ਸੂਬਿਆਂ ਵਿਚਕਾਰ ਇਹ ਵਿਵਾਦ ਦਹਾਕਿਆਂ ਤੋਂ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਸਿਖਰਲੀ ਅਦਾਲਤ ਨੇ 15 ਜਨਵਰੀ 2002 ਨੂੰ 1996 ਵਿਚ ਹਰਿਆਣਾ ਦੁਆਰਾ ਦਾਇਰ ਕੀਤੇ ਗਏ ਇਕ ਮੁਕੱਦਮੇ ਵਿੱਚ ਹਰਿਆਣਾ ਦੇ ਹੱਕ ਵਿੱਚ ਫੈਸਲਾ ਸੁਣਾਇਆ ਸੀ ਅਤੇ ਪੰਜਾਬ ਸਰਕਾਰ ਨੂੰ ਐੱਸਵਾਈਐੱਲ ਨਹਿਰ ਦੇ ਆਪਣੇ ਹਿੱਸੇ ਦੀ ਉਸਾਰੀ ਕਰਨ ਦਾ ਨਿਰਦੇਸ਼ ਦਿੱਤਾ ਸੀ।

# ਰਾਹੁਲ ਗਾਂਧੀ ਵੱਲੋਂ ਪਹਿਲਗਾਮ 'ਚ ਮਾਰੇ ਗਏ ਜਲਸੈਨਾ ਅਧਿਕਾਰੀ ਵਿਨੈ ਨਰਵਾਲ ਦੇ ਪਰਿਵਾਰ ਨਾਲ ਮੁਲਾਕਾਤ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਪਹਿਲਗਾਮ ਦਹਿਸ਼ਤੀ ਹਮਲੇ ਵਿੱਚ ਮਾਰੇ ਗਏ ਜਲ ਸੈਨਾ ਅਧਿਕਾਰੀ ਲੈਫਟੀਨੈਂਟ ਵਿਨੈ ਨਰਵਾਲ ਦੇ ਪਰਿਵਾਰਕ ਮੈਂਬਰਾਂ ਨਾਲ ਅੱਜ ਕਰਨਾਲ ਸਥਿਤ ਉਨ੍ਹਾਂ ਦੇ ਘਰ ਵਿਚ ਮੁਲਾਕਾਤ ਕੀਤੀ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੁਪਹਿਰ ਵੇਲੇ ਕਰਨਾਲ ਪਹੁੰਚੇ। ਇਸ ਮੌਕੇ ਰੋਹਤਕ ਤੋਂ ਕਾਂਗਰਸ ਦੇ ਸੰਸਦ ਮੈਂਬਰ ਦੀਪੇਂਦਰ ਸਿੰਘ ਹੁੱਡਾ ਵੀ ਮੌਜੂਦ ਸਨ।

ਕਾਂਗਰਸ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉੱਤੇ ਇਕ ਪੋਸਟ ਵਿਚ ਕਿਹਾ, "ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਹਰਿਆਣਾ ਦੇ ਕਰਨਾਲ



ਪਹੁੰਚ ਗਏ ਹਨ। ਉਹ ਪਹਿਲਗਾਮ ਦਹਿਸ਼ਤੀ ਹਮਲੇ ਵਿੱਚ ਮਾਰੇ ਗਏ ਭਾਰਤੀ ਜਲ ਸੈਨਾ ਦੇ ਅਧਿਕਾਰੀ ਲੈਫਟੀਨੈਂਟ ਵਿਨੈ ਨਰਵਾਲ ਜੀ ਦੇ ਪਰਿਵਾਰ ਨੂੰ ਮਿਲਣਗੇ।" ਚੇਤੇ ਰਹੇ ਕਿ ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਸੈਰ-ਸਪਾਟਾ ਕੇਂਦਰ ਪਹਿਲਗਾਮ ਨੇੜੇ ਬੈਸਰਨ ਵਿੱਚ 22 ਅਪਰੈਲ ਨੂੰ ਅਤਿਵਾਦੀਆਂ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ 26 ਲੋਕ ਮਾਰੇ ਗਏ ਸਨ ਅਤੇ ਕਈ ਹੋਰ ਜ਼ਖ਼ਮੀ ਹੋ ਗਏ ਸਨ। ਇਨ੍ਹਾਂ ਵਿਚੋਂ ਬਹੁਤੇ ਸੈਲਾਨੀ ਸਨ।

# ਜੰਮੂ-ਕਸ਼ਮੀਰ: ਬੱਸ ਖੱਡ ਵਿਚ ਡਿੱਗਣ ਕਾਰਨ 3 ਦੀ ਮੌਤ, 43 ਜ਼ਖ਼ਮੀ

**ਮੇਂਢਰ/ਜੰਮੂ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੰਗਲਵਾਰ ਨੂੰ ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿਚ ਇਕ ਬੱਸ ਸੜਕ ਤੋਂ ਹਟ ਕੇ ਡੂੰਘੀ ਖੱਡ ਵਿੱਚ ਡਿੱਗ ਗਈ। ਜਿਸ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ 43 ਹੋਰ ਜ਼ਖ਼ਮੀ ਹੋ ਗਏ। ਉਨ੍ਹਾਂ ਦੱਸਿਆ ਕਿ ਬੱਸ ਸਵੇਰੇ 9.20 ਵਜੇ ਦੇ ਕਰੀਬ ਘਣੀ ਪਿੰਡ ਤੋਂ ਮੇਂਢਰ ਜਾ ਰਹੀ ਸੀ, ਜਦੋਂ ਡਰਾਈਵਰ ਨੇ ਕੰਟਰੋਲ ਗੁਆ ਦਿੱਤਾ। ਸਥਾਨਕ ਲੋਕਾਂ ਨੇ ਪੁਲੀਸ, ਫੌਜ ਅਤੇ ਸੀਆਰਪੀਐਫ ਦੇ ਜਵਾਨਾਂ ਨਾਲ ਮਿਲ ਰਾਹਤ ਕਾਰਜ ਸ਼ੁਰੂ ਕੀਤਾ।



ਜ਼ਖਮੀਆਂ ਵਿੱਚੋਂ ਅੱਠ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਬਲਾਕ ਮੈਡੀਕਲ ਅਫਸਰ ਮੇਂਢਰ ਅਸ਼ਫਾਕ ਚੌਧਰੀ ਨੇ ਕਿਹਾ ਕਿ ਗੰਭੀਰ ਜ਼ਖ਼ਮੀ ਨੌਂ ਵਿਅਕਤੀਆਂ ਵਿੱਚੋਂ ਪੰਜ ਨੂੰ ਵਿਸ਼ੇਸ਼ ਇਲਾਜ ਲਈ ਸਰਕਾਰੀ ਮੈਡੀਕਲ ਕਾਲਜ (ਜੀਐੱਮਸੀ) ਹਸਪਤਾਲ ਜੰਮੂ ਰੈਫਰ ਕੀਤਾ ਗਿਆ ਹੈ।

ਉਪ ਰਾਜਪਾਲ ਮਨੋਜ ਸਿਨਹਾ ਨੇ ਹਾਦਸੇ ਵਿਚ ਹੋਏ ਜਾਨੀ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ ਹੈ। ਜੰਮੂ-ਕਸ਼ਮੀਰ ਸਰਕਾਰ ਨੇ ਕਿਹਾ ਕਿ ਉਹ ਹਾਦਸੇ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹਰ ਜ਼ਰੂਰੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

# ਚੋਣ ਕਮਿਸ਼ਨ ਨੇ ਰਾਸ਼ਟਰੀ ਅਤੇ ਸੂਬਾਈ ਰਾਜਨੀਤਿਕ ਪਾਰਟੀਆਂ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕੀਤਾ: ਸਿਬਿਨ ਸੀ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਹੈ ਕਿ ਚੋਣ ਕਮਿਸ਼ਨ ਨੇ ਵੱਖ-ਵੱਖ ਭਾਈਵਾਲਾਂ ਨਾਲ ਵਧੇਰੇ ਅਤੇ ਨਿਯਮਤ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਦੇ ਮੱਦੇਨਜ਼ਰ ਰਾਸ਼ਟਰੀ ਅਤੇ ਸੂਬਾ ਪੱਧਰ ਦੀਆਂ ਰਾਜਨੀਤਿਕ ਪਾਰਟੀਆਂ ਨਾਲ ਵਿਚਾਰ ਵਟਾਂਦਰੇ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਇਸ ਗੱਲ ਦੀ ਲੋੜ ਲੰਬੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ ਕਿ ਰਾਸ਼ਟਰੀ ਅਤੇ ਸੂਬਾਈ ਪਾਰਟੀ ਪ੍ਰਧਾਨ ਆਪਣੇ ਸੁਝਾਅ ਅਤੇ ਸਮੱਸਿਆਵਾਂ ਸਿੱਧੇ ਤੌਰ @ਤੇ ਕਮਿਸ਼ਨ ਨਾਲ ਸਾਂਝੇ ਕਰਨ ਅਤੇ ਇਸੇ ਲੜੀ ਤਹਿਤ ਸਿਆਸੀ ਪਾਰਟੀਆਂ ਨਾਲ ਚੋਣ ਕਮਿਸ਼ਨ ਨੇ ਸਿੱਧਾ ਰਾਬਤਾ ਰੱਖਣ ਲਈ ਵਿਚਾਰ ਵਟਾਂਦਰੇ ਦਾ ਇਹ ਸਿਲਸਿਲਾ ਅੱਜ ਤੋਂ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਸਾਰੇ ਭਾਈਵਾਲਾਂ ਨਾਲ ਮੌਜੂਦਾ ਕਾਨੂੰਨੀ ਢਾਂਚੇ ਅਨੁਸਾਰ ਚੋਣ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਅਤੇ ਸੁਚਾਰੂ ਬਣਾਉਣ ਦੇ ਕਮਿਸ਼ਨ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ।

# ਨਵਾਂਸ਼ਹਿਰ ਦੇ ਜੰਗਲਾਤ ਖੇਤਰ 'ਚੋਂ ਹਥਿਆਰਾਂ ਦਾ ਵੱਡਾ ਜ਼ਖ਼ੀਰਾ ਬਰਾਮਦ

**ਅੰਮ੍ਰਿਤਸਰ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਦੇ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ ਅੰਮ੍ਰਿਤਸਰ ਦੀ ਪੁਲੀਸ ਨੇ ਕੇਂਦਰੀ ਏਜੰਸੀ ਨਾਲ ਇੱਕ ਸਾਂਝੇ ਆਪਰੇਸ਼ਨ ਤਹਿਤ ਐੱਸਬੀਐੱਸ ਨਗਰ (ਨਵਾਂਸ਼ਹਿਰ) ਦੇ ਜੰਗਲਾਤ ਖੇਤਰ ਵਿੱਚੋਂ ਹਥਿਆਰਾਂ ਦਾ ਇੱਕ ਵੱਡਾ ਜ਼ਖ਼ੀਰਾ ਬਰਾਮਦ ਕੀਤਾ ਹੈ। ਇਸ ਦਾ ਖੁਲਾਸਾ ਡੀਜੀਪੀ ਗੌਰਵ ਯਾਦਵ ਵੱਲੋਂ ਆਪਣੇ ਐਕਸ ਖਾਤੇ ਰਾਹੀਂ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਇਸ ਆਪਰੇਸ਼ਨ ਦੌਰਾਨ ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਦੋ ਰੈਕੇਟ ਪਰੋਪੈਲਡ ਗ੍ਰਨੇਡ (ਆਰਪੀਜੀ), ਦੋ ਇੰਪਰੋਵਾਈਜ਼ ਐਕਸਪਲੋਸਿਵ ਡਿਵਾਈਸ (ਆਈਈਡੀ), ਪੀ 86 ਕਿਸਮ ਦੇ ਪੰਜ ਗ੍ਰਨੇਡ ਅਤੇ ਇੱਕ ਵਾਇਰਲੈਸ





ਕੰਮਿਊਨੀਕੇਸ਼ਨ ਸੈੱਟ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਸਰਹੱਦ ਪਾਰੋਂ ਪਾਕਿਸਤਾਨ ਖੁਫੀਆ ਏਜੰਸੀ ਆਈਐੱਸਆਈ ਵੱਲੋਂ ਕਰਾਸ ਬਾਰਡਰ ਦਹਿਸ਼ਤਗਰਦੀ ਨੈੱਟਵਰਕ ਦਾ ਇੱਕ ਵੱਡਾ ਹਿੱਸਾ ਹੈ, ਜਿਸ ਦਾ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ ਦੀ ਪੁਲੀਸ ਨੇ ਕੇਂਦਰੀ ਏਜੰਸੀ ਦੇ ਸਹਿਯੋਗ ਨਾਲ ਪਰਦਾਫਾਸ਼ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਐੱਸਬੀਐਸ ਨਗਰ ਦੇ ਟਿੱਬਾ ਕੁਲਾਰ ਰੋਡ ਨੇੜੇ ਜੰਗਲਾਤ ਖੇਤਰ ਵਿੱਚੋਂ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮੁੱਢਲੀ ਪੜਤਾਲ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਵੱਲੋਂ ਅਤਿਵਾਦੀ ਸੰਗਠਨ ਦੇ ਸਹਿਯੋਗ ਨਾਲ ਇੱਥੇ ਸਲੀਪਰ ਸੈੱਲ ਨੂੰ ਸੁਰਜੀਤ ਕੀਤਾ ਜਾ ਰਿਹਾ ਹੈ।

ਇਸ ਸਬੰਧ ਵਿੱਚ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ ਦੇ ਅੰਮ੍ਰਿਤਸਰ ਸਥਿਤ ਥਾਣੇ ਵਿਖੇ ਕੇਸ ਦਰਜ ਕੀਤਾ ਗਿਆ ਤੇ ਅਗਲੇਰੀ ਜਾਂਚ ਜਾਰੀ ਹੈ।

# ਗੁਰੂ ਗੋਬਿੰਦ ਸਿੰਘ ਰਿਫਾਈਨਰੀ ਦੀ ਟਾਊਨਸ਼ਿਪ 'ਚ ਸੀਵਰੇਜ ਦੀ ਗੈਸ ਚੜ੍ਹਨ ਕਾਰਨ ਤਿੰਨ ਸਫ਼ਾਈ ਮਜ਼ਦੂਰਾਂ ਦੀ ਮੌਤ

**ਰਾਮਾਂ ਮੰਡੀ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਗੋਬਿੰਦ ਸਿੰਘ ਰਿਫਾਈਨਰੀ ਦੀ ਟਾਊਨਸ਼ਿਪ ਵਿਚ ਸੀਵਰੇਜ ਦੀ ਗੈਸ ਚੜ੍ਹਨ ਕਾਰਨ ਤਿੰਨ ਮਜ਼ਦੂਰਾਂ ਦੀ ਮੌਕੇ 'ਤੇ ਮੌਤ ਹੋ ਜਾਣ ਦੀ ਖ਼ਬਰ ਹੈ। ਜਾਣਕਾਰੀ ਮੁਤਾਬਕ ਇਹ ਮਜ਼ਦੂਰ ਬਠਿੰਡਾ ਜ਼ਿਲ੍ਹੇ ਦੀ ਰਾਮਾ ਮੰਡੀ ਵਿਖੇ ਬਣੀ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਦੀ ਟਾਊਨਸ਼ਿਪ ਵਿੱਚ ਸੀਵਰੇਜ ਟ੍ਰੀਟਮੈਂਟ ਪਲਾਂਟ ਦੀ ਸਫਾਈ ਕਰ ਰਹੇ ਸਨ।

ਦੱਸਿਆ ਜਾਂਦਾ ਹੈ ਕਿ ਸਫਾਈ ਕਰ ਰਹੇ ਮਜ਼ਦੂਰਾਂ ਨੂੰ ਚੜ੍ਹ ਗਈ ਤੇ 3 ਮਜ਼ਦੂਰ ਬੇਹੋਸ਼ ਹੋ ਗਏ। ਉਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਇਲਾਜ ਲਈ ਬਠਿੰਡਾ ਏਜ਼ਮ ਹਸਪਤਾਲ ਭੇਜਿਆ ਗਿਆ, ਪਰ ਉਨ੍ਹਾਂ ਦੀ ਮੌਤ ਹੋ ਗਈ।

ਪੁਲੀਸ ਘਟਨਾ ਦੀ ਜਾਂਚ ਕਰ ਰਹੀ ਰਹੀ ਹੈ। ਇਸ ਟਾਊਨਸ਼ਿਪ ਵਿੱਚ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਦੇ ਅਧਿਕਾਰੀ ਅਤੇ ਮੁਲਾਜ਼ਮ ਰਹਿੰਦੇ ਹਨ।

# ਖੰਨਾ ਵਿਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਬੁੱਤ ਦਾ ਉਦਘਾਟਨ

**ਖੰਨਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਇਥੇ ਬੱਸ ਸਟੈਂਡ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਘੋੜੇ ਤੇ ਸਵਾਰ ਬੁੱਤ ਦਾ ਉਦਘਾਟਨ ਕੀਤਾ ਅਤੇ ਇਸ ਮੌਕੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਨਗਰ ਕੌਂਸਲ ਵੱਲੋਂ ਇਸ ਬੁੱਤ ਨੂੰ ਤਿਆਰ ਕਰਵਾਉਣ ਲਈ 12.50 ਲੱਖ ਰੁਪਏ ਦੀ ਲਾਗਤ ਆਈ ਹੈ। ਇਸ ਨੂੰ ਮੂਰਤੀਕਾਰ ਜਸਵਿੰਦਰ ਸਿੰਘ ਮਹਿੰਦੀਪੁਰ ਵੱਲੋਂ ਤਿਆਰ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਬੱਸ ਸਟੈਂਡ ਦਾ ਕੰਮ ਪੁਰਾਣੀਆਂ ਸਰਕਾਰਾਂ ਸਮੇਂ ਤੋਂ ਅੱਧ-ਵਿਚਾਲੇ ਰੁਕਿਆ ਹੋਇਆ ਸੀ ਜਿਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੂਰਾ ਕਰਵਾ ਕੇ ਲੋਕਾਂ ਦੇ ਸਪੁਰਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਸਮੇਂ ਵਿਚ ਜਦੋਂ ਰਾਜਿਆਂ ਨਾਲ ਸਿੱਖਾਂ ਦੀ



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਬੁੱਤ ਦਾ ਉਦਘਾਟਨ ਕਰਨ ਸਮੇਂ ਕੈਬਨਿਟ ਮੰਤਰੀ ਸੌਂਦ ਤੇ ਹੋਰ।

ਲੜਾਈਆਂ ਹੁੰਦੀਆਂ ਹਨ ਤਾਂ ਉਸ ਸਮੇਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਬਘੇਲ ਸਿੰਘ ਅਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਮਿਲ ਕੇ ਦਿੱਲੀ ਫਤਹਿ ਕੀਤੀ ਸੀ। ਇਨ੍ਹਾਂ ਨਾਲ 30 ਹਜ਼ਾਰ ਸਿੰਘਾਂ ਦਾ ਜੱਥਾ ਗਿਆ ਸੀ ਜਿੱਥੇ ਤੀਸ ਹਜ਼ਾਰੀ ਕੋਟ ਵੀ ਬਣੀ ਹੋਈ ਹੈ।

ਇਸ ਲਈ ਇਨ੍ਹਾਂ ਮਹਾਨ ਜਰਨੈਲਾਂ ਦੀ ਯਾਦ ਵਿਚ ਇਸ ਖੰਨਾ ਦੇ ਬੱਸ ਸਟੈਂਡ ਦਾ ਨਾਂਅ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਮਿਸਲਾਂ ਆਪੋਂ ਆਪਣਾ ਕੰਮ ਦੇਖਦੀਆਂ ਸਨ ਪਰ ਜਦੋਂ ਕਦੇ ਵੀ ਪੰਜਾਬ ਦੀ ਗੱਲ ਆਉਂਦੀ ਸੀ ਤਾਂ ਸਾਰੀਆਂ ਮਿਸਲਾਂ ਇੱਕਮੁੱਠ ਹੋ ਕੇ ਆਪਣੇ ਪੰਜਾਬ ਅਤੇ ਧਰਮ ਦੀ ਰਾਖੀ ਲਈ ਜੰਗ ਲੜਦੀਆਂ ਸਨ।

ਉਨ੍ਹਾਂ ਕਿਹਾ, "ਸਾਡਾ ਇਤਿਹਾਸ ਬਹੁਤ ਮਹਾਨ ਹੈ। ਚਾਹੇ ਅਬਦਾਲੀ ਜਾਂ ਦੁਰਾਨੀ ਆਏ ਹੋਣ, ਉਨ੍ਹਾਂ ਖਿਲਾਫ਼ ਸਾਡੇ ਯੋਧੇ ਲੜੇ, ਜਾਨਾਂ ਵਾਰੀਆਂ ਅਤੇ ਮਾਵਾਂ ਨੇ ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪਵਾਏ।" ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਦੌਰਾਨ ਪੰਜ ਵਾਰ ਅਖਬਾਰਾਂ ਵਿਚ ਖਬਰ ਲੱਗੀ ਸੀ ਕਿ ਖੰਨਾ ਸ਼ਹਿਰ ਭਾਰਤ ਦੇ ਸਭ ਤੋਂ ਪ੍ਰਦੂਸ਼ਿਤ ਅਤੇ ਗੰਦੇ ਸ਼ਹਿਰਾਂ ਵਿਚ ਗਿਣਿਆ ਜਾਂਦਾ ਸੀ ਪਰ ਅੱਜ ਪੰਜਾਬ ਦੇ ਸੋਹਣੇ ਅਤੇ ਸਾਫ ਸ਼ਹਿਰਾਂ ਵਿਚ ਖੰਨਾ ਪਹਿਲੇ ਨੰਬਰ ਤੇ ਆਉਂਦਾ ਹੈ।

ਇਸ ਮੌਕੇ ਭੁਪਿੰਦਰ ਸਿੰਘ ਸੌਂਦ, ਮਾਰਕੀਟ ਕਮੇਟੀ ਖੰਨਾ ਦੇ ਚੇਅਰਮੈਨ ਜਗਤਾਰ ਸਿੰਘ ਗਿੱਲ, ਅਵਤਾਰ ਸਿੰਘ, ਪੁਸ਼ਕਰਰਾਜ ਸਿੰਘ ਰੂਪਰਾਏ, ਕੌਂਸਲਰ ਜਤਿੰਦਰ ਪਾਠਕ, ਸੁਖਮਨਜੀਤ ਸਿੰਘ, ਰਜਿੰਦਰ ਸਿੰਘ ਜੀਤ, ਕੁਲਵੰਤ ਸਿੰਘ ਮਹਿਮੀ, ਪੁਸ਼ਕਰਰਾਜ ਸਿੰਘ ਰੂਪਰਾਏ, ਸੁਖਮਿੰਦਰ ਸਿੰਘ ਚਾਨਾ, ਗੁਰਨਾਮ ਸਿੰਘ ਭਮਰਾ, ਜਸਵੀਰ ਸਿੰਘ, ਸੁਖਦੇਵ ਸਿੰਘ ਕਲਸੀ, ਹਰਮੇਸ਼ ਲੋਟੇ, ਬਲਵਿੰਦਰ ਸਿੰਘ ਸੌਂਦ, ਰਾਜਿੰਦਰ ਸਿੰਘ ਸੋਹਲ, ਪਰਮਜੀਤ ਸਿੰਘ ਧੀਮਾਨ, ਜਸਵਿੰਦਰ ਸਿੰਘ ਜੰਡੂ, ਕਰਮਜੀਤ ਸਿੰਘ ਘਟੌੜਾ, ਪਰਮਿੰਦਰ ਸਿੰਘ ਭੋਡੇ, ਮੇਜਰ ਸਿੰਘ, ਕੇਵਲ ਸਿੰਘ, ਅਨਿਲ ਭਾਰਦਵਾਜ, ਭਰਪੂਰ ਸਿੰਘ ਸਣੇ ਸ਼ਹਿਰ ਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਸੁਧਾਰਾਂ ਦੀ ਸ਼ੁਰੂਆਤ: ਖੇਤੀਬਾੜੀ ਲਈ ਕਰਜ਼ਾ ਦੇਣ ਨੂੰ ਤਰਜੀਹ ਦੇਣਗੇ ਸਹਿਕਾਰੀ ਬੈਂਕ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਿਕਾਰੀ ਬੈਂਕਾਂ ਦੀ ਕਾਰਗੁਜ਼ਾਰੀ ਵਿੱਚ ਵੱਡੇ ਸੁਧਾਰ ਲਿਆਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਨ੍ਹਾਂ ਬੈਂਕਾਂ ਦੇ ਡਿਫਾਲਟਰ ਖਾਤਾਧਾਰਕਾਂ ਤੋਂ ਵਸੂਲੀ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਦੇ ਹੁਕਮ ਦਿੱਤੇ ਤਾਂ ਕਿ ਖੇਤੀ ਤੇ ਸਹਾਇਕ ਧੰਦਿਆਂ ਵਿੱਚ ਕਰਜ਼ਾ ਦੇਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।

ਅੱਜ ਇੱਥੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਹੋਈ ਮੀਟਿੰਗ ਦੌਰਾਨ ਸਹਿਕਾਰੀ ਬੈਂਕਾਂ ਦੇ ਕੰਮਕਾਜ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬੈਂਕਾਂ ਦੇ ਵਿਕਾਸ ਵਿੱਚ ਡਿਫਾਲਟਰ ਸਭ ਤੋਂ ਵੱਡੀ ਰੁਕਾਵਟ ਬਣਦੇ ਹਨ ਕਿਉਂਕਿ ਇਨ੍ਹਾਂ ਕੋਲ ਡੁੱਬੇ ਪੈਸੇ ਨਾਲ ਹੋਰ ਲੋੜਵੰਦ ਲੋਕਾਂ ਦੀ ਮਾਲੀ ਇਮਦਾਦ ਕਰਨ ਵਿੱਚ ਵਿਘਨ ਪੈਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਛੋਟੇ ਤੇ ਦਰਮਿਆਨੇ ਕਿਸਾਨ ਹਮੇਸ਼ਾ ਬੈਂਕ ਨੂੰ ਪਹਿਲ ਦੇ ਆਧਾਰ ਉਤੇ ਕਰਜ਼ਾ ਮੋੜਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਵੱਡੇ ਕਿਸਾਨ ਸਹਿਕਾਰੀ ਬੈਂਕਾਂ ਦੇ ਡਿਫਾਲਟਰ ਹਨ। ਉਨ੍ਹਾਂ ਕਿਹਾ ਕਿ ਜਿਹੜੇ ਸਰਕਾਰੀ ਮੁਲਾਜ਼ਮ ਸਹਿਕਾਰੀ ਬੈਂਕਾਂ ਦੇ ਡਿਫਾਲਟਰ ਹਨ, ਉਨ੍ਹਾਂ ਨੂੰ ਵੀ ਆਪਣੇ ਬਕਾਏ ਦਾ ਭੁਗਤਾਨ ਤੁਰੰਤ ਕਰਨਾ ਚਾਹੀਦਾ ਹੈ।

ਭਗਵੰਤ ਸਿੰਘ ਮਾਨ ਨੇ ਸਹਿਕਾਰਤਾ ਵਿਭਾਗ ਨੂੰ ਡਿਫਾਲਟਰਾਂ ਪਾਸੋਂ ਵਸੂਲੀ ਕਰਵਾਉਣ ਲਈ ਢੁਕਵੀਂ ਪ੍ਰਕਿਰਿਆ ਅਪਣਾਉਣ ਦੇ ਆਦੇਸ਼ ਦਿੱਤੇ ਤਾਂ ਕਿ ਕਰਜ਼ੇ ਦੀ ਪੂਰੀ ਵਸੂਲੀ ਨੂੰ ਯਕੀਨੀ ਬਣਾਇਆ ਜਾ ਸਕੇ।

ਫਸਲੀ ਕਰਜ਼ਿਆਂ ਦੀ ਵਸੂਲੀ ਸਿਰਫ 65 ਫੀਸਦੀ ਰਹਿਣ 'ਤੇ ਚਿੰਤਾ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਸਹਿਕਾਰੀ ਬੈਂਕਿੰਗ ਸਿਸਟਮ ਉਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਹਿਕਾਰੀ ਬੈਂਕਾਂ ਵਿੱਚ ਫਸਲੀ ਕਰਜ਼ਾ ਸਮੇਂ ਸਿਰ ਮੋੜਨ ਵਿੱਚ ਵਿਆਜ ਦਰ ਵਿੱਚ ਵੀ ਤਿੰਨ ਫੀਸਦੀ ਰਾਹਤ ਮਿਲਦੀ ਹੈ ਪਰ ਫੇਰ ਵੀ ਬਹੁਤ ਸਾਰੇ ਕਿਸਾਨ ਕਰਜ਼ਾ ਨਹੀਂ ਮੋੜਦੇ ਜਿਸ ਨਾਲ ਜਿੱਥੇ ਉਹ ਵਿਆਜ ਵੱਧ ਭਰਦੇ ਹਨ, ਉਥੇ ਭਵਿੱਖ ਵਿੱਚ ਕਰਜ਼ਾ ਤੇ ਹੋਰ ਸਹੂਲਤਾਂ ਲੈਣ ਤੋਂ ਵੀ ਖੁੰਝ ਜਾਂਦੇ ਹਨ। ਮੀਟਿੰਗ ਦੌਰਾਨ ਦੱਸਿਆ ਗਿਆ ਕਿ ਕਿਸਾਨਾਂ ਨੂੰ ਖੇਤੀ ਲਈ ਸੂਬੇ ਵਿੱਚ 3523 ਸਹਿਕਾਰੀ ਸਭਾਵਾਂ ਵੱਲੋਂ ਸਹਿਕਾਰੀ ਬੈਂਕਾਂ ਰਾਹੀਂ ਹਰੇਕ ਸਾਲ ਤਕਰੀਬਨ 8000 ਕਰੋੜ ਰੁਪਏ ਦਾ ਫਸਲੀ ਕਰਜ਼ਾ ਦਿੱਤਾ ਜਾਂਦਾ ਹੈ ਜੋ ਸਿਰਫ 7 ਫੀਸਦੀ ਵਿਆਜ 'ਤੇ ਮਿਲਦਾ ਹੈ ਅਤੇ ਜੇਕਰ ਕਿਸਾਨ ਸਮੇਂ ਸਿਰ ਕਰਜ਼ਾ ਮੋੜ ਦਿੰਦਾ ਹੈ ਤਾਂ 7 ਫੀਸਦੀ ਵਿਆਜ ਵਿੱਚ ਵੀ 3 ਫੀਸਦੀ ਛੋਟ ਮਿਲ ਜਾਂਦੀ ਹੈ ਅਤੇ ਇਸ ਦੇ ਉਲਟ ਜਿਹੜੇ ਕਿਸਾਨ ਸਮੇਂ ਸਿਰ ਕਰਜ਼ਾ ਵਾਪਸ ਨਹੀਂ ਕਰਦੇ, ਉਹਨਾਂ ਨੂੰ 2.5 ਫੀਸਦੀ ਵੱਧ ਵਿਆਜ ਅਦਾ ਕਰਨਾ ਪੈਂਦਾ ਹੈ, ਜੋ ਕਿ 9.5 ਫੀਸਦੀ ਬਣ ਜਾਂਦਾ ਹੈ।

## ਸੰਪਾਦਕੀ

### ਟਰੰਪ ਦੀਆਂ ਅਰਾਜਕ ਨੀਤੀਆਂ

ਰੂਸ ਤੇ ਅਮਰੀਕਾ ਵਿਚਕਾਰ ਠੰਢੀ ਜੰਗ ਸਮੇਂ ਸੰਸਾਰ ਅੰਦਰ ਵੱਖ-ਵੱਖ ਮੌਕਿਆਂ 'ਤੇ ਤੀਜੀ ਸੰਸਾਰ ਜੰਗ ਦਾ ਖ਼ਤਰਾ ਮੰਡਰਾਉਂਦਾ ਰਿਹਾ ਹੈ ਅਤੇ ਇਸ ਸਮੇਂ ਜੰਗ ਦੇ ਪਰਮਾਣੂ ਜੰਗ ਵਿੱਚ ਵਟਣ ਦੇ ਖ਼ਦਸ਼ੇ ਪੈਦਾ ਹੁੰਦੇ ਰਹੇ ਅਤੇ ਇਸ ਸਾਮਰਾਜੀ ਤੇ ਪਰਮਾਣੂ ਜੰਗ ਵਿਰੁੱਧ ਕੌਮੀ ਮੁਕਤੀ ਲਹਿਰ ਤੇ ਸ਼ਾਂਤੀ ਲਹਿਰ ਵੀ ਨਾਲ-ਨਾਲ ਚਲਦੀ ਰਹੀ। ਸੰਸਾਰ ਤਾਕਤਾਂ ਵਿਚਕਾਰ ਪਰਮਾਣੂ ਜੰਗ ਤੇ ਪਰਮਾਣੂ ਹਥਿਆਰਾਂ ਦੇ ਪਸਾਰ ਵਿਰੁੱਧ ਕਈ ਸੰਧੀਆਂ-ਸਮਝੌਤੇ ਵੀ ਹੁੰਦੇ ਰਹੇ। ਪਰਮਾਣੂ ਹਥਿਆਰਾਂ ਦੀ ਰੋਕ ਅਤੇ ਪਰਮਾਣੂ ਹਥਿਆਰਾਂ ਦੇ ਪਸਾਰ ਵਿਰੋਧੀ ਸੰਧੀਆਂ ਵਿੱਚ ਯੂਐੱਨ ਦਾ ਅਹਿਮ ਰੋਲ ਰਿਹਾ। ਯੂਐੱਨ ਦਾ ਕੌਮਾਂਤਰੀ ਮਸਲਿਆਂ ਵਿੱਚ ਸਾਲਸੀ ਵਾਲਾ ਰੋਲ ਰਹਿਣ ਕਰ ਕੇ ਇਸ ਨੇ ਦੁਨੀਆ ਵਿੱਚ ਪਰਮਾਣੂ ਹਥਿਆਰਾਂ ਅਤੇ ਪਰਮਾਣੂ ਤਕਨਾਲੋਜੀ ਦਾ ਫੈਲਾਅ ਰੋਕਣ, ਪਰਮਾਣੂ ਊਰਜਾ ਦੇ ਸ਼ਾਂਤੀਪੂਰਨ ਉਪਯੋਗ ਵਿੱਚ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਪਰਮਾਣੂ ਹਥਿਆਰ ਰਹਿਤ ਸੰਸਾਰ ਸਿਰਜਣ ਦੇ ਟੀਚਿਆਂ ਨੂੰ ਅੱਗੇ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਈ। ਯੂਐੱਨ ਦੀ ਵਿਚੋਲਗਿਰੀ ਕਾਰਨ ਦੁਨੀਆ ਅੰਦਰ ਪਰਮਾਣੂ ਅ-ਪ੍ਰਸਾਰ ਸੰਧੀ (ਐੱਨਪੀਟੀ) ਹੋਂਦ ਵਿੱਚ ਆਈ ਜੋ 1968 ਵਿੱਚ ਅਪਣਾਇਆ ਗਈ ਅਤੇ 1970 ਵਿੱਚ ਲਾਗੂ ਕੀਤੀ ਗਈ। ਇਸ ਪਰਮਾਣੂ ਅ-ਪਸਾਰ ਸੰਧੀ ਨੂੰ ਪੰਜ ਪਰਮਾਣੂ ਦੇਸ਼ਾਂ ਨੂੰ ਛੱਡ ਕੇ ਵਿਸ਼ਵ ਵਿਆਪੀ ਪਰਮਾਣੂ ਹਥਿਆਰ ਰਹਿਤ ਸੰਸਾਰ ਪ੍ਰਬੰਧ ਦਾ ਆਧਾਰ ਮੰਨਿਆ ਜਾਂਦਾ ਰਿਹਾ। ਪਰਮਾਣੂ ਸ਼ਕਤੀ ਵਾਲੇ ਦੇਸ਼ਾਂ ਨੂੰ ਇਸ ਤਕਨਾਲੋਜੀ ਨੂੰ ਗੈਰ-ਪਰਮਾਣੂ ਸ਼ਕਤੀ ਵਾਲੇ ਦੇਸ਼ਾਂ ਨੂੰ ਮੁਹੱਈਆ ਨਾ ਕਰਨ ਲਈ ਸਹਿਮਤ ਹੋਣਾ ਪਿਆ ਅਤੇ ਦੁਨੀਆ ਅੰਦਰ ਪੰਜ ਦੇਸ਼ਾਂ ਨੂੰ ਪਰਮਾਣੂ ਹਥਿਆਰਾਂ ਵਾਲੇ ਦੇਸ਼ਾਂ ਦੇ ਤੌਰ 'ਤੇ ਮਾਨਤਾ ਹਾਸਲ ਹੋਈ। ਇਨ੍ਹਾਂ ਪੰਜ ਦੇਸ਼ਾਂ ਦੀ ਪਰਮਾਣੂ ਹਥਿਆਰਾਂ ਉੱਤੇ ਇਜਾਰੇਦਾਰੀ ਹੋਣ ਨਾਲ ਬਾਕੀ ਦੇਸ਼ਾਂ ਨੂੰ ਗੈਰ-ਪਰਮਾਣੂ ਦੇਸ਼ ਮੰਨਿਆ ਗਿਆ ਅਤੇ ਯੂਐੱਨ ਦੇ ਨਿਸ਼ਸਤਰੀਕਰਨ ਪ੍ਰੋਗਰਾਮ ਦੀ ਨੀਤੀ ਬਾਕੀ ਸਾਰੇ ਦੇਸ਼ਾਂ ਨੂੰ ਸਖ਼ਤ ਅਤੇ ਪ੍ਰਭਾਵਸ਼ਾਲੀ ਕੌਮਾਂਤਰੀ ਕੰਟਰੋਲ ਅਧੀਨ ਰੱਖਿਆ ਗਿਆ। ਯੂਐੱਨ ਦੀ ਦੇਖ-ਰੇਖ ਵਿੱਚ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਅਤੇ ਇਸ ਪਰਮਾਣੂ ਅ-ਪਸਾਰ ਸੰਧੀ ਨੂੰ ਸਾਰੀਆਂ ਧਿਰਾਂ ਨੂੰ ਭੇਦਭਾਵ ਤੋਂ ਬਿਨਾਂ ਸ਼ਾਂਤੀਪੂਰਨ ਉਦੇਸ਼ਾਂ ਲਈ ਪਰਮਾਣੂ ਊਰਜਾ ਵਿਕਸਤ ਅਤੇ ਵਰਤੋਂ ਕਰਨ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਸੀ। ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਪਰਮਾਣੂ ਸੁਰੱਖਿਆ ਪ੍ਰਣਾਲੀ ਰਾਹੀਂ ਸੰਧੀ ਦੀ ਪਾਲਣਾ ਦੀ ਪੁਸ਼ਟੀ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਰਹੀ ਹੈ ਜਿਸ ਵਿੱਚ ਪਰਮਾਣੂ ਪ੍ਰੋਗਰਾਮਾਂ ਦਾ ਨਿਰੀਖਣ ਸ਼ਾਮਲ ਹੁੰਦਾ ਸੀ। ਪਰਮਾਣੂ ਅ-ਪਸਾਰ ਸੰਧੀ 1995 ਵਿੱਚ ਅਣਮਿੱਥੇ ਸਮੇਂ ਲਈ ਅੱਗੇ ਵਧਾਈ ਗਈ ਸੀ। ਕੌਮਾਂਤਰੀ ਊਰਜਾ ਏਜੰਸੀ ਸਾਰੇ ਦੇਸ਼ਾਂ ਦੇ ਪਰਮਾਣੂ ਪ੍ਰੋਗਰਾਮਾਂ ਦੀ ਨਿਗਰਾਨੀ ਲਈ ਬਣਾਈ ਗਈ ਸੀ ਪਰ ਇਸ ਪ੍ਰਣਾਲੀ ਉੱਤੇ ਠੀਕ ਢੰਗ ਨਾਲ ਅਮਲ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਸੰਖੇਪ ਵਿੱਚ, ਪਰਮਾਣੂ ਅ-ਪਸਾਰ ਸੰਧੀ ਹਥਿਆਰਾਂ ਦੇ ਫੈਲਾਓ ਨੂੰ ਰੋਕਣ ਅਤੇ ਪਰਮਾਣੂ ਨਿਸ਼ਸਤਰੀਕਰਨ ਨੂੰ ਉਤਸ਼ਾਹਿਤ ਕਰਨ ਲਈ ਅਹਿਮ ਕੌਮਾਂਤਰੀ ਸੰਧੀ ਰਹੀ ਹੈ ਪਰ ਇਸ ਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਠੰਢੀ ਜੰਗ ਦੇ ਖ਼ਾਤਮੇ ਅਤੇ ਸੋਵੀਅਤ ਸੰਘ ਦੇ ਖਿੰਡਾਅ ਬਾਅਦ ਦੁਨੀਆ ਦੇ ਹਾਲਾਤ ਹੋਰ ਵੀ ਬਦਲ ਗਏ ਅਤੇ ਕੌਮਾਂਤਰੀ ਸੰਸਥਾਵਾਂ ਦੀ ਉਲੰਘਣਾ ਤੇਜ਼ ਹੋ ਗਈ। ਅਮਰੀਕੀ ਸਾਮਰਾਜਵਾਦ ਦੇ ਬਾਕੀ ਸਾਮਰਾਜੀ ਦੇਸ਼ਾਂ ਨਾਲੋਂ ਬਹੁਤ ਹਾਵੀ ਹੋਣ ਕਰ ਕੇ ਅਫ਼ਗਾਨਿਸਤਾਨ, ਇਰਾਕ, ਸੀਰੀਆ ਆਦਿ ਦੇਸ਼ਾਂ ਉਤੇ ਹਮਲੇ ਕੀਤੇ ਗਏ। ਇਨ੍ਹਾਂ ਹਮਲਿਆਂ ਨਾਲ ਨਜਿੱਠਣ ਲਈ ਯੂਐੱਨ ਬੁਰੀ ਤਰ੍ਹਾਂ ਫੇਲ੍ਹ ਹੋ ਗਈ। ਹੁਣ ਟਰੰਪ ਦੇ ਉਭਾਰ ਨਾਲ ਸੰਸਾਰ ਹਾਲਾਤ ਹੋਰ ਬਦਲ ਰਹੇ ਹਨ। ਟਰੰਪ ਨੇ ਆਪਣੇ ਮਨਮਾਨੇ ਕਾਰਜਕਾਰੀ ਹੁਕਮ ਜਾਰੀ ਕਰ ਕੇ ਫਾਸ਼ੀਵਾਦੀ ਰੁਖ਼ ਅਖ਼ਤਿਆਰ ਕਰ ਲਿਆ ਹੈ। ਟਰੰਪ ਨੇ ਕੌਮਾਂਤਰੀ ਸੰਸਥਾਵਾਂ ਅਤੇ ਸੰਧੀਆਂ ਵਿੱਚੋਂ ਮਨਮਾਨੇ ਢੰਗ ਨਾਲ ਬਾਹਰ ਆਉਣ ਅਤੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦਾ ਅਮਲ ਚਲਾ ਦਿੱਤਾ ਹੈ। ਅਮਰੀਕਾ ਨੇ ਦੂਜੀ ਵਿਸ਼ਵ ਜੰਗ ਤੋਂ ਬਾਅਦ ਦੁਨੀਆ ਭਰ ਅੰਦਰ ਬਹੁਤ ਸਾਰੇ ਫੌਜੀ ਅਤੇ ਪਰਮਾਣੂ ਅੱਡੇ ਬਣਾਏ ਹੋਏ ਹਨ। ਇਸ ਨੇ ਸੋਵੀਅਤ ਯੂਨੀਅਨ ਨੂੰ ਮਾਤ ਦੇਣ ਲਈ ਨਾਟੋ ਗੁੱਟ ਬਣਾਇਆ ਸੀ। ਸੋਵੀਅਤ ਯੂਨੀਅਨ ਦੀ ਘੇਰਾਬੰਦੀ ਲਈ ਯੂਐੱਸਏਡ ਏਜੰਸੀ ਵੀ ਬਣਾਈ ਗਈ ਸੀ। ਸੋਵੀਅਤ ਯੂਨੀਅਨ ਖਿੰਡਾਓ ਮਗਰੋਂ ਹੁਣ ਅਮਰੀਕਾ ਨੂੰ ਇਨ੍ਹਾਂ ਸੰਸਥਾਵਾਂ ਦੀ ਉਸ ਤਰ੍ਹਾਂ ਦੀ ਜ਼ਰੂਰਤ ਨਾ ਰਹਿਣ ਕਾਰਨ ਉਹ ਇਨ੍ਹਾਂ ਦਾ ਬਜਟ ਘਟਾ ਰਿਹਾ ਹੈ। ਇਨ੍ਹਾਂ ਵਿਚੋਂ ਇੱਕ ਪਾਸੇ 86% ਸਕੀਮਾਂ ਦੇ ਫੰਡ ਘਟਾ ਦਿੱਤੇ ਹਨ, ਦੂਜੇ ਪਾਸੇ ਨਾਟੋ ਮੁਲਕਾਂ ਉੱਤੇ ਸਾਰੇ ਮੁਲਕਾਂ ਨੂੰ ਆਪਣੇ ਫ਼ੌਜੀ ਖ਼ਰਚੇ ਵਧਾਉਣ ਲਈ ਦਬਾਅ ਪਾ ਰਿਹਾ ਹੈ। ਉਂਝ, ਆਰਥਿਕ ਸੰਕਟ ਵਿਚ ਫਸੇ ਨਾਟੋ ਮੁਲਕ ਹੁਣ ਤੱਕ ਆਪਣੇ ਰੱਖਿਆ ਖ਼ਰਚੇ ਵਧਾਉਣ ਲਈ ਰਾਜ਼ੀ ਨਹੀਂ ਹੋ ਰਹੇ। ਦੁਨੀਆ ਅੰਦਰ ਲਗਾਤਾਰ ਤਬਦੀਲੀ ਹੋ ਰਹੀ ਹੈ। ਅੱਜ ਅਮਰੀਕਾ ਦੁਨੀਆ ਦਾ ਸਭ ਤੋਂ ਵੱਡਾ ਕਰਜ਼ਈ ਦੇਸ਼ ਹੈ ਅਤੇ ਇਸ ਦੇ ਸਿਰ 32 ਖਰਬ ਡਾਲਰ ਤੋਂ ਵੱਧ ਕਰਜ਼ਾ ਹੈ। ਇਸ ਦਾ ਫੌਜੀ ਬਜਟ 988 ਅਰਬ ਡਾਲਰ ਤੋਂ ਉੱਪਰ ਹੈ ਜੋ ਦੁਨੀਆ ਵਿੱਚ ਸਭ ਤੋਂ ਵੱਧ ਹੈ। ਅਮਰੀਕਾ ਦੀ ਆਰਥਿਕ ਹਾਲਤ ਮਾੜੀ ਹੋਣ ਕਰ ਕੇ ਉਸ ਦਾ ਖੋਜ ਅਤੇ ਵਿਕਾਸ ਬਜਟ ਪ੍ਰਭਾਵਿਤ ਹੋ ਰਿਹਾ ਹੈ। ਉਸ ਦੇ ਮੁਕਾਬਲੇ ਖੋਜ ਵਿਕਾਸ ਕਾਰਜਾਂ ਵਿਚ ਚੀਨ ਅੱਗੇ ਵਧ ਰਿਹਾ ਹੈ। ਇਸ ਸਮੇਂ ਦੁਨੀਆ ਅੰਦਰ ਚੀਨ ਅਮਰੀਕਾ ਦਾ ਮੁੱਖ ਚੁਣੌਤੀਕਾਰ ਹੈ, ਇਸ ਕਰ ਕੇ ਅਮਰੀਕਾ ਯੂਰੋਪੀਅਨ ਯੂਨੀਅਨ ਵਿੱਚ ਨਾਟੋ ਦੇ ਫੌਜੀ ਅੱਡਿਆਂ ਦੇ ਖਰਚੇ ਘਟਾਉਣਾ ਚਾਹੁੰਦਾ ਹੈ ਪਰ ਯੂਰੋਪੀਅਨ ਯੂਨੀਅਨ ਨਹੀਂ ਚਾਹੁੰਦੀ ਕਿ ਅਮਰੀਕਾ ਨਾਟੋ ਦਾ ਬਜਟ ਘਟਾਵੇ ਕਿਉਂਕਿ ਸੁਰੱਖਿਆ ਲਈ ਉਸ ਦੀ ਅਮਰੀਕਾ ਉਪਰ ਨਿਰਭਰਤਾ ਹੈ। ਉਧਰ, ਟਰੰਪ ਅਮਰੀਕਾ ਅੰਦਰ ਖਰਚੇ ਘੱਟ ਕਰਨ ਲਈ ਮੁਲਾਜ਼ਮਾਂ ਦੀ ਛਾਂਟੀ ਲਈ ਬਜਟ ਉਪਰ ਕਟੌਤੀ ਕਰ ਰਿਹਾ ਹੈ ਜਿਸ ਦਾ ਵਿਰੋਧ ਹੋ ਰਿਹਾ ਹੈ। ਇਸ ਕਰ ਕੇ ਟਰੰਪ ਵੱਲੋਂ ਟੈਰਿਫ ਵਧਾਉਣ ਰਾਹੀਂ ਖਜ਼ਾਨਾ ਭਰਨ ਅਤੇ ਦਰਾਮਦਾਂ ਘਟਾਉਣ ਲਈ ਕਦਮ ਚੁੱਕੇ ਜਾ ਰਹੇ ਹਨ। ਟਰੰਪ ਮੁਤਾਬਿਕ, ਅਮਰੀਕਾ ਨੂੰ ਟੈਰਿਫਾਂ ਤੋਂ ਘੱਟੋ-ਘੱਟ 2 ਅਰਬ ਡਾਲਰ ਦੀ ਕਮਾਈ ਹੋਵੇਗੀ। ਉਹਦਾ ਤਰਕ ਹੈ ਕਿ ਅਮਰੀਕਾ ਨੇ ਜਦੋਂ ਵੀ ਟੈਰਿਫ ਲਾਏ ਹਨ, ਉਹ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਰਿਹਾ ਹੈ ਪਰ ਉਹ ਭੁੱਲ ਰਿਹਾ ਹੈ ਕਿ ਟੈਰਿਫਾਂ ਦੇ ਵਾਧੇ ਨਾਲ ਮਹਿੰਗਾਈ ਵਧਦੀ ਹੈ ਅਤੇ ਇਨ੍ਹਾਂ ਟੈਰਿਫਾਂ ਨਾਲ ਦੁਨੀਆ ਅੰਦਰ ਹਾਹਾਕਾਰ ਮੱਚ ਗਈ ਹੈ। ਟੈਰਿਫ ਤੋਂ ਇਲਾਵਾ ਅਮਰੀਕਾ ਜੰਗੀ ਤਿਆਰੀਆਂ ਵੀ ਕਰ ਰਿਹਾ ਹੈ। ਟਰੰਪ ਨੇ ਪੈਂਟਾਗਨ ਨੂੰ ਆਧੁਨਿਕ ਹਥਿਆਰ ਤਿਆਰ ਕਰਨ ਦੇ ਹੁਕਮ ਜਾਰੀ ਕੀਤੇ ਹਨ। ਅਮਰੀਕਾ ਵੱਲੋਂ ਨਾਟੋ ਤੋਂ ਪਿਛਾਂਹ ਹਟਣ ਨਾਲ ਚਿਰਾਂ ਤੋਂ ਨਿਸ਼ਸਤਰੀਕਰਨ ਦੀ ਨੀਤੀ ਉੱਤੇ ਚੱਲਣ ਵਾਲਾ ਜਾਪਾਨ ਮਿਲਟਰੀ ਤਿਆਰੀਆਂ ਅਤੇ ਪਰਮਾਣੂ ਬੰਬਾਂ ਦੀ ਦੌੜ ਵਿਚ ਸ਼ਾਮਿਲ ਹੋ ਰਿਹਾ ਹੈ। ਅਮਰੀਕਾ ਤੇ ਇਜ਼ਰਾਈਲ ਪਰਮਾਣੂ ਹਥਿਆਰਾਂ ਨੂੰ ਲੈ ਕੇ ਇਰਾਨ ਨੂੰ ਲਗਾਤਾਰ ਜੰਗੀ ਘੁਰਕੀਆਂ ਦੇ ਰਹੇ ਹਨ। ਪਰਮਾਣੂ ਹਥਿਆਰ ਵਾਲੇ ਮੁਲਕਾਂ ਬਰਤਾਨੀਆ ਅਤੇ ਫਰਾਂਸ ਵੱਲੋਂ ਯੂਰੋਪੀਅਨ ਯੂਨੀਅਨ ਨੂੰ ਪਰਮਾਣੂ ਛਤਰੀ ਦੇਣ ਲਈ ਯੂਰੋਪੀਅਨ ਯੂਨੀਅਨ ਦੀ ਲੰਡਨ ਵਿੱਚ ਮੀਟਿੰਗ ਹੋ ਚੁੱਕੀ ਹੈ। ਟਰੰਪ ਨੇ ਆਪਣੇ ਸਹਿਯੋਗੀ ਰਹੇ ਦੇਸ਼ਾਂ ਨੂੰ ਪਰਮਾਣੂ ਬਦਲ ਦੀ ਹੱਲਾਸ਼ੇਰੀ ਦੇ ਦਿੱਤੀ ਹੈ। ਉਹ ਕੌਮਾਂਤਰੀ ਸੰਸਥਾਵਾਂ- ਯੂਐੱਨ, ਵਿਸ਼ਵ ਵਪਾਰ ਸੰਸਥਾ, ਵਿਸ਼ਵ ਸਿਹਤ ਸੰਗਠਨ, ਵਾਤਾਵਰਨ ਸੰਸਥਾਵਾਂ ਆਦਿ ਛੱਡ ਰਿਹਾ ਹੈ ਅਤੇ ਦੁਨੀਆ ਅੰਦਰ ਅਰਾਜਕਤਾ ਦਾ ਬੋਲਬਾਲਾ ਹੋ ਰਿਹਾ ਹੈ। ਇਉਂ ਟਰੰਪ ਦੇ ਟੈਰਿਫਾਂ ਦੀ ਜੰਗ ਪੂਰੀ ਸੂਰੀ ਫੌਜੀ ਅਤੇ ਪਰਮਾਣੂ ਜੰਗ ਦੀਆਂ ਤਿਆਰੀਆਂ ਵਿੱਚ ਤਬਦੀਲ ਹੋਣ ਦੇ ਖ਼ਤਰੇ ਪੈਦਾ ਹੋ ਰਹੇ ਹਨ। ਚੀਨ ਨੇ ਅਮਰੀਕਾ ਦੀ ਟੈਰਿਫ ਜੰਗ ਦਾ ਮੁਕਾਬਲਾ ਕਰਨ ਲਈ ਖਰਬਾਂ ਡਾਲਰ ਜਮ੍ਹਾਂ ਕੀਤੇ ਹੋਏ ਹਨ ਅਤੇ ਉਹ ਟੈਰਿਫ ਜੰਗ ਲੜਨ ਦੇ ਮੁਕਾਬਲੇ ਦੇ ਦਮਗਜ਼ੇ ਮਾਰ ਰਿਹਾ ਹੈ। ਇਸੇ ਦੌਰਾਨ, ਪਿਛਲੀ ਤਿਮਾਹੀ ਵਿਚ ਚੀਨ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ ਹੈਰਾਨੀਜਨਕ ਵਾਧਾ ਹੋਇਆ ਹੈ ਪਰ ਅਮਰੀਕਾ ਚੀਨ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੋਣ ਕਰ ਕੇ ਇਸ ਦਾ ਚੀਨ ਦੇ ਅਰਥਚਾਰੇ 'ਤੇ ਮਾੜਾ ਪ੍ਰਭਾਵ ਪਵੇਗਾ; ਇਕੱਲੇ ਚੀਨ ਉਪਰ ਹੀ ਨਹੀਂ ਸਗੋਂ ਇਸ ਦਾ ਸੰਸਾਰ ਅਰਥਚਾਰੇ ਉੱਪਰ ਵੀ ਬੁਰਾ ਪ੍ਰਭਾਵ ਪਵੇਗਾ। ਇਸ ਦੇ ਨਾਲ ਹੀ ਅਮਰੀਕਾ ਅਤੇ ਇਸ ਦੇ ਭਾਈਵਾਲ ਸਾਮਰਾਜੀ ਦੇਸ਼ਾਂ ਦਾ ਆਪਸੀ ਪਾੜਾ ਬਹੁਤ ਵਧ ਗਿਆ ਹੈ ਅਤੇ ਉਸ ਦੇ ਭਾਈਵਾਲਾਂ ਦੀ ਅਮਰੀਕਾ ਉਪਰ ਨਿਰਭਰਤਾ ਵਧ ਗਈ ਹੈ।

ਇਸ ਕਰ ਕੇ ਟਰੰਪ ਨੇ ਆਪਣੇ ਯੂਰੋਪੀਅਨ ਭਾਈਵਾਲਾਂ ਨਾਲ ਪਹਿਲਾਂ ਵਾਲੀ ਬਹੁਪੱਖੀ ਸਮੂਹਿਕ ਸਮਝ ਤਿਆਗ ਦਿੱਤੀ ਹੈ ਅਤੇ ਉਹ ਰੂਸ-ਯੂਕਰੇਨ, ਇਜ਼ਰਾਈਲ-ਫਲਸਤੀਨ, ਤਾਈਵਾਨ-ਚੀਨ ਅਤੇ ਹੋਰ ਮਸਲਿਆਂ ਬਾਰੇ ਆਪਣੇ ਭਾਈਵਾਲ ਦੇਸ਼ਾਂ ਦੀ ਕੋਈ ਪ੍ਰਵਾਹ ਨਹੀਂ ਕਰ ਰਿਹਾ। ਟੈਰਿਫ ਲਾਉਣ ਸਮੇਂ ਵੀ ਉਸ ਨੇ ਕਿਸੇ ਦੂਜੇ ਦੇਸ਼ ਦੀ ਪ੍ਰਵਾਹ ਨਹੀਂ ਕੀਤੀ। ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ ਅੰਦਰ ਬਹੁਸੰਮਤੀ ਹਾਸਲ ਕਰਨ ਨਾਲ ਉਸ ਨੇ ਹੋਰ ਵੀ ਜ਼ਿਆਦਾ ਤਾਕਤਾਂ ਹਾਸਲ ਕਰ ਲਈਆਂ ਹਨ। ਟਰੰਪ ਦੀਆਂ ਨੀਤੀਆਂ ਦੇ ਅਰਾਜਕਤਾਵਾਦੀ ਵਿਹਾਰ ਦੀਆਂ ਦੁਸ਼ਵਾਰੀਆਂ ਦਾ ਕੌੜਾ ਸੁਆਦ ਦੁਨੀਆ ਭਰ ਦੇ ਲੋਕਾਂ ਨੂੰ ਚੱਖਣਾ ਪਵੇਗਾ।

## ਵਿਧਾਇਕ ਮਾਲੇਰਕੋਟਲਾ ਵੱਲੋਂ ਪਿੰਡ ਹਥਨ ਤੇ ਮੁਬਾਰਕਪੁਰ ਦੇ ਸਰਕਾਰੀ ਸਕੂਲਾਂ ਵਿੱਚ ਕਰੀਬ 72 ਲੱਖ ਰੁਪਏ ਤੋਂ ਵੱਧ ਰਕਮ ਨਾਲ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ



**ਮਲੇਰਕੋਟਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਿੱਖਿਆ ਖੇਤਰ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਵਾਸਤੇ ਵਿੱਢੀ ਗਈ ਮੁਹਿੰਮ ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਹਲਕਾ ਮਾਲੇਰਕੋਟਲਾ ਦੇ ਪਿੰਡ ਹਥਨ ਅਤੇ ਮੁਬਾਰਕਪੁਰ ਦੇ ਸਰਕਾਰੀ ਸਕੂਲਾਂ ਵਿੱਚ ਕਰੀਬ 72 ਲੱਖ ਰੁਪਏ ਤੋਂ ਵੱਧ ਲਾਗਤ ਨਾਲ ਕਰਵਾਏ ਵਿਕਾਸ ਕਾਰਜ ਵਿਧਾਇਕ ਡਾ ਜਮੀਲ ਉਰ ਰਹਿਮਾਨ ਵੱਲੋ ਲੋਕ ਅਰਪਿਤ ਕੀਤੇ ਗਏ। ਇਸ ਮੌਕੇ ਵਿਧਾਇਕ ਮਾਲੇਰਕੋਟਲਾ ਦੀ ਪਤਨੀ ਫਰਿਆਲ ਰਹਿਮਾਨ ਵੀ ਮੌਜੂਦ ਸਨ ।

ਜ਼ਿਕਰਯੋਗ ਹੈ ਕਿ ਪਿੰਡ ਹਥਨ ਵਿਖੇ ਕਰੀਬ 40.40 ਲੱਖ ਰੁਪਏ ਦੀ ਲਾਗਤ ਸਰਕਾਰੀ ਪ੍ਰਾਇਮਰੀ ਸਕੂਲ ਦੇ ਨਵੇਂ ਕਮਰਿਆਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 22.81 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਈ ਚਾਰਦੀਵਾਰੀ ਅਤੇ ਨਵੇਂ ਕਮਰਿਆਂ ਦਾ ਉਦਘਾਟਨ ਕੀਤਾ । ਇਸ ਤੋਂ ਇਲਾਵਾ ਉਨ੍ਹਾਂ ਪਿੰਡ ਮੁਬਾਰਕਪੁਰ ਵਿਖੇ 8 ਲੱਖ 80 ਹਜਾਰ ਰੁਪਏ ਦੀ ਲਾਗਤ ਨਾਲ ਉਸਾਰੀ ਚਾਰਦੀਵਾਰੀ ਦਾ ਉਦਘਾਟਨ ਕੀਤਾ ।

ਇਹਨਾਂ ਸਕੂਲਾਂ ਵਿੱਚ ਵਿਕਾਸ ਪ੍ਰੋਜੈਕਟਾਂ ਨੂੰ ਲੋਕ ਅਰਪਿਤ ਕਰਨ ਮੌਕੇ ਵਿਧਾਇਕ ਨੇ ਕਿਹਾ ਕਿ ਹਲਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਅਤੇ ਸਿਹਤ ਖੇਤਰ ਵਿੱਚ ਪਹਿਲ ਦੇ ਅਧਾਰ ਉੱਤੇ ਕੰਮ ਕਰ ਰਹੀ ਹੈ।

ਪੰਜਾਬ ਸਰਕਾਰ ਲੋਕਾਂ ਨੂੰ ਦੇਸ਼ ਵਿੱਚੋਂ ਸਭ ਤੋਂ ਬਿਹਤਰੀਨ ਸਿੱਖਿਆ ਪ੍ਰਬੰਧ ਦੇਣ ਦਾ ਟੀਚਾ ਲੈ ਕੇ ਦਿਨ-ਰਾਤ ਇੱਕ ਕਰਕੇ ਕੰਮ ਕਰ ਰਹੀ ਹੈ। ਸਰਕਾਰ ਵੱਲੋਂ ਕੀਤੇ ਯਤਨਾਂ ਦੇ ਸਾਰਥਕ ਸਿੱਟੇ ਨਿਕਲ ਕੇ ਸਾਹਮਣੇ ਆ ਰਹੇ ਹਨ।

ਹਲਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਨੂੰ ਬਿਹਤਰ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਜੇਕਰ ਮਾਪਿਆਂ, ਅਧਿਆਪਕਾਂ ਵਿਦਿਆਰਥੀਆਂ ਨੂੰ ਕੋਈ ਕਮੀ ਨਜ਼ਰ ਆਉਂਦੀ ਹੈ ਤਾਂ ਫੌਰੀ ਉਹਨਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ। ਸਿੱਖਿਆ ਖੇਤਰ ਸਬੰਧੀ ਹਰ ਸਮੱਸਿਆ ਫੌਰੀ ਤੌਰ 'ਤੇ ਹੱਲ ਕੀਤੀ ਜਾਵੇਗੀ।

ਹਲਕਾ ਵਿਧਾਇਕ ਨੇ ਪਿੰਡਾਂ ਦੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਜਿੱਥੇ ਉਹ ਪਿੰਡਾਂ ਦੇ ਵਿਕਾਸ ਕਾਰਜਾਂ ਸਬੰਧੀ ਮਸਲੇ ਉਹਨਾਂ ਦੇ ਕੋਲ ਲੈ ਕੇ ਆਉਂਦੇ ਹਨ।

ਉੱਥੇ ਸਕੂਲਾਂ ਨਾਲ ਸਬੰਧਤ ਮਸਲੇ ਵੀ ਉਹਨਾਂ ਦੇ ਧਿਆਨ ਵਿੱਚ ਲਿਆਂਦੇ ਜਾਣ ਤਾਂ ਜੋ ਸਾਰੇ ਸਰਕਾਰੀ ਸਕੂਲਾਂ ਨੂੰ ਅਤ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਸਕੇ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਣ ਕਿਉਂਕਿ ਸਰਕਾਰੀ ਸਕੂਲਾਂ ਵਿੱਚ ਜੋ ਸਟਾਫ ਨਿਯੁਕਤ ਕੀਤਾ ਜਾਂਦਾ, ਉਹ ਉੱਚ ਯੋਗਤਾ ਪ੍ਰਾਪਤ ਅਤੇ ਬਹੁਤ ਹੀ ਕਰੜੀ ਪ੍ਰੀਖਿਆ ਵਿੱਚੋਂ ਲੰਘ ਕੇ ਆਇਆ ਹੁੰਦਾ ਹੈ।

ਇਸ ਮੌਕੇ ਸਰਪੰਚ ਕਮਲਜੀਤ ਸਿੰਘ ਹਥਨ, ਸਰਪੰਚ, ਕੁਲਦੀਪ ਕੌਰ, ਮੁਬਾਰਕਪੁਰ, ਸੀਨੀਅਰ ਆਪ ਆਗੂ ਦਿਲਵਰ ਚੁੰਘਾ, ਸੁਖਦਰਸ਼ਨ ਸਿੰਘ ਸੁੱਖਾ ਮਿੱਠੇਵਾਲ, ਹੈੱਡਮਿਸਟ੍ਰੈਸ ਮੈਡਮ ਸਮਸਾਦ ਮੁਬਾਰਕਪੁਰ ਤੋਂ ਇਲਾਵਾ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਵੀ ਮੌਜੂਦ ਸਨ ।

## ਮੰਡੀਆਂ ਵਿੱਚ ਪਹੁੰਚੀ ਕਣਕ ਦੀ ਨਾਲੋ ਨਾਲ ਹੋ ਰਹੀ ਖਰੀਦ, ਆਮਦ ਹੋਈ ਕਣਕ ਵਿਚੋਂ 99.54 ਫੀਸਦੀ ਖ੍ਰੀਦ



**ਮੋਗਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਜਿੱਥੇ ਮੰਡੀਆਂ ਵਿੱਚ ਕਣਕ ਦੀ ਖਰੀਦ ਦਾ ਕੰਮ ਪ੍ਰਭਾਵਸ਼ਾਲੀ ਢੰਗ ਨਾਲ ਚੱਲ ਰਿਹਾ ਹੈ ਉਸਦੇ ਨਾਲ ਹੀ ਮੰਡੀਆਂ ਵਿੱਚ ਖ੍ਰੀਦ ਕੀਤੀ ਗਈ ਕਣਕ ਦੀ ਲਿਫਟਿੰਗ ਵੱਲ ਵੀ ਜ਼ਿਲ੍ਹਾ ਪ੍ਰਸ਼ਾਸ਼ਨ ਖ਼ਾਸ ਧਿਆਨ ਦੇ ਰਿਹਾ ਹੈ ਤਾਂ ਕਿ ਕਿਸੇ ਵੀ ਕਿਸਾਨ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉਕਤ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸਾਗਰ ਸੇਤੀਆ ਵੱਲੋਂ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਜ਼ਿਲਾ ਖੁਰਾਕ ਤੇ ਸਪਲਾਈਜ਼ ਕੰਟਰੋਲਰ ਮੋਗਾ ਸ੍ਰੀਮਤੀ ਗੀਤਾ ਬਿਸ਼ੰਭੂ ਅਤੇ ਸਮੂਹ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਵੱਲੋਂ ਵੱਖ-ਵੱਖ ਸਟੋਰੇਜ ਪੁਆਇੰਟਾਂ ਤੇ ਨਿਜੀ ਤੌਰ ਤੇ ਜਾ ਕੇ ਅਣਲੋਡਿੰਗ ਦੀ ਸਥਿਤੀ ਦਾ ਜਾਇਜਾ ਲਿਆ ਅਤੇ ਸਬੰਧਤ ਠੇਕੇਦਾਰਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਗੁਦਾਮਾਂ ਵਿੱਚ ਅਣਲੋਡਿੰਗ ਬਿਨਾਂ ਕਿਸੇ ਦੇਰੀ ਦੇ ਮੁਕੰਮਲ ਕੀਤੀ ਜਾਵੇ ਤਾਂ ਜੋ ਮੰਡੀਆਂ ਵਿੱਚ ਲਿਫਟਿੰਗ ਜਲਦੀ ਕੀਤੀ ਜਾ ਸਕੇ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਹੁਣ ਤੱਕ ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਮੰਡੀਆਂ ਵਿੱਚ ਆਪਣੀ ਫਸਲ ਵੇਚਣ, ਪੈਮੇਂਟ ਦੀਆਂ ਸੁਵਿਧਾਵਾਂ ਮੁੱਹਈਆ ਕਰਵਾਈਆਂ ਗਈਆਂ ਹਨ ਅਤੇ ਇਹ ਸੀਜ਼ਨ ਖਤਮ ਹੋਣ ਤੱਕ ਏਦਾਂ ਹੀ ਜਾਰੀ ਰਹਿਣਗੀਆਂ। ਕਿਸਾਨਾਂ ਦੀ ਮੰਡੀ ਵਿੱਚ ਪ੍ਰੇਸ਼ਾਨੀ ਬਰਦਾਸ਼ਤ ਨਹੀਂ ਹੋਵੇਗੀ।

ਜ਼ਿਲਾ ਖੁਰਾਕ ਤੇ ਸਪਲਾਈਜ਼ ਕੰਟਰੋਲਰ ਮੋਗਾ ਸ੍ਰੀਮਤੀ ਗੀਤਾ ਬਿਸ਼ੰਭੂ ਨੇ ਦੱਸਿਆ ਕਿ ਇਸ ਸਾਲ ਕਣਕ ਦੀ ਖਰੀਦ ਦਾ ਟੀਚਾ ਲਗਭਗ 726434 ਮੀਟਰਿਕ ਟਨ ਨਿਸ਼ਚਿਤ ਕੀਤਾ ਸੀ। ਮੋਗਾ ਜ਼ਿਲੇ ਵਿੱਚ ਬਿਤੀ ਸ਼ਾਮ ਤੱਕ 697224 ਮੀਟਰਿਕ ਟਨ ਕਣਕ ਕਣਕ ਦੀ ਆਮਦ ਹੋ ਗਈ ਹੈ ਜਿਹੜੀ ਕਿ 96 ਫੀਸਦੀ ਬਣਦੀ ਹੈ ਅਤੇ ਇਸ ਵਿੱਚੋਂ 694019 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਸਮੂਹ ਏਜੰਸੀਆਂ ਵੱਲੋਂ 376054 ਮੀਟਰਿਕ ਟਨ ਕਣਕ ਦੀ ਲਿਫਟਿੰਗ ਕਰਵਾ ਦਿੱਤੀ ਗਈ ਹੈ।

ਇਸ ਖਰੀਦ ਕੀਤੀ ਕਣਕ ਦੀ ਜਿਮੀਂਦਾਰਾਂ ਦੀ ਬਣਦੀ ਐਮ.ਐਸ.ਪੀ. ਦੀ ਅਦਾਇਗੀ ਵੀ ਜਿਹੜੀ ਕਿ ਹੁਣ ਤੱਕ ਦੀ 1607.16 ਬਣਦੀ ਹੈ, ਨਾਲ ਦੀ ਨਾਲ ਹੀ ਖਰੀਦ ਦੇ 48 ਘੰਟੇ ਦੇ ਅੰਦਰ-ਅੰਦਰ ਸਤ ਪ੍ਰਤੀਸ਼ਤ ਕੀਤੀ ਗਈ ਹੈ।

## ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਲੋਂਗੋਵਾਲ ਨੂੰ 12.09 ਕਰੋੜ ਰੁਪਏ ਦਾ ਤੋਹਫ਼ਾ




**ਸੰਗਰੂਰ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸ਼ਨ ਤੇ ਸੂਚਨਾ ਤਕਨੀਕ ਅਤੇ ਰੋਜ਼ਗਾਰ ਉਤਪਤੀ ਤੇ ਸਿਖਲਾਈ ਮੰਤਰੀ ਸ਼੍ਰੀ ਅਮਨ ਅਰੋੜਾ ਵਲੋਂ ਲੌਂਗੋਵਾਲ 'ਚ ਲਗਭਗ 11 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ 30 ਬਿਸਤਰਿਆਂ ਵਾਲੇ ਕਮਿਊਨਿਟੀ ਹੈਲਥ ਸੈਂਟਰ ਦੀ ਨਵੀਂ ਇਮਾਰਤ ਦੀ ਨੀਂਹ ਰੱਖੀ ਗਈ। ਇਸ ਤੋਂ ਬਾਅਦ ਕੈਬਨਿਟ ਮੰਤਰੀ ਅਰੋੜਾ ਵੱਲੋਂ 38.23 ਲੱਖ ਰੁਪਏ ਦੀ ਲਾਗਤ ਨਾਲ ਲੌਂਗੋਵਾਲ ਸ਼ਹਿਰ ਵਿੱਚ ਪਾਰਕ ਅਤੇ 79.86 ਲੱਖ ਰੁਪਏ ਦੀ ਲਾਗਤ ਨਾਲ ਲੋਂਗੋਵਾਲ ਸ਼ਹਿਰ ਵਿੱਚ ਸੜਕਾਂ ਦੇ ਨਿਰਮਾਣ ਦੇ ਕੰਮ ਦੀ ਸ਼ੁਰੂਆਤ ਵੀ ਕਰਵਾਈ ਗਈ। ਇਸ ਤਰ੍ਹਾਂ ਸ਼੍ਰੀ ਅਮਨ ਅਰੋੜਾ ਨੇ ਪੰਜਾਬ ਸਰਕਾਰ ਤਰਫੋਂ ਕਸਬਾ ਲੋਂਗੋਵਾਲ ਨੂੰ 12.09 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੀ ਸੌਗਾਤ ਦਿੱਤੀ ਗਈ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਜਿੱਥੇ ਪੂਰੇ ਪੰਜਾਬ ਵਿੱਚ ਵਿਕਾਸ ਦੀ ਹਨੇਰੀ ਚੱਲ ਰਹੀ ਹੈ ਉਥੇ ਹਲਕਾ ਸੁਨਾਮ ਵੀ ਪਿੱਛੇ ਨਹੀਂ ਰਹੇਗਾ। ਉਹਨਾਂ ਕਿਹਾ ਕਿ ਹਸਪਤਾਲ ਦੀ ਨਵੀਂ ਇਮਾਰਤ ਦਾ ਕੰਮ ਸ਼ੁਰੂ ਹੋਣ ਨਾਲ ਅੱਜ ਇਲਾਕਾ ਲੋਂਗੋਵਾਲ ਦੇ ਲੋਕਾਂ ਦੀ ਬਹੁਤ ਵੱਡੀ ਮੰਗ ਪੂਰੀ ਹੋਣ ਜਾ ਰਹੀ ਹੈ।

ਉਹਨਾਂ ਕਿਹਾ ਕਿ ਇਹ ਹਸਪਤਾਲ ਅਤੇ ਹੋਰ ਵਿਕਾਸ ਕਾਰਜ ਅਗਲੇ ਡੇਢ ਸਾਲ ਵਿੱਚ ਮੁਕੰਮਲ ਹੋ ਜਾਣਗੇ, ਜਿਸ ਦਾ ਇਲਾਕੇ ਦੇ ਲੋਕਾਂ ਨੂੰ ਬਹੁਤ ਲਾਭ ਹੋਵੇਗਾ। ਇਸ ਹਸਪਤਾਲ ਵਿੱਚ ਇੱਕ ਮੁਕੰਮਲ ਹਸਪਤਾਲ ਵਾਲੀਆਂ ਸਾਰੀਆਂ ਸਹੂਲਤਾਂ ਹੋਣਗੀਆਂ। ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਸਟਾਫ਼ ਦੀ ਕਮੀ ਬਾਰੇ ਪੁੱਛੇ ਜਾਣ ਉੱਤੇ ਉਹਨਾਂ ਕਿਹਾ ਕਿ ਪੰਜਾਬ ਦੀ ਤ੍ਰਾਸਦੀ ਇਹ ਰਹੀ ਹੈ ਕਿ ਅੱਜ ਤੱਕ ਪਿਛਲੀਆਂ ਸਰਕਾਰਾਂ ਨੇ ਹਸਪਤਾਲਾਂ ਅਤੇ ਸਕੂਲਾਂ ਵਾਲੇ ਪਾਸੇ ਕਦੇ ਧਿਆਨ ਹੀ ਨਹੀਂ ਦਿੱਤਾ।

ਪਿਛਲੇ ਲੰਮੇ ਸਮੇਂ ਤੋਂ ਭਰਤੀਆਂ ਨਹੀਂ ਕੀਤੀਆਂ ਗਈਆਂ ਪਰ ਹੁਣ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਿਥੇ ਨਵੇਂ ਹਸਪਤਾਲ ਖੋਲ੍ਹੇ ਜਾ ਰਹੇ ਹਨ ਉਥੇ ਹੀ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਭਰਤੀ ਵੀ ਵੱਡੇ ਪੱਧਰ ਉੱਤੇ ਕੀਤੀ ਜਾ ਰਹੀ ਹੈ। ਉਹਨਾਂ ਭਰੋਸਾ ਦਿੱਤਾ ਕਿ ਜਦੋਂ ਇਹ ਹਸਪਤਾਲ ਸ਼ੁਰੂ ਹੋਵੇਗਾ ਤਾਂ ਇੱਥੇ ਪੂਰਾ ਸਟਾਫ਼ ਅਤੇ ਹਰ ਸਹੂਲਤ ਵੀ ਉਪਲਬਧ ਹੋਵੇਗੀ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਤਿੰਨ ਸਾਲਾਂ ਦੌਰਾਨ 56 ਹਜ਼ਾਰ ਤੋਂ ਵਧੇਰੇ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ।

ਪਾਣੀਆਂ ਦੇ ਮੁੱਦੇ ਬਾਰੇ ਪੁੱਛੇ ਜਾਣ ਉੱਤੇ ਸ਼੍ਰੀ ਅਮਨ ਅਰੋੜਾ ਨੇ ਸਪੱਸ਼ਟ ਕੀਤਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਵੀ ਬੂੰਦ ਵਾਧੂ ਨਹੀਂ ਹੈ। ਭਾਖੜਾ ਡੈਮ (ਬੀ ਬੀ ਐਮ ਬੀ) ਉੱਤੇ ਪੁਲਿਸ ਤਾਇਨਾਤ ਕਰਨ ਬਾਰੇ ਉਹਨਾਂ ਕਿਹਾ ਕਿ ਪੰਜਾਬ ਪੁਲਿਸ ਉਦੋਂ ਤੱਕ ਨਹੀਂ ਹਟਾਈ ਜਾਵੇਗੀ ਜਦੋਂ ਤੱਕ ਪਾਣੀਆਂ ਉੱਤੇ ਪੰਜਾਬ ਦੇ ਹੱਕ ਸੁਰੱਖਿਅਤ ਨਹੀਂ ਹੁੰਦੇ। ਉਹਨਾਂ ਕਿਹਾ ਕਿ ਅੱਜ ਤਾਂ ਪੰਜਾਬ ਪੁਲਿਸ ਲਗਾਈ ਗਈ ਹੈ। ਜੇਕਰ ਲੋੜ ਪਈ ਤਾਂ ਉਹ ਖੁਦ ਉਥੇ ਬੈਠਣ ਤੋਂ ਸੰਕੋਚ ਨਹੀਂ ਕਰਨਗੇ।

ਉਹਨਾਂ ਕਿਹਾ ਕਿ ਹਰਿਆਣਾ ਸਰਕਾਰ ਦਾ ਸੁਪਰੀਮ ਕੋਰਟ ਜਾਂ ਕਿਸੇ ਵੀ ਪੱਧਰ ਉੱਤੇ ਜਾਣ ਦਾ ਸੰਵਿਧਾਨਕ ਹੱਕ ਹੈ। ਪਰ ਪੰਜਾਬ ਆਪਣੇ ਹੱਕ ਅਤੇ ਪਾਣੀ ਕਿਸੇ ਨੂੰ ਵੀ ਲੁਟਾਉਣ ਲਈ ਤਿਆਰ ਨਹੀਂ ਹੈ। ਉਹਨਾਂ ਕਿਹਾ ਕਿ ਹਰਿਆਣਾ ਨੂੰ 1700 ਕਿਉਸਿਕ ਪਾਣੀ ਦੀ ਲੋੜ ਹੈ ਪਰ ਉਸਨੂੰ ਪਹਿਲਾਂ ਹੀ 4000 ਕਿਉਸਿਕ ਪਾਣੀ ਪੰਜਾਬ ਵੱਲੋਂ ਛੱਡਿਆ ਜਾ ਰਿਹਾ ਹੈ। ਪਰ ਹੁਣ ਹਰਿਆਣਾ ਵੱਲੋਂ ਪੰਜਾਬ ਦੀ ਬਾਂਹ ਮਰੋੜ ਕੇ 8500 ਕਿਉਸਿਕ ਪਾਣੀ ਮੰਗਣ ਦੀ ਮੰਗ ਨੂੰ ਕਿਸੇ ਵੀ ਹੀਲੇ ਮੰਨਿਆ ਨਹੀਂ ਜਾ ਸਕਦਾ।

ਉਹਨਾਂ ਕਿਹਾ ਕਿ ਇਸ ਮੁੱਦੇ ਉੱਤੇ ਵਿਰੋਧੀ ਪਾਰਟੀਆਂ ਨੂੰ ਆਪਣੇ ਰਾਜਸੀ ਮੁਫ਼ਾਦ ਪਾਸੇ ਰੱਖ ਕੇ ਪੰਜਾਬ ਸਰਕਾਰ ਦਾ ਸਹਿਯੋਗ ਕਰਨਾ ਚਾਹੀਦਾ ਹੈ। ਉਹਨਾਂ ਭਾਜਪਾ ਆਗੂ ਸੁਨੀਲ ਜਾਖੜ ਨੂੰ ਵੀ ਕਿਹਾ ਕਿ ਉਹ ਪੰਜਾਬ ਵਾਸੀ ਹੋਣ ਦਾ ਮੁੱਲ ਮੋੜਦੇ ਹੋਏ ਕੇਂਦਰ ਸਰਕਾਰ ਕੋਲ ਪੰਜਾਬ ਦਾ ਪੱਖ ਮਜ਼ਬੂਤੀ ਨਾਲ ਰੱਖਣ।

ਇਸ ਮੌਕੇ ਸਮਾਗਮ ਦੌਰਾਨ ਗੀਤੀ ਮਾਨ ਚੈਅਰਮੈਨ ਮਾਰਕਿਟ ਕਮੇਟੀ ਚੀਮਾ, ਮੁਕੇਸ਼ ਜੁਨੇਜਾ ਚੇਅਰਮੈਨ ਮਾਰਕੀਟ ਕਮੇਟੀ ਸੁਨਾਮ, ਪਰਮਿੰਦਰ ਕੌਰ ਬਰਾੜ ਪ੍ਰਧਾਨ ਨਗਰ ਕੌਂਸਲ, ਐੱਸ ਡੀ ਐੱਮ ਪ੍ਰਮੋਦ ਸਿੰਗਲਾ, ਸਿਵਲ ਸਰਜਨ ਡਾਕਟਰ ਸੰਜੇ ਕਾਮਰਾ, ਮੇਲਾ ਸਿੰਘ, ਗੁਰਮੀਤ ਫੌਜੀ, ਵਿੱਕੀ, ਸ਼੍ਰੀਮਤੀ ਵੀਨਾ ਰਾਣੀ, ਸ਼੍ਰੀਮਤੀ ਰੀਨਾ ਰਾਣੀ, ਬਲਵਿੰਦਰ ਸਿੰਘ (ਸਾਰੇ ਐਮ ਸੀ), ਸ਼ੀਸ਼ਨਪਾਲ, ਰਾਜ ਸਿੰਘ ਰਾਜੂ, ਬਲਵਿੰਦਰ ਸਿੰਘ ਢਿੱਲੋਂ, ਸੁਖਪਾਲ ਬਾਜਵਾ, ਪ੍ਰੀਤਮ ਸਿੰਘ, ਹਰਦੀਪ ਸਿੰਘ ਸਿੱਪੀ, ਨਰਿੰਦਰਪਾਲ, ਬਲਕਾਰ ਸਿੰਘਜ਼ ਕਮਲ ਬਰਾੜ, ਕਰਮ ਸਿੰਘ, ਗੁਰਜੰਟ ਖਾਂ, ਅੰਮ੍ਰਿਤਪਾਲ ਸਿੰਘ ਸਿੱਧੂ (ਸਾਰੇ ਆਪ ਆਗੂ), ਵਿੱਕੀ ਵਿਸ਼ਿਸ਼ਟ ਬਲਾਕ ਪ੍ਰਧਾਨ, ਨਿਹਾਲ ਸਿੰਘ, ਭੀਮ ਦਾਸ, ਗੋਬਿੰਦ ਸਿੰਘ, ਯੋਗਾ ਸਿੰਘ, ਜਗਰਾਜ ਸਿੰਘ, ਲੱਕੀ ਕਪਿਆਲੀਆਜ਼ ਦਰਸ਼ਨ ਸਿੰਘ, ਜਰਨੈਲ ਸਿੰਘ, ਜਗਸੀਰ ਸਿੰਘਜ਼ ਬਲਵੀਰ ਸਿੰਘ, ਅਮਨਦੀਪ ਸਿੰਘ, ਰਾਮਪਾਲ ਸਿੰਘ, ਸੁਖ ਸਾਹੋਕੇ, ਜਗਰਾਜ ਮੰਡੇਰ ਕਲਾਂ, ਸੁਰਜੀਤ ਸਿੰਘ, ਵਿੱਕੀ ਕੁੰਨਰਾਂ, ਬਿੱਟੂ ਮੰਡੇਰ ਖੁਰਦ, ਜਗਤਾਰ ਸਿੰਘ, ਮੇਘ ਸਿੰਘ, ਬਾਬੂ ਸਿੰਘ ਨਮੋਲ, ਸਤਗੁਰ ਸਿੰਘ, ਪ੍ਰਿਤਪਾਲ ਸਿੰਘ, (ਸਾਰੇ ਸਰਪੰਚ) ਕਾਲਾ ਬਡਰੁੱਖਾਂ ਬਲਾਕ ਪ੍ਰਧਾਨ, ਵੱਡੀ ਗਿਣਤੀ ਵਿੱਚ ਇਲਾਕੇ ਦੇ ਪੰਚ ਸਰਪੰਚ ਅਤੇ ਹੋਰ ਲੋਕ ਹਾਜ਼ਰ ਸਨ।

## ਭਾਜਪਾ ਦੀ ਮਾਛੀਵਾੜਾ ਸਾਹਿਬ ਯੂਨਿਟ ਦੀ ਹੋਈ ਚੋਣ, ਰਾਜੇਸ਼ ਲੀਹਲ ਬਣੇ ਪ੍ਰਧਾਨ



**ਮਾਛੀਵਾੜਾ ਸਾਹਿਬ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿਕਾਸ ਪਰਿਸ਼ਦ ਪੰਜਾਬ ਪੱਛਮ ਦੀ ਲੁਧਿਆਣਾ ਡਾ.ਰਾਜੇਂਦਰ ਪ੍ਰਸਾਦ ਸਾਖਾ ਦੀ ਮਾਛੀਵਾੜਾ ਸਾਹਿਬ ਯੂਨਿਟ ਦੀ ਅੱਜ ਨਵੀਂ ਟੀਮ ਦਾ ਗਠਨ ਕੀਤਾ ਗਿਆ।ਜਿਸ ਵਿਚ ਮਾਛੀਵਾੜਾ ਟੀਮ ਦਾ ਪ੍ਰਧਾਨ ਰਾਜੇਸ਼ ਲੀਹਲ ਨੂੰ ਚੁਣਿਆ ਗਿਆ।ਇਸ ਤੋਂ ਇਲਾਵਾ ਸੈਕ੍ਰੇਟਰੀ ਰਮੇਸ਼ ਸ਼ਰਮਾ ਅਤੇ ਖਜਾਨਚੀ ਦੀ ਜ਼ਿੰਮੇਵਾਰੀ ਮਦਨ ਸ਼ਰਮਾ ਨੂੰ

ਦਿੱਤੀ ਗਈ।ਇਸ ਦੌਰਾਨ ਮੁੱਖ ਮਹਿਮਾਨ ਸੀਨੀਅਰ ਆਗੂ ਡਾ ਸੰਦੀਪ ਸਿੰਘ ਨੇਗੀ ਨੇ ਟੀਮ ਦੀ ਘੋਸ਼ਣਾ ਕੀਤੀ ਤੇ ਸਾਰੇ ਮੈਂਬਰਾਂ ਨੂੰ ਵਧਾਈ ਦਿੱਤੀ। ਡਾ ਸੰਦੀਪ ਨੇ ਦੱਸਿਆ ਕਿ ਲੋੜਵੰਦ ਸਮਾਜ ਦਾ ਪੱਧਰ ਉਚਾ ਚਕਣ ਲਈ ਸਮਰੱਥ ਲੋਕਾਂ ਨੂੰ ਅੱਗੇ ਆ ਕੇ ਸਮਾਜ ਦੀ ਸੇਵਾ ਕਰਨੀ ਚਾਹੀਦੀ ਹੈ। ਸੰਸਕਾਰਿਤ,ਸਮਰੱਥ ਭਾਰਤ ਦੀ ਰਚਨਾ ਲਈ ਸਮਰੱਥ ਲੋਕਾਂ ਦਾ ਸਮਰਪਣ ਬਹੁਤ ਜ਼ਰੂਰੀ ਹੈ।ਇਸ ਦੌਰਾਨ ਰਾਜੇਂਦਰ ਪ੍ਰਸਾਦ ਦੇ ਜਗਮੋਹਨ ,ਅਨਿਸ਼ ਗੁਪਤਾ ਰਾਜਿੰਦਰ ਸਿੰਘ ਨੇਗੀ ਵਿਸ਼ੇਸ਼ ਤੌਰ ਤੇ ਹਾਜਿਰ ਰਹੇ। ਡਾ ਰਾਜੇਂਦਰ ਪ੍ਰਸਾਦ ਦੇ ਮਾਛੀਵਾੜਾ ਯੂਨਿਟ ਸਾਖਾ ਰਾਜੇਸ਼ ਲੀਹਲ ਨੇ ਆਪਣੇ ਸੰਬੋਧਨ ਵਿਚ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਮਾਛੀਵਾੜਾ ਯੂਨਿਟ ਦੇ ਮੈਂਬਰ ਆਪਣਾ ਤਨ ਮਨ ਧਨ ਨਾਲ ਸਮਾਜ ਦੀ ਸੇਵਾ ਭਾਵਨਾ ਨਾਲ ਕੰਮ ਕਰਨਗੇ ਅਤੇ ਮਾਛੀਵਾੜਾ ਸਾਹਿਬ ਵਿਖੇ ਹਰ ਲੋੜਵੰਦ ਦਾ,ਦੀਵਆਂਗ ਲੋਕਾਂ ਦੀ ਮਦਦ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ ਕਰਨਗੇ।ਉਪ ਪ੍ਰਧਾਨ ਸੇਵਾ:-ਜਸਵੀਰ ਸਿੰਘ, ਉਪ ਪ੍ਰਧਾਨ ਪਰਿਆਵਰਣ:-ਰਾਜ ਕੁਮਾਰ ਸੂਹੀ ਉਪ ਪ੍ਰਧਾਨ ਸੰਸਕਾਰ :-ਅਸ਼ੋਕ ਮਨੋਚਾ ,ਉਪ ਪ੍ਰਧਾਨ ਸੰਪਰਕ:-ਅੰਜੇ ਰਾਣਾ,ਖੇਡ ਸੈਕ੍ਰੇਟਰੀ:-ਜੀਤ ਸਿੰਘ, ਸੰਗਠਨ ਸੈਕ੍ਰੇਟਰੀ :-ਕੁਲਦੀਪ ਸਿੰਘ,ਸਰਵਣ ਸਿੰਘ,ਧਾਰਮਿਕ ਸਮਾਗਮ :-ਜਗਦੀਪ ਸਿੰਘ,ਰਣਵੀਰ ਸਿੰਘ, ਸਲਾਹਕਾਰ ਬੋਰਡ:-:-ਸੂਬੇਦਾਰ ਗੁਰਚਰਨ ਸਿੰਘ ਡਾ ਨਿਰਮਲ ਸਿੰਘ ਮਨਧੀਰ ਠਾਕੁਰ ਆਦਿ ਔਹੇਦੇਆਰ ਇਸ ਮੌਕੇ ਤੇ ਹਾਜਰ ਸਨ।

## ਮਾਨ ਸਰਕਾਰ ਨਸ਼ਿਆਂ ਵਿਰੁਧ ਜੰਗ ਵਿੱਚ ਉਤਰੀ, ਕੈਬਨਿਟ ਮੰਤਰੀਆਂ ਨੇ ਸੰਭਾਲਿਆ ਮੋਰਚਾ



**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਫ਼ੈਸਲਾਕੁੰਨ ਦੌਰ 'ਚ ਪੁੱਜ ਗਈ ਹੈ। ਮਾਨ ਸਰਕਾਰ ਨਸ਼ਿਆਂ ਵਿਰੁੱਧ ਜੰਗ ਵਿੱਚ ਉਤਰ ਗਈ ਹੈ ਅਤੇ ਸਮੂਹ ਕੈਬਨਿਟ ਮੰਤਰੀਆਂ ਨੇ ਮੋਰਚਾ ਸੰਭਾਲਦਿਆਂ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੀ ਪ੍ਰੋਗਰਾਮਾਂ ਅਤੇ ਪਿੰਡ ਰੱਖਿਆ ਕਮੇਟੀਆਂ ਰਾਹੀਂ ਜਾਗਰੂਕਤਾ ਫੈਲਾਈ।ਨਸ਼ਿਆਂ ਵਿਰੁੱਧ ਸਾਰਾ ਪੰਜਾਬ ਇੱਕਜੁਟ ਹੋ ਗਿਆ ਹੈ ਅਤੇ ਇਹ ਹੁਣ ਲੋਕ ਲਹਿਰ ਬਣ ਗਈ ਹੈ।

ਅੱਜ ਪੰਜਾਬ ਦੇ ਸਮੂਹ ਕੈਬਨਿਟ ਮੰਤਰੀਆਂ ਵੱਲੋਂ ਸੂਬੇ ਭਰ ਵਿੱਚ ਵੱਖੋ-ਵੱਖ ਥਾਵਾਂ ਉਤੇ ਨਸ਼ਿਆਂ ਖਿਲਾਫ ਜਾਗਰੂਕ ਮੀਟਿੰਗਾਂ ਵਿੱਚ ਸ਼ਿਰਕਤ ਕਰਦਿਆਂ ਜ਼ੋਰ ਨਾਲ ਕਿਹਾ ਗਿਆ ਕਿ ਮਾਨ ਸਰਕਾਰ ਨੇ ਜਿੱਥੇ ਨਸ਼ਾ ਤਸਕਰਾਂ ਦੇ ਘਰ ਤੇ ਹੌਂਸਲੇ ਤੋੜੇ ਹਨ, ਉਥੇ ਹੀ ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰ ਪਾਲੇ ਹੋਏ ਸਨ।

ਅੱਜ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਸਿਹਤ ਮੰਤਰੀ ਡਾ ਬਲਬੀਰ ਸਿੰਘ ਨੇ ਪਟਿਆਲਾ, ਪ੍ਰਸ਼ਾਸਕੀ ਸੁਧਾਰ ਮੰਤਰੀ ਅਮਨ ਅਰੋੜਾ ਤੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬਠਿੰਡਾ, ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਹੀਦ ਭਗਤ ਸਿੰਘ ਨਗਰ, ਐਨ.ਆਰ.ਆਈ. ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਠਾਨਕੋਟ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਰਵਜੋਤ ਸਿੰਘ ਨੇ ਪਠਾਨਕੋਟ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਗੁਰਦਾਸਪੁਰ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਤੇ ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਅੰਮ੍ਰਿਤਸਰ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਮਾਲੇਰਕੋਟਲਾ ਅਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਫਾਜ਼ਿਲਕਾ ਵਿਖੇ ਸਮਾਗਮਾਂ ਵਿੱਚ ਸ਼ਿਰਕਤ ਕੀਤੀ।

ਮੰਤਰੀਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਬਣੀ ਲੋਕ ਲਹਿਰ ਨੂੰ ਕਾਮਯਾਬ ਕਰਕੇ ਪੰਜਾਬ ਨੂੰ ਦੇਸ਼ ਦਾ ਪਹਿਲਾ ਨਸ਼ਾ ਮੁਕਤ ਸੂਬਾ ਬਣਾਇਆ ਜਾਵੇ। ਸਰਕਾਰ ਦੀ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਦਾ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰੀ 'ਚ ਕਿਸੇ ਦੀ ਵੀ ਸ਼ਮੂਲੀਅਤ ਸਾਹਮਣੇ ਆਈ ਤਾਂ ਉਹ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਸਿਆਸੀ ਹੋਵੇ ਜਾਂ ਅਫ਼ਸਰਸ਼ਾਹੀ 'ਚੋਂ ਹੋਵੇ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਨਸ਼ਿਆ ਦਾ ਧੰਦਾ ਕਰਨ ਵਾਲਿਆ ਲਈ ਕੋਈ ਥਾਂ ਨਹੀਂ ਹੈ। ਪੰਜਾਬ ਦੀ ਧਰਤੀ ਜੁਝਾਰੂ ਲੋਕਾਂ ਦੀ ਧਰਤੀ ਹੈ ਅਤੇ ਪੰਜਾਬੀ ਨਸ਼ਿਆ ਖਿਲਾਫ਼ ਸ਼ੁਰੂ ਕੀਤੀ ਜੰਗ ਵਿੱਚ ਪੰਜਾਬ ਸਰਕਾਰ ਦਾ ਡਟ ਕੇ ਸਾਥ ਦੇ ਰਹੇ ਹਨ।

ਇਸ ਮੌਕੇ ਕੈਬਨਿਟ ਮੰਤਰੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀ.ਬੀ.ਐਮ.ਬੀ. ਦੇ ਮੁੱਦੇ 'ਤੇ ਲਏ ਸਖ਼ਤ ਸਟੈਂਡ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੂੰ ਪਾਣੀਆਂ ਦਾ ਅਸਲ ਰਾਖਾ ਕਰਾਰ ਦਿੱਤਾ।

## ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਹਰਜੋਤ ਬੈਂਸ ਵੱਲੋਂ ਲਗਾਤਾਰ ਚੌਥੇ ਦਿਨ ਨੰਗਲ ਡੈਮ ਦਾ ਦੌਰਾ



**ਨੰਗਲ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਮੋਹਰੀ ਭੂਮਿਕਾ ਨਿਭਾ ਰਹੇ ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਲਗਾਤਾਰ ਚੌਥੇ ਦਿਨ ਨੰਗਲ ਵਿਖੇ ਭਾਖੜਾ ਡੈਮ ਦਾ ਦੌਰਾ ਕੀਤਾ ਤਾਂ ਜੋ ਹਰਿਆਣਾ ਨੂੰ ਵਾਧੂ ਪਾਣੀ ਨਾ ਛੱਡਿਆ ਜਾਵੇ।

ਡੈਮ ਉੱਤੇ ਜਾਇਜ਼ਾ ਲੈਣ ਉਪਰੰਤ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਖੇਤੀਬਾੜੀ 'ਤੇ ਨਿਰਭਰ ਪੰਜਾਬ ਦੀ ਆਰਥਿਕਤਾ ਲਈ ਪਾਣੀ ਬੇਹੱਦ ਅਹਿਮ ਹੈ। ਉਨ੍ਹਾਂ ਨੇ ਦੁਹਰਾਇਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਾਣੀ ਸਬੰਧੀ ਲਏ ਗਏ ਫ਼ੈਸਲੇ 'ਤੇ ਅਡੋਲ ਹੈ।ਸਿੱਖਿਆ ਮੰਤਰੀ ਨੇ ਸਪੱਸ਼ਟ ਕੀਤਾ ਕਿ ਸਥਿਤੀ 'ਤੇ ਨੇੜਿਓਂ ਪੂਰੀ ਨਜ਼ਰ ਰੱਖੀ ਜਾ ਰਹੀ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਖੁਦ ਨੰਗਲ ਡੈਮ ਦਾ ਦੌਰਾ ਕਰ ਚੁੱਕੇ ਹਨ ਅਤੇ ਇਸ ਮੁੱਦੇ ਦੇ ਹੱਲ ਲਈ ਭਲਕੇ 7 ਮਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸੇਸ਼ ਸੈਸ਼ਨ ਬੁਲਾਇਆ ਗਿਆ ਹੈ।

ਪੰਜਾਬ ਦੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਅਤੇ ਰਾਜ ਸਰਕਾਰਾਂ ਪੰਜਾਬ ਦੇ ਹੱਕਾਂ ਉਤੇ ਡਾਕਾ ਨਹੀਂ ਮਾਰ ਸਕਦੀਆਂ। ਆਮ ਆਦਮੀ ਪਾਰਟੀ ਦੇ ਵਰਕਰ ਨਿਰੰਤਰ ਨੰਗਲ ਡੈਮ ਉਤੇ ਪਹਿਰਾ ਦੇ ਰਹੇ ਹਨ ਤਾਂ ਜੋ ਗੈਰ ਕਾਨੂੰਨੀ ਤਰੀਕੇ ਨਾਲ ਹੋਰ ਰਾਜਾਂ ਨੂੰ ਉਨ੍ਹਾਂ ਦੇ ਹਿੱਸੇ ਤੋਂ ਵੱਧ ਪਾਣੀ ਨਾ ਦਿੱਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਝੋਨੇ ਦੀ ਲਵਾਈ ਦਾ ਸੀਜ਼ਨ ਨੇੜੇ ਹੈ ਅਤੇ ਸੂਬੇ ਦੇ ਕਿਸਾਨਾਂ ਨੂੰ ਪਾਣੀ ਦੀ ਬਹੁਤ ਲੋੜ ਹੈ ਅਤੇ ਇਸ ਲਈ ਕਿਸੇ ਹੋਰ ਸੂਬੇ ਨੂੰ ਵਾਧੂ ਪਾਣੀ ਨਹੀਂ ਛੱਡਿਆ ਜਾ ਸਕਦਾ।

ਉਨ੍ਹਾਂ ਨੇ ਅਧਿਕਾਰੀਆਂ ਤੋਂ ਨੰਗਲ ਡੈਮ ਤੋਂ ਪਾਣੀ ਛੱਡਣ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਸੂਬਾ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਹਿੱਤ ਸੁਰੱਖਿਅਤ ਹਨ।

ਸ. ਹਰਜੋਤ ਸਿੰਘ ਬੈਂਸ ਨੇ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਬਾਰਸ਼ਾਂ ਦੌਰਾਨ ਵਾਧੂ ਪਾਣੀ ਕਾਰਨ ਪੈਦਾ ਹੋਣ ਵਾਲੀਆਂ ਚੁਣੌਤੀਆਂ ਦੀ ਗੱਲ ਕਰਦਿਆਂ ਕਿਹਾ ਕਿ ਮੌਨਸੂਨ ਦੌਰਾਨ ਅਕਸਰ ਸਵਾਂ ਨਦੀ ਵਿੱਚ ਅਚਾਨਕ ਹੜ੍ਹ ਆਉਣ ਨਾਲ ਪੰਜਾਬ ਦੇ ਪਿੰਡ ਪ੍ਰਭਾਵਿਤ ਹੁੰਦੇ ਹਨ।

ਉਨ੍ਹਾਂ ਸਵਾਲ ਕੀਤਾ ਕਿ ਗੁਆਂਢੀ ਰਾਜ ਉਸ ਸਮੇਂ ਵਾਧੂ ਪਾਣੀ ਲੈਣ ਲਈ ਹਾਮੀ ਕਿਉਂ ਨਹੀਂ ਭਰਦੇ ? ਹੁਣ ਜਦੋਂ ਝੋਨੇ ਦੇ ਸੀਜ਼ਨ ਸਦਕਾ ਸਾਡੇ ਸੂਬੇ ਦੇ ਕਿਸਾਨਾਂ ਨੂੰ ਪਾਣੀ ਦੀ ਬਹੁਤ ਲੋੜ ਹੈ, ਤਾਂ ਉਹ ਪੰਜਾਬ ਤੋਂ ਉਮੀਦ ਕਰਦੇ ਹਨ ਕਿ ਉਹਨਾਂ ਨੂੰ ਪਾਣੀ ਦਿੱਤਾ ਜਾਵੇ।

ਉਨ੍ਹਾਂ ਦੱਸਿਆ ਕਿ ਸਾਡੀ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਸਦਕਾ ਇਸ ਸਾਲ 10 ਹਜ਼ਾਰ ਏਕੜ ਹੋਰ ਰਕਬੇ ਵਿੱਚ ਸਿੰਜਾਈ ਸਹੂਲਤ ਦਾ ਪ੍ਰਬੰਧ ਕਰ ਸਕੇ ਹਾਂ। ਭਵਿੱਖੀ ਯੋਜਨਾਵਾਂ ਵਿੱਚ ਅਰਧ-ਪਹਾੜੀ ਚੰਗਰ ਖੇਤਰ ਨੂੰ ਲਾਭ ਪਹੁੰਚਾਉਣ ਲਈ ਪਾਈਪਲਾਈਨ ਰਾਹੀਂ ਲਿਫਟ ਸਿੰਜਾਈ ਯੋਜਨਾ ਲਿਆਂਦੀ ਜਾਵੇਗੀ।

ਬਰਸਾਤ ਦੇ ਮੌਸਮ ਦੌਰਾਨ ਹੜ੍ਹਾਂ ਨੂੰ ਰੋਕਣ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸ. ਬੈਂਸ ਨੇ ਕਿਹਾ ਕਿ ਸੂਬਾ ਸਰਕਾਰ ਜਲ ਸਰੋਤਾਂ ਦੀ ਚੌਕਸੀ ਨਾਲ ਨਿਗਰਾਨੀ ਕਰ ਰਹੀ ਹੈ ਅਤੇ ਕਮਜ਼ੋਰ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

## ਵਿਦਿਆਰਥੀਆਂ ਦਾ ਸਨਮਾਨ ਸਭ ਤੋਂ ਉੱਪਰ, ਤੁਰੰਤ ਕਾਰਵਾਈ ਕੀਤੀ: ਹਰਜੋਤ ਬੈਂਸ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਨਿਰਦੇਸ਼ਾਂ 'ਤੇ ਤਰਨ ਤਾਰਨ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੋਇੰਦਵਾਲ ਸਾਹਿਬ ਦੇ ਇੰਚਾਰਜ ਨੂੰ ਸਕੂਲ ਵਿੱਚ ਇੱਕ ਸਮਾਗਮ ਦੌਰਾਨ ਵਿਦਿਆਰਥੀਆਂ ਤੋਂ ਵੇਟਰ ਦਾ ਕੰਮ ਕਰਵਾਉਣ (ਸਨੈਕਸ ਵਰਤਵਾਉਣ) ਦੇ ਮਾਮਲੇ ਵਿੱਚ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ।

ਸਕੂਲਾਂ ਵਿੱਚ ਸੁਰੱਖਿਅਤ ਅਤੇ ਸਤਿਕਾਰ ਵਾਲਾ ਮਾਹੌਲ ਬਣਾਈ ਰੱਖਣ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਜਿਹਾ ਦੁਰਵਿਹਾਰ ਪੂਰੀ ਤਰ੍ਹਾਂ ਗ਼ੈਰ-ਵਾਜ਼ਬ ਹੈ, ਜਿਸ ਕਾਰਨ ਗੁਰਪ੍ਰਤਾਪ ਸਿੰਘ, ਪੰਜਾਬੀ ਲੈਕਚਰਾਰ-ਕਮ-ਸਕੂਲ ਇੰਚਾਰਜ, ਖ਼ਿਲਾਫ਼ ਡਿਊਟੀ ਦੌਰਾਨ ਘੋਰ ਅਣਗਹਿਲੀ ਲਈ ਤੁਰੰਤ ਕਾਰਵਾਈ ਕੀਤੀ ਗਈ ਹੈ। ਮੁਅੱਤਲੀ ਦੌਰਾਨ ਦਫ਼ਤਰ ਜ਼ਿਲ੍ਹਾ ਸਿੱਖਿਆ ਦਫ਼ਤਰ (ਸੀਨੀਅਰ ਸੈਕੰਡਰੀ), ਤਰਨ ਤਾਰਨ ਇਸ ਲੈਕਚਰਾਰ ਦਾ ਹੈੱਡਕੁਆਰਟਰ ਹੋਵੇਗਾ।



ਸਿੱਖਿਆ ਮੰਤਰੀ ਬੈਂਸ ਨੇ ਕਿਹਾ ਕਿ ਵਿਦਿਆਰਥੀਆਂ ਦੇ ਮਾਣ-ਸਨਮਾਨ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਉਹਨਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅਜਿਹੇ ਵਤੀਰੇ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸ. ਹਰਜੋਤ ਸਿੰਘ ਬੈਂਸ ਨੇ ਹੋਰ ਅਧਿਆਪਕਾਂ ਨੂੰ ਵੀ ਸਕੂਲਾਂ ਵਿੱਚ ਉੱਚ ਮਿਆਰਾਂ ਅਤੇ ਜ਼ਿੰਮੇਵਾਰੀ ਨੂੰ ਬਣਾਈ ਰੱਖਣ ਲਈ ਕਿਹਾ। ਉਹਨਾਂ ਨੇ ਸਰਕਾਰੀ ਸਕੂਲਾਂ ਵਿੱਚ ਸਤਿਕਾਰ ਅਤੇ ਜਵਾਬਦੇਹੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਉੱਤੇ ਜ਼ੋਰ ਦਿੱਤਾ ਤਾਂ ਜੋ ਭਵਿੱਖ ਵਿੱਚ ਰੱਖਣ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਜਿਹਾ ਦੁਰਵਿਹਾਰ ਪੂਰੀ ਤਰ੍ਹਾਂ ਗ਼ੈਰ-ਵਾਜ਼ਬ ਹੈ, ਜਿਸ ਕਾਰਨ ਗੁਰਪ੍ਰਤਾਪ ਸਿੰਘ, ਪੰਜਾਬੀ ਲੈਕਚਰਾਰ-ਕਮ-ਸਕੂਲ ਇੰਚਾਰਜ, ਖ਼ਿਲਾਫ਼ ਡਿਊਟੀ ਦੌਰਾਨ ਘੋਰ ਅਣਗਹਿਲੀ ਲਈ ਤੁਰੰਤ ਕਾਰਵਾਈ ਕੀਤੀ ਗਈ ਹੈ।

ਮੁਅੱਤਲੀ ਦੌਰਾਨ ਦਫ਼ਤਰ ਜ਼ਿਲ੍ਹਾ ਸਿੱਖਿਆ ਦਫ਼ਤਰ (ਲੈਕਚਰਾਰ ਦਾ ਹੈੱਡਕੁਆਰਟ ਰਅਜਿਹੀਆਂ ਘਟਨਾਵਾਂ ਨਾ ਵਾਪਰਨ।

# ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ

ਮੌਤ ਦਾ ਸਭ ਤੋਂ ਵੱਡਾ ਭੇਦ ਇਹ ਹੈ ਕਿ ਮਨੁੱਖ ਨੂੰ ਨਾ ਇਸ ਦੇ ਸਮੇਂ ਦਾ ਤੇ ਨਾ ਹੀ ਢੰਗ ਤਰੀਕੇ ਦਾ ਕੋਈ ਗਿਆਨ ਹੁੰਦਾ ਹੈ। ਇਹ ਅਚਾਨਕ ਹੀ ਸਭ ਕੁਝ ਵਾਪਰਦਾ ਹੈ ਤੇ ਮਨੁੱਖ ਹੈਰਾਨ ਪਰੇਸ਼ਾਨ ਹੋ ਜਾਂਦਾ ਹੈ। ਮੌਤ ਕਿਸੇ ਤਰ੍ਹਾਂ ਵੀ ਆਵੇ ਹਮੇਸ਼ਾ ਹੀ ਸਭ ਲਈ ਦੁਖਦਾਈ ਹੁੰਦੀ ਹੈ...



• ਗੁਰਬਿੰਦਰ ਸਿੰਘ ਮਾਣਕ
98153-56086



ਸਦੀਆਂ ਤੋਂ ਮੌਤ ਮਨੁੱਖ ਲਈ ਰਹੱਸ ਬਣੀ ਹੋਈ ਹੈ। ਕਈ ਵਾਰ ਤਾਂ ਇਸ ਤਰ੍ਹਾਂ ਜਾਪਦਾ ਹੈ ਕਿ ਮੌਤ ਦੀ ਥਾਹ ਪਾ ਸਕਣਾ ਮਨੁੱਖੀ ਬੁੱਧੀ ਦੇ ਵੱਸ ਵਿਚ ਨਹੀਂ ਹੈ। ਜ਼ਿੰਦਗੀ ਦੇ ਹਰ ਖੇਤਰ ਵਿਚ ਵਿਕਾਸ ਦੀਆਂ ਉੱਚੀਆਂ ਮੰਜ਼ਿਲਾਂ ਛੂਹਣ ਵਾਲੀ ਮਨੁੱਖ ਦੀ ਸੂਝ, ਮੌਤ ਅੱਗੇ ਬੇਵੱਸ ਅਤੇ ਲਾਚਾਰ ਹੋ ਜਾਂਦੀ ਹੈ। ਮੌਤ ਦੇ ਤਾਂਡਵ ਅੱਗੇ ਕਹਿੰਦੇ ਕਹਾਉਂਦੇ ਵੀ ਆਪਣੀ ਹਾਰ ਮੰਨਣ ਲਈ ਮਜਬੂਰ ਹੋ ਜਾਂਦੇ ਹਨ। ਹਾਲਾਂਕਿ ਇਹ ਵਿਗਿਆਨਕ ਸਚਾਈ ਹੈ ਕਿ ਜਿਹੜਾ ਜੀਵ ਇਸ ਧਰਤੀ 'ਤੇ ਪੈਦਾ ਹਇਆ ਹੈ, ਉਸ ਨੇ ਇਕ ਨਾ ਇਕ ਦਿਨ ਉਸ ਰਾਹ ਤੁਰ ਜਾਣਾ ਹੈ, ਜਿੱਥੋਂ ਗਿਆ ਕਦੇ ਕੋਈ ਵਾਪਸ ਨਹੀਂ ਪਰਤਿਆ।

ਮੌਤ ਬਾਰੇ ਸਚਾਈ ਬਿਆਨ ਕਰਦਿਆਂ ਕਿੱਸਾਕਾਰ ਹਾਸ਼ਮ ਨੇ ਲਿਖਿਆ ਹੈ,'ਹਾਸ਼ਮ ਬੈਠ ਗਈਆਂ ਲੱਖ ਡਾਰਾਂ, ਇਹ ਜਗਤ ਮੁਸਾਫਰਖਾਨਾ'। ਸਦੀਆਂ ਤੋਂ ਇਹ ਜਹਾਨ ਇਸੇ ਤੌਰ ਤੁਰਦਾ ਆ ਰਿਹਾ ਹੈ। ਮਰਨ ਵਾਲੇ ਨਾਲ ਜਿੰਨਾ-ਜਿੰਨਾ ਕਿਸੇ ਦਾ ਨੇੜ ਹੋਵੇ, ਓਨੀ-ਓਨੀ ਦਰਦ ਦੀ ਸ਼ਿੱਦਤ ਗਹਿਰੀ ਹੁੰਦੀ ਹੈ। ਉਂਜ ਤਾਂ ਮਨੁੱਖ ਮੌਤ ਨੂੰ ਕਿਸੇ ਉਮਰ ਵਿਚ ਵੀ ਸਵੀਕਾਰ ਨਹੀਂ ਕਰਦਾ, ਕਿਉਂਕਿ ਵਿਅਕਤੀ ਦੀ ਘਾਟ ਨੂੰ ਕਿਸੇ ਤਰ੍ਹਾਂ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਜ਼ਿੰਦਗੀ ਦੇ ਸਾਰੇ ਰੰਗ ਮਾਣ ਕੇ ਬੁੱਢੇ ਮਾਂ ਬਾਪ ਵੀ ਤੁਰ ਜਾਣ ਤਾਂ ਕਈ ਚਿਰ ਘਰ ਖ਼ਾਲੀ-ਖ਼ਾਲੀ ਨਜ਼ਰ ਆਉਂਦਾ ਰਹਿੰਦਾ ਹੈ। ਘਰ ਦੇ ਜੀਆਂ ਨੂੰ ਅਕਸਰ ਹੀ ਉਨ੍ਹਾਂ ਦੇ ਭੁਲੇਖੇ ਪੈਂਦੇ ਰਹਿੰਦੇ ਹਨ। ਅਸਲ ਵਿਚ ਮਨੁੱਖ ਲਈ ਇਹ ਪ੍ਰਵਾਨ ਕਰਨਾ ਹੀ ਔਖਾ ਹੋ ਜਾਂਦਾ ਹੈ ਕਿ ਜ਼ਿੰਦਗੀ ਦੇ ਕਾਰ ਵਿਹਾਰ ਵਿਚ ਰੁੱਝਿਆ, ਖੁਸ਼ੀਆਂ-ਖੇੜੇ ਮਾਣਦਾ, ਮਨ ਵਿਚ ਨਵੀਆਂ ਆਸਾਂ ਤੇ ਉਮੰਗਾਂ ਦੇ ਸੁਪਨੇ ਸਜੋਈ ਬੈਠਾ ਕੋਈ ਵਿਅਕਤੀ, ਮੌਤ ਦੇ ਜ਼ਾਲਮ ਪੰਜੇ ਨੇ ਅਚਿੰਤੇ ਹੀ ਦਬੋਚ ਲਿਆ ਹੈ। ਸਹਿਜੇ-ਸਹਿਜੇ ਦੁਨੀਆ ਜਹਾਨ ਵੱਲ ਦੇਖ ਕੇ ਮਨੁੱਖ ਸਦਮੇ ਵਿੱਚੋਂ ਬਾਹਰ ਆ ਜਾਂਦਾ ਹੈ। ਕਈ ਮੌਤਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਕਾਰਨ ਮਨੁੱਖ ਅੰਦਰੋਂ-ਅੰਦਰੀ ਖੁਰਦਾ ਰਹਿੰਦਾ ਹੈ ਤੇ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ।

ਮੌਤ ਦਾ ਸਭ ਤੋਂ ਵੱਡਾ ਭੇਦ ਇਹ ਹੈ ਕਿ ਮਨੁੱਖ ਨੂੰ ਨਾ ਮੌਤ ਦੇ ਸਮੇਂ ਦਾ ਤੇ ਨਾ ਹੀ ਮੌਤ ਦੇ ਢੰਗ ਤਰੀਕੇ ਦਾ ਕੋਈ ਗਿਆਨ ਹੁੰਦਾ ਹੈ। ਇਹ ਅਚਾਨਕ ਹੀ ਸਭ ਕੁਝ ਵਾਪਰਦਾ ਹੈ ਤੇ ਮਨੁੱਖ ਹੈਰਾਨ ਪਰੇਸ਼ਾਨ ਹੋ ਜਾਂਦਾ ਹੈ। ਕਿਸੇ ਤਰ੍ਹਾਂ ਵੀ ਆਵੇ ਮੌਤ ਹਮੇਸ਼ਾ ਹੀ ਦੁਖਦਾਈ ਹੁੰਦੀ ਹੈ। ਜੰਗ ਵਿਚ ਬਹਾਦਰੀ ਨਾਲ ਜੂਝਦਿਆਂ ਜਾਂ ਅਤਿਵਾਦੀਆਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਏ ਕਿਸੇ ਫ਼ੌਜੀ ਜਵਾਨ ਦੀ ਲਾਸ਼ ਜਦੋਂ ਅਚਾਨਕ ਘਰ ਪਹੁੰਚਦੀ ਹੈ ਤਾਂ ਘਰ ਵਿਚ ਦਰਦ ਦਾ ਕੁਹਰਾਮ ਮਚ ਉੱਠਦਾ ਹੈ। ਲਾਸ਼ ਬਣ ਕੇ ਆਏ ਪੁੱਤ ਨੂੰ ਦੇਖ ਕੇ ਬੁੱਢੇ ਮਾਂ ਬਾਪ ਦੀਆਂ ਅੱਖਾਂ ਪਥਰਾ ਜਾਂਦੀਆਂ ਹਨ। ਪਤਨੀ ਤੇ ਬੱਚੇ ਤਾਂ ਫ਼ੌਜੀ ਦੇ ਛੁੱਟੀ ਆਉਣ ਦੀ ਆਸ ਵਿਚ ਦਿਨ ਗਿਣਦੇ ਸਨ ਪਰ ਅਚਾਨਕ ਉਨ੍ਹਾਂ 'ਤੇ ਦੁੱਖਾਂ ਦਾ ਪਹਾੜ ਡਿਗ ਪੈਂਦਾ ਹੈ, ਜਿਸ ਨੂੰ ਸ਼ਬਦਾਂ 'ਚ ਬਿਆਨ ਕਰਨਾ ਬਹੁਤ ਔਖਾ ਹੈ। ਅੱਤਵਾਦ ਦੇ ਦੈਂਤ ਨੇ ਪਿਛਲੇ ਕੁਝ ਸਾਲਾਂ ਵਿਚ ਪਤਾ ਨਹੀਂ ਕਿੰਨੇ ਘਰਾਂ ਵਿਚ ਸੱਥਰ ਵਿਛਾਏ ਹਨ।

ਪੰਜਾਬ ਵਿਚ ਨਸ਼ਿਆਂ ਦਾ ਅੱਤਵਾਦ ਵੀ ਗਹਿਰੀ ਚਿੰਤਾ ਦਾ ਵਿਸ਼ਾ ਬਣਿਆ ਹਇਆ ਹੈ। ਪਿਛਲੇ ਕਈ ਸਾਲਾਂ ਤੋਂ ਸ਼ਰਾਬ, ਸਮੈਕ, ਹੈਰੋਇਨ, ਚਿੱਟਾ ਤੇ ਅਨੇਕਾਂ ਹੋਰ ਮੈਡੀਕਲ ਨਸ਼ੇ ਪੰਜਾਬ ਦੀ ਜਵਾਨੀ ਦਾ ਘੌਅ ਬਣੇ ਹੋਏ ਹਨ। ਨਸ਼ਿਆਂ ਦੀ ਇਸ ਕਾਲੀ ਹਨੇਰੀ ਨੇ ਅਨੇਕਾਂ ਘਰਾਂ ਦੇ ਚਿਰਾਗ਼ ਬੁਝਾ ਦਿੱਤੇ ਹਨ। ਘਰ-ਘਰ ਸੱਥਰ ਵਿਛੇ ਹੋਏ ਹਨ। ਬੁੱਢੇ ਬਾਪ ਹਰ ਰੋਜ਼ ਅਰਥੀਆਂ ਨੂੰ ਮੋਢਾ ਦੇਣ ਦਾ ਸੰਤਾਪ ਭੋਗ ਰਹੇ ਹਨ।

ਪੰਜਾਬ ਵਿਚ ਹਰ ਰੋਜ਼ ਸੜਕ ਹਾਦਸਿਆਂ ਵਿਚ ਹੁੰਦੀਆਂ ਮੌਤਾਂ ਘਰਾਂ ਵਿਚ ਕੀਰਨਿਆਂ ਦੇ ਸੱਥਰ ਵਿਛਾ ਰਹੀਆਂ ਹਨ। ਕਈ ਵਾਰ ਤਾਂ ਸਾਰੇ ਦਾ ਸਾਰਾ ਪਰਿਵਾਰ ਹੀ ਅਣਗਹਿਲੀ ਤੇ ਤੇਜ਼ ਰਫ਼ਤਾਰੀ ਦਾ ਸ਼ਿਕਾਰ ਹੋ ਕੇ ਸੜਕਾਂ 'ਤੇ ਹੋ ਰਹੀ ਖ਼ੂਨੀ-ਖੇਡ ਦਾ ਹਿੱਸਾ ਬਣ ਜਾਂਦਾ ਹੈ। ਕਦੇ-ਕਦੇ ਤਾਂ ਪਿੱਛੇ ਕੋਈ ਰੋਣ ਵਾਲਾ ਵੀ ਨਹੀਂ ਬਚਦਾ। ਸਕੂਲੀ ਬੱਸਾਂ ਦੇ ਹਾਦਸਿਆਂ ਵਿਚ ਫੁੱਲਾਂ ਜਿਹੇ ਮਸੂਮ ਬੱਚਿਆਂ ਦਾ ਵਿਛੋੜਾ ਤਾਂ ਹਰ ਕਿਸੇ ਲਈ ਦਰਦ ਦੀ ਇੰਤਹਾ ਹੁੰਦਾ ਹੈ। ਸਵੇਰੇ ਚਾਅ ਨਾਲ ਤਿਆਰ ਕਰਕੇ ਸਕੂਲ ਦੀ ਬੱਸ ਵਿਚ ਚੜ੍ਹਾਏ ਆਪਣੇ ਲਾਡਲਿਆਂ ਬਾਰੇ ਅਜਿਹੀ ਮਨਹੂਸ ਖ਼ਬਰ ਸੁਣ ਕੇ ਮਾਪਿਆਂ ਦਾ ਕੜ ਪਾਟ ਜਾਂਦਾ ਹੈ। ਕਿੰਨਾ ਔਖਾ ਹੈ ਅਜਿਹੀ ਮੌਤ ਨੂੰ ਸਹਿਣਾ। ਜਿਨ੍ਹਾਂ ਦੇ ਇਕਲੌਤੇ ਪੁੱਤਰ ਤੁਰ ਜਾਂਦੇ ਹਨ ਉਨ੍ਹਾਂ ਦੇ ਦਰਦ ਦੀ ਸ਼ਿੱਦਤ ਨੂੰ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਕਹਿਣਾ ਤਾਂ ਬੜਾ ਸੌਖਾ ਹੈ ਕਿ ਮੌਤ ਅੱਗੇ ਕੋਈ ਜ਼ੋਰ ਨਹੀਂ ਪਰ ਜਿਸ ਘਰ ਦੀਆਂ ਸਭ ਆਸਾਂ, ਸੱਧਰਾਂ ਤੇ ਸੁਪਨੇ ਮਿੱਟੀ ਵਿਚ ਮਿਲ ਗਏ ਹੋਣ, ਉੱਥੇ ਮਾਪੇ ਕਿਹੜੀ ਆਸ ਨਾਲ ਜ਼ਿੰਦਗੀ ਦੇ ਦਿਨ ਕੱਟਣਗੇ। ਬਹੁਤ ਕਠਿਨ ਹੁੰਦਾ ਹੈ ਮਾਪਿਆਂ ਲਈ ਆਪਣੇ ਪਿਆਰੇ ਮਸੂਮਾਂ ਦੀਆਂ ਤੋਤਲੀਆਂ ਤੇ ਨਿਰਛੱਲ ਯਾਦਾਂ ਨੂੰ ਭੁਲਾ ਸਕਣਾ। ਸੜਕ ਹਾਦਸਿਆਂ ਵਿਚ ਨੌਜਵਾਨ ਗੱਭਰੂਆਂ ਦੀਆਂ ਮੌਤਾਂ ਹਰ ਪੜ੍ਹਨ ਸੁਣਨ ਵਾਲੇ ਦੇ ਮਨ ਨੂੰ ਪੀੜੋ-ਪੀੜ ਕਰ ਦਿੰਦੀਆਂ ਹਨ। ਜਦੋਂ ਮਾਪਿਆਂ ਦੀ ਇਕੋ ਇਕ ਆਸ ਇਕਲੌਤਾ ਪੁੱਤਰ ਧੀ, ਜੋਬਨ ਰੁੱਤੇ ਹੀ, ਉਨ੍ਹਾਂ ਦੇ ਹੱਥਾਂ 'ਚ ਚਲਾ ਜਾਵੇ ਤਾਂ ਇਸ ਦਰਦ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।

ਸਾਰਾ ਦੋਸ਼ ਰੱਬ ਦੇ ਸਿਰ ਹੀ ਮੜ੍ਹ ਦਿੱਤਾ ਜਾਂਦਾ ਹੈ, ਹਾਲਾਂਕਿ ਬਹੁਤੇ ਹਾਦਸੇ ਮਨੁੱਖੀ ਗਲਤੀ ਤੇ ਅਨੁਸ਼ਾਸਨਹੀਣਤਾ ਕਰਕੇ ਹੀ ਵਾਪਰਦੇ ਹਨ। ਜਦੋਂ ਕੋਈ ਬਾਪ ਆਪਣੇ ਨੌਜਵਾਨ ਬੱਚਿਆਂ ਨੂੰ ਅਗਨੀ ਦਿਖਾਉਂਦਾ ਹੈ ਤਾਂ ਇਕ ਵਾਰ ਤਾਂ ਧਰਤੀ ਦਾ ਕੜ ਪਾਟ ਜਾਂਦਾ ਹੈ। ਅਜਿਹੇ ਸਮੇਂ ਕੋਈ ਹੌਸਲਾ, ਤਸੱਲੀ ਜਾਂ ਸਬਰ ਦੀ ਨਸੀਹਤ ਵੀ ਕਾਟ ਨਹੀਂ ਕਰਦੀ। ਜਿਸ ਦੀ ਦੁਨੀਆ ਹੀ ਉੱਜੜ ਜਾਵੇ ਉਹ ਸਬਰ ਵੀ ਕਰੇ ਤਾਂ ਕਿਸ ਗੱਲ ਦਾ। ਖ਼ੁਸ਼ੀਆਂ ਤੇ ਰੰਗਾਂ ਵਿਚ ਵਸਦੀ ਜਦੋਂ ਕਿਸੇ ਮੁਟਿਆਰ ਨੂੰ ਚਿੱਟੀ ਚੁੰਨੀ ਦੀ ਮੁਥਾਜ ਹੋਣਾ ਪੈਂਦਾ ਹੈ ਤਾਂ ਉਸ ਦੀ ਜ਼ਿੰਦਗੀ ਹਨੇਰੀ ਹੋ ਜਾਂਦੀ ਹੈ ਤੇ ਜ਼ਿੰਦਗੀ ਦੇ ਸਭ ਰੰਗ ਫਿੱਕੇ ਪੈ ਜਾਂਦੇ ਹਨ। ਜੇ ਕਿਸੇ ਛੋਟੇ ਬੱਚੇ ਦੀ ਮਾਂ ਤੁਰ ਜਾਵੇ ਤਾਂ ਬੱਚੇ ਦੀ ਦੁਨੀਆਂ ਵਿਰਾਨ ਹੋ ਜਾਂਦੀ ਹੈ। ਹੋਰ ਰਿਸ਼ਤੇ ਜਿੰਨੇ ਮਰਜ਼ੀ ਹੋਣ ਪਰ ਮਾਂ-ਰੂਪੀ ਮਮਤਾ ਲਈ ਉਹ ਹਮੇਸ਼ਾ ਤਰਸਦਾ ਰਹਿੰਦਾ ਹੈ। ਉਹਦੀ ਜ਼ਿੰਦਗੀ ਵਿਚ ਇਕ ਖ਼ਲਾਅ ਪੈਦਾ ਹੋ ਜਾਂਦਾ ਹੈ।

ਅਜੋਕੇ ਮਨੁੱਖ ਨੇ ਜੀਵਨ ਦੇ ਹਰ ਖੇਤਰ ਵਿਚ ਵਿਕਾਸ ਦੀਆਂ ਮੰਜ਼ਿਲਾਂ ਤੈਅ ਕੀਤੀਆਂ ਹਨ। ਅਨੇਕਾਂ ਬਿਮਾਰੀਆਂ ਤੋਂ ਮੈਡੀਕਲ ਵਿਗਿਆਨ ਦੀ ਬਦੌਲਤ, ਮਨੁੱਖ ਨੇ ਨਜਾਤ ਪਾਈ ਹੈ ਪਰ ਵਿਕਾਸ ਦੀ ਅੰਨ੍ਹੀ ਦੌੜ ਅਤੇ ਕੁਦਰਤ ਦੇ ਵਰਤਾਰੇ ਨੂੰ ਮਲੀਆ ਮੇਟ ਕਰਨ ਦੇ ਸਿੱਟੇ ਵਜੋਂ, ਅਜੋਕੀ ਜੀਵਨ-ਜਾਚ ਨੂੰ ਅਨੇਕਾਂ ਸੰਕਟਾਂ ਅਤੇ ਭਿਆਨਕ ਬਿਮਾਰੀਆਂ ਨੇ ਪੂਰੀ ਤਰ੍ਹਾਂ ਆਪਣੀ ਜਕੜ ਵਿਚ ਲੈ ਲਿਆ ਹੈ। ਹਵਾ, ਪਾਣੀ ਤੇ ਧਰਤੀ ਨੂੰ ਪਲੀਤ ਕਰਕੇ ਮਨੁੱਖ ਆਪਣੀ ਮੌਤ ਆਪ ਸਹੇੜ ਰਿਹਾ ਹੈ। ਭਾਰਤ ਸਮੇਤ ਬਹੁਤੇ ਦੇਸ਼ ਖ਼ਤਰਨਾਕ ਹਥਿਆਰ ਤੇ ਅਸਲਾ ਬਰੂਦ ਬਣਾ ਕੇ, ਇਕ ਪਾਸੇ ਧਨ ਦੀ ਬਰਬਾਦੀ ਕਰ ਰਹੇ ਹਨ ਤੇ ਦੂਜੇ ਪਾਸੇ ਆਪਣੇ ਹੱਥੀਂ ਮੌਤ ਦਾ ਸਾਮਾਨ ਬਣਾ ਕੇ, ਅਮਨ ਦੀਆਂ ਟਾਹਰਾਂ ਮਾਰਦੇ ਹਨ। ਮਾਰੂ ਹਥਿਆਰਾਂ 'ਤੇ ਖ਼ਰਚਿਆ ਜਾ ਰਿਹਾ ਇਹ ਸਰਮਾਇਆ ਜੇ ਸਾਰੇ ਦੇਸ਼ ਮਾਨਵਤਾ ਦੀ ਬਿਹਤਰੀ ਲਈ ਖ਼ਰਚਣ ਤਾਂ ਸੰਸਾਰ ਵਿੱਚੋਂ ਗ਼ਰੀਬੀ ਵਰਗੀਆਂ ਕਈ ਅਲਾਮਤਾਂ ਦੂਰ ਹੋ ਸਕਦੀਆਂ ਹਨ। ਪੂਰੇ ਸੰਸਾਰ ਨੂੰ ਅੱਤਵਾਦ ਨੇ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਧਰਮ ਦੇ ਨਾਂ 'ਤੇ ਮਸੂਮ ਲੋਕਾਂ ਨੂੰ ਅਚਾਨਕ ਮੌਤ ਦੇ ਘਾਟ ਉਤਾਰ ਦੇਣ ਨਾਲ ਕਿਹੜਾ 'ਰੱਬ' ਹੈ ਜਿਹੜਾ ਖ਼ੁਸ਼ ਹੁੰਦਾ ਹੈ?

ਕੁਦਰਤ ਦਾ ਵਰਤਾਰਾ ਵੀ ਅਜੀਬ ਹੈ। ਪੰਜਾਬ ਸਮੇਤ ਪੂਰੇ ਦੇਸ਼ ਵਿਚ ਕਿਸਾਨ ਖ਼ੁਦਕੁਸ਼ੀਆਂ ਦੀਆਂ ਦਿਲਾਂ ਨੂੰ ਵਲੂੰਧਰਨ ਵਾਲੀਆਂ ਘਟਨਾਵਾਂ ਹਰ ਰੋਜ਼ ਵਾਪਰ ਰਹੀਆਂ ਹਨ। ਦੂਜਿਆਂ ਦੀ ਭੁੱਖ ਮਿਟਾਉਣ ਵਾਲਾ 'ਅੰਨਦਾਤਾ' ਇਸ ਕਦਰ ਮੁਸੀਬਤਾਂ ਦੇ ਭੰਵਰ ਵਿਚ ਭਟਕ ਰਿਹਾ ਹੈ ਕਿ ਮੌਤ ਰੂਪੀ ਫੰਦੇ ਵਿੱਚੋਂ ਹੀ ਇਸ ਦੁਸ਼ਵਾਰ ਜੀਵਨ ਦਾ ਅੰਤ ਭਾਲਣ ਲਈ ਮਜਬੂਰ ਹੋ ਰਿਹਾ ਹੈ। ਸਾਰੇ ਧਰਮ ਜੀਵਨ ਨੂੰ ਨਾਸ਼ਵਾਨ ਦੱਸਦੇ ਹਨ ਤੇ ਰੱਬੀ ਭਾਣੇ ਵਿਚ ਰਹਿ ਕੇ, ਮੌਤ ਨੂੰ ਪ੍ਰਵਾਨ ਕਰਨ ਦਾ ਹੋਕਾ ਦਿੰਦੇ ਹਨ। ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਪਤਾ ਨਹੀਂ ਕਿਹੜੇ ਆਵੇਸ਼ ਵਿਚ ਇਹ ਸਤਰਾਂ ਲਿਖੀਆਂ ਹੋਣਗੀਆਂ : 'ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ।' ਇਹ ਤਾਂ ਪਤਾ ਨਹੀਂ ਜ਼ਿੰਦਗੀ ਦੀ ਜੋਬਨ ਰੁੱਤੇ ਤੁਰ ਜਾਣ ਵਾਲਿਆਂ ਦੇ ਪੂਰਾਂ ਦੇ ਪੂਰ ਫੁੱਲ ਬਣਦੇ ਹਨ ਜਾਂ ਤਾਰੇ ਪਰ ਇਹ ਗੱਲ ਪੱਕੀ ਹੈ ਕਿ ਜੋਬਨ ਰੁੱਤੇ ਤੁਰ ਜਾਣ ਵਾਲੇ ਆਪਣੇ ਘਰਾਂ ਦੀਆਂ ਖ਼ੁਸ਼ੀਆਂ, ਚਾਵਾਂ ਸੱਧਰਾਂ, ਆਸਾਂ ਉਮੰਗਾਂ ਤੇ ਬਹਾਰਾਂ ਨੂੰ ਸਦਾ-ਸਦਾ ਲਈ ਪਤਝੜ ਦੀ ਵਿਰਾਨੀ ਦੇ ਆਲਮ ਵਿਚ ਛੱਡ ਜਾਂਦੇ ਹਨ। ਮੌਤ-ਰੂਪੀ ਤਾਂਡਵ ਅੱਗੇ ਮਨੁੱਖ ਬੇਵਸ ਤੇ ਲਾਚਾਰ ਹੋ ਜਾਂਦਾ ਹੈ।

ਇਹ ਸਹੀ ਹੈ ਕਿ ਮੈਡੀਕਲ ਸਾਇੰਸ ਦੀ ਤਰੱਕੀ ਨੇ ਬਹੁਤ ਸਾਰੀਆਂ ਜਾਨ-ਲੇਵਾ ਬਿਮਾਰੀਆਂ ਨੂੰ ਰੋਕਣ ਵਿਚ ਸਫਲਤਾ ਹਾਸਲ ਕੀਤੀ ਹੈ। ਮਨੁੱਖ ਦੀ ਉਮਰ ਨੂੰ ਹੋਰ ਲੰਮੇਰਾ ਕਰਨ ਦੀ ਦਿਸ਼ਾ ਵਿਚ ਵੀ ਵਿਗਿਆਨਕ ਖੋਜਾਂ ਜਾਰੀ ਹਨ। ਇਸ ਸਭ ਕੁਝ ਦੇ ਬਾਵਜੂਦ ਮਨੁੱਖ ਮੌਤ ਦੇ ਰਹੱਸ ਨੂੰ ਸਮਝਣ ਤੋਂ ਅਜੇ ਦੂਰ ਹੈ। ਇਹ ਗੱਲ ਵੀ ਸਮਝ ਤੋਂ ਬਾਹਰ ਹੈ ਕਿ ਕਿਸੇ ਧਾਰਮਿਕ ਸਥਾਨ 'ਤੇ ਪਾਠ-ਪੂਜਾ ਕਰਨ ਵਾਲੇ ਸ਼ਰਧਾਲੂਆਂ ਨੂੰ ਵੀ, ਕਿਸੇ ਬੰਬ ਧਮਾਕੇ ਜਾਂ ਬੰਦੂਕ ਦੀਆਂ ਗੋਲੀਆਂ ਤੋਂ, ਰੱਬਰੂਪੀ ਕਹੀ ਜਾਂਦੀ ਕੋਈ 'ਅਗੰਮੀ ਸ਼ਕਤੀ' ਬਚਾਉਣ ਤੋਂ ਕਿਉਂ ਅਸਮਰੱਥ ਰਹਿੰਦੀ ਹੈ? ਬਾਬਾ ਫ਼ਰੀਦ ਨੇ ਇਕ ਸਲੋਕ ਵਿਚ ਅਚਾਨਕ ਆ ਦਬੋਚਦੀ ਮੌਤ ਦੀ ਸਥਿਤੀ ਨੂੰ ਇੰਜ ਬਿਆਨ ਕੀਤਾ ਹੈ :


*ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ।*
*ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ।*
*ਬਾਜ ਪਏ ਤਿਸੁ ਰਬ ਦੇ ਕੇਲਾ ਵਿਸਰੀਆ।*
*ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆ।* •

---

ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਉਹ ਕੁਦਰਤ ਤੋਂ ਦੂਰ ਹੁੰਦਾ ਜਾ ਰਿਹਾ ਹੈ ਜਦਕਿ ਜੀਣ ਦੀ ਸਭ ਤੋਂ ਵੱਡੀ ਅਦਾ, ਸਾਨੂੰ ਕੁਦਰਤ ਸਿਖਾਉਂਦੀ ਹੈ। ਕੁਦਰਤ ਸਿਰਫ਼ ਦੇਣਾ ਜਾਣਦੀ ਹੈ ਤੇ ਬਦਲੇ 'ਚ ਸਿਰਫ਼ ਪਿਆਰ ਅਤੇ ਅਪਣੱਤ ਦੀ ਮੰਗ ਕਰਦੀ ਹੈ...

# ਜਿਊਣਾ ਵੀ ਇਕ ਅਦਾ ਹੈ





• ਮੋਨਿਕਾ ਕਟਾਰੀਆ
99145-37506

ਕੁਦਰਤ ਨੇ ਮਨੁੱਖ ਨੂੰ ਬਹੁਤ ਹੀ ਬਿਹਤਰੀਨ ਜਜ਼ਬਾਤ ਅਤੇ ਅਦਾਵਾਂ ਨਾਲ ਨਿਵਾਜਿਆ ਹੈ। ਜਿਨ੍ਹਾਂ ਰਾਹੀ ਉਹ ਆਪਣੇ ਦੁੱਖ-ਸੁੱਖ ਨੂੰ ਮਹਿਸੂਸ ਕਰਦਾ ਹੈ ਅਤੇ ਦੂਸਰਿਆਂ ਨਾਲ ਸਾਂਝੇ ਕਰਦਾ ਹੈ। ਜਜ਼ਬਾਤ ਹਰ ਇਕ ਕੋਲ ਹੁੰਦੇ ਹਨ ਪ੍ਰੰਤੂ ਉਨ੍ਹਾਂ ਨੂੰ ਵਿਅਕਤ ਕਰਨ ਦਾ ਤਰੀਕਾ, ਹਰ ਕਿਸੇ ਦਾ ਆਪਣਾ ਹੁੰਦਾ ਹੈ। ਕਈਆਂ ਦਾ ਆਪਣੇ ਜਜ਼ਬਾਤ ਉੱਪਰ ਕੰਟਰੋਲ ਨਹੀਂ ਹੁੰਦਾ ਅਤੇ ਕਈ ਉਨ੍ਹਾਂ ਨੂੰ ਲਕਾਉਣਾ ਬਾਖੂਬੀ ਜਾਣਦੇ ਹਨ। ਇਨ੍ਹਾਂ ਦਾ ਹੀ ਇਕ ਹਿੱਸਾ ਹੈ ਅਦਾ। ਅਦਾ, ਜਿਸਦੇ ਸ਼ਾਬਦਿਕ ਅਰਥ ਹਨ-ਢੰਗ, ਤਰੀਕਾ, ਨਖ਼ਰਾ। ਹਰ ਮਨੁੱਖ ਦਾ ਹਰ ਚੀਜ਼ ਨੂੰ ਦੇਖਣ, ਸਮਝਣ ਦਾ ਆਪਣਾ ਢੰਗ ਹੁੰਦਾ ਹੈ। ਉਸ ਦੀਆਂ ਪਿਆਰ ਕਰਨ, ਕਿਸੇ ਰੁੱਸੇ ਨੂੰ ਮਨਾਉਣ ਤੇ ਰਿਝਾਉਣ ਦੀ ਆਪਣੀਆਂ ਅਦਾਵਾਂ ਹੁੰਦੀਆਂ ਹਨ ਜੋ ਉਸ ਨੂੰ ਦੂਸਰਿਆਂ ਤੋਂ ਅਲੱਗ ਬਣਾਉਂਦੀਆਂ ਹਨ। ਅਕਬਰ ਇਲਾਹਾਬਾਦੀ ਅਦਾ ਨੂੰ ਖ਼ੂਬਸੂਰਤੀ ਦੇ ਮੰਦਰ ਵਿਚ ਇਉਂ ਪੇਸ਼ ਕਰਦੇ ਹਨ :

*ਕਿਸ ਕਿਸ ਅਦਾ ਸੇ ਤੂਨੇ ਜਲਵਾ ਦਿਖਾ ਕੇ ਮਾਰਾ*
*ਅਜ਼ਾਦ ਹੋ ਚੁੱਕੇ ਥੇ, ਬੰਦਾ ਬਨਾ ਕੇ ਮਾਰਾ*
*ਅੱਵਲ ਬਨਾ ਕੇ ਪੁਤਲਾ, ਪੁਤਲੇ ਮੇਂ ਜਾਨ ਡਾਲੀ*
*ਫਿਰ ਉਸਕੋ ਖ਼ੁਦ ਕਜ਼ਾ ਕੀ ਸੂਰਤ ਮੇਂ ਆ ਕੇ ਮਾਰਾ।*

ਜਿਵੇਂ ਇਸ਼ਕ ਕਰਨਾ, ਰੁੱਸਣਾ, ਮਨਾਉਣਾ ਸਾਰੀਆਂ ਅਦਾਵਾਂ ਨੂੰ ਅਸੀ ਬਾਖ਼ੂਬੀ ਨਿਭਾਉਣਾ ਜਾਣਦੇ ਹਾਂ। ਇਨ੍ਹਾਂ ਤੋਂ ਇਲਾਵਾ ਇਕ ਅਦਾ ਹੋਰ ਵੀ ਹੈ, ਜਿਸ ਨੂੰ ਅਸੀਂ ਜਾਣਦੇ ਤਾਂ ਬਹੁਤ ਚੰਗੀ ਤਰ੍ਹਾਂ ਹਾਂ ਪਰ ਉਸ ਨੂੰ ਮਾਣਨਾ ਭੁੱਲ ਬੈਠੇ ਹਾਂ। ਇਹ ਹੈ-ਜਿਊਣ ਦੀ ਅਦਾ।

ਅੱਜ ਦੇ ਦੌਰ ਵਿਚ ਮਨੁੱਖ ਸਿਰਫ਼ ਦੌੜ ਰਿਹਾ ਹੈ। ਕਦੀ ਸਫਲਤਾ ਪਿੱਛੇ, ਕਦੇ ਦੂਸਰਿਆਂ ਪਿੱਛੇ ਤੇ ਕਦੀ ਆਪਣੀਆਂ ਲਾਲਸਾਵਾਂ ਪਿੱਛੇ। ਇਹ ਸਭ ਦੇ ਚੱਲਦੇ, ਉਹ ਜ਼ਿੰਦਗੀ ਗੁਜ਼ਾਰ ਤਾਂ ਰਿਹਾ ਹੈ ਪਰ ਜਿਊ ਨਹੀਂ ਰਿਹਾ। ਉਹ ਸਿਰਫ਼ ਇਸ ਜੱਦੋ-ਜਹਿਦ ਵਿਚ ਹੈ ਕਿ ਮੇਰਾ ਸਟੇਟਸ, ਮੇਰਾ ਰੁਤਬਾ ਬਣਿਆ ਰਹੇ, ਇਸਨੂੰ ਕੋਈ ਖੋਹ ਨਾ ਲਵੇ। ਅਸੀਂ ਆਪਣੇ-ਆਪ ਨੂੰ ਇਨਾ ਕੁ ਵਿਅਸਤ ਕਰ ਲਿਆ ਹੈ ਕਿ ਸਾਡੇ ਕੋਲ ਕਿਸੇ ਦੂਸਰੇ ਲਈ ਸਮਾਂ ਹੈ ਹੀ ਨਹੀਂ। ਸਾਡੇ ਰਿਸ਼ਤੇ-ਨਾਤੇ ਫੋਨ ਸੁਨੇਹਿਆਂ ਤਕ ਸੀਮਤ ਹੋ ਕੇ ਰਹਿ ਗਏ ਹਨ। ਸਾਡਾ ਹਾਸਾ-ਇਕ ਬਨਾਵਟੀ ਜਿਹੀ ਮੁਸਕਾਨ ਬਣ ਕੇ ਰਹਿ ਗਿਆ ਹੈ। ਅਸੀਂ ਆਪਣੇ ਆਪ ਨੂੰ ਅਜਿਹੀ ਮਸ਼ੀਨ ਬਣਾ ਰਹੇ ਹਾਂ ਜਿਸ ਵਿਚ ਜਜ਼ਬਾਤ ਤਾਂ ਬਹੁਤ ਹਨ ਪਰ ਹੁਣ ਉਨ੍ਹਾਂ ਨੂੰ ਦੌਲਤ-ਸ਼ੋਹਰਤ ਦਾ ਘੁਣ ਲੱਗ ਚੁੱਕਾ। ਜੇ ਇਹ ਸਭ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਸ਼ੀਨਾਂ, ਇਨਸਾਨ ਨੂੰ ਚਲਾਉਣਗੀਆਂ।

ਅੱਜ ਦੇ ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਉਹ ਕੁਦਰਤ ਤੋਂ ਬਹੁਤ ਦੂਰ ਹੁੰਦਾ ਜਾ ਰਿਹਾ ਹੈ। ਜਦਕਿ ਜੀਣ ਦੀ ਸਭ ਤੋਂ ਵੱਡੀ ਅਦਾ, ਸਾਨੂੰ ਕੁਦਰਤ ਸਿਖਾਉਂਦੀ ਹੈ। ਕੁਦਰਤ ਸਿਰਫ਼ ਦੇਣਾ ਜਾਣਦੀ ਹੈ ਅਤੇ ਬਦਲੇ ਵਿਚ ਸਾਡੇ ਕੋਲੋਂ ਸਿਰਫ਼, ਪਿਆਰ ਅਤੇ ਅਪਣੱਤ ਦੀ ਮੰਗ ਕਰਦੀ ਹੈ। ਕੁਦਰਤ ਸਾਨੂੰ ਸਿਖਾਉਂਦੀ ਹੈ ਕਿ ਬਿਨਾਂ ਸਵਾਰਥ ਦੇ ਦੂਸਰਿਆਂ ਲਈ ਜਿਊਣਾ ਚਾਹੀਦਾ ਹੈ। ਇਕੱਲੇ ਆਪਣੇ ਲਈ ਸੋਚਣ, ਜਿਊਣ ਵਿਚ ਉਹ ਆਨੰਦ ਨਹੀਂ, ਜੋ ਦੂਸਰਿਆਂ ਦੀ ਖ਼ੁਸ਼ੀ ਦੀ ਵਜ੍ਹਾ ਬਣਨ ਵਿਚ ਹੁੰਦਾ ਹੈ। ਸਾਨੂੰ ਜ਼ਿੰਦਗੀ ਦੇ ਹਰ ਪਹਿਲੂ ਨੂੰ ਸਕਾਰਾਤਮਕ ਦ੍ਰਿਸ਼ਟੀ ਤੋਂ ਵਾਚਣਾ ਚਾਹੀਦਾ ਹੈ। ਕਿਉਂਕਿ ਅਸੀ ਜਿਹੋ-ਜਿਹਾ ਸੋਚਦੇ ਹਾਂ, ਉਹੋ ਜਿਹੇ ਹੀ ਹੋ ਜਾਂਦੇ ਹਾਂ ਅਤੇ ਸਾਡੇ ਨਾਲ ਉਸੇ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ। ਇਸ ਲਈ ਹਮੇਸ਼ਾ ਦੂਸਰਿਆਂ ਦਾ ਚੰਗਾ ਸੋਚੋ, ਤੁਹਾਡੇ ਨਾਲ ਕਦੇ ਵੀ ਬੁਰਾ ਨਹੀਂ ਹੋਵੇਗਾ। ਸਾਨੂੰ ਆਪਣੇ ਮਨ ਅੰਦਰ ਮੁਸੀਬਤਾਂ ਦਾ ਹੱਸ ਕੇ ਮੁਕਾਬਲਾ ਕਰਨ ਦੀ ਅਦਾ ਉਜਾਗਰ ਕਰਨ ਦੀ ਲੋੜ ਹੈ। ਸਾਡਾ ਖ਼ੁਸ਼ਨੁਮਾ ਸੁਭਾਅ ਹੀ ਸਾਡੇ ਮਿੱਥੇ ਹੋਏ ਮਨੋਰਥ ਤਕ ਪਹੁੰਚਣ ਵਿਚ ਸਹਾਇਕ ਹੁੰਦਾ ਹੈ। ਆਪਣੇ ਮਨੋਰਥ, ਉਦੇਸ਼ ਨੂੰ ਹਮੇਸ਼ਾ ਕੇਂਦਰ ਬਿੰਦੂ 'ਤੇ ਰੱਖੋ, ਉਸ ਤੋਂ ਕਦੇ ਵੀ ਭਟਕੋ ਨਾ।

**ਅੱਜ ਦੇ ਦੌਰ ਵਿਚ ਮਨੁੱਖ ਸਿਰਫ਼ ਦੌੜ ਰਿਹਾ ਹੈ। ਕਦੀ ਸਫਲਤਾ ਪਿੱਛੇ, ਕਦੇ ਦੂਸਰਿਆਂ ਪਿੱਛੇ ਤੇ ਕਦੀ ਆਪਣੀਆਂ ਲਾਲਸਾਵਾਂ ਪਿੱਛੇ। ਇਹ ਸਭ ਦੇ ਚੱਲਦੇ, ਉਹ ਜ਼ਿੰਦਗੀ ਗੁਜ਼ਾਰ ਤਾਂ ਰਿਹਾ ਹੈ ਪਰ ਜਿਊ ਨਹੀਂ ਰਿਹਾ। ਜ਼ਿੰਦਗੀ ਨੂੰ ਮਾਣਨਾ ਉਸ ਦੇ ਨਸੀਬ 'ਚ ਨਹੀਂ।**

*ਜ਼ਿੰਦਗੀ ਚਾਹੇ ਕਿੰਨੇ ਵੀ ਜ਼ੁਲਮ ਕਰਦੀ ਰਹੇ,*
*ਜਿਊਣ ਦਾ ਮਕਸਦ ਨਹੀਂ ਭੁੱਲੀਦਾ*
*ਹੀਰਿਆਂ ਦੀ ਤਲਾਸ਼ 'ਚ ਨਿਕਲੇ ਹੋਈਏ ਤਾਂ,*
*ਪੱਥਰਾਂ 'ਤੇ ਨਹੀਂ ਡੁੱਲ੍ਹੀਦਾ।*

ਅਸੀਂ ਆਪਣੇ ਦ੍ਰਿੜ ਨਿਸ਼ਚੇ ਅਤੇ ਮਿਹਨਤ ਨਾਲ ਹਰ ਮੈਦਾਨ ਫ਼ਤਹਿ ਕਰ ਸਕਦੇ ਹਾਂ। ਜ਼ਿੰਦਗੀ ਨੂੰ ਜੇ ਸੱਚ-ਮੁੱਚ ਹੀ ਖ਼ੁਸ਼ਨੁਮਾ ਬਣਾਉਣਾ ਚਾਹੁੰਦੇ ਹੋ ਤਾਂ 'ਵਰਤਮਾਨ' ਵਿਚ ਜਿਊਣਾ ਸਿੱਖੋ। ਬੀਤ ਚੁੱਕੇ (ਭੂਤਕਾਲ) ਜਾਂ ਆਉਣ ਵਾਲੇ (ਭਵਿੱਖ) ਬਾਰੇ ਸੋਚ ਕੇ ਆਪਣਾ ਅੱਜ ਖਰਾਬ ਨਾ ਕਰੋ।

ਆਪਣੇ ਅੱਜ ਨੂੰ ਮਾਣੋ, ਕਿਉਂਕਿ ਸਾਡਾ ਕੱਲ, ਸਾਡਾ ਅੱਜ ਤੈਅ ਕਰਦਾ ਹੈ। ਜੇ ਅੱਜ ਨੂੰ ਬਿਹਤਰੀਨ ਬਣਾਵਾਂਗੇ, ਆਉਣ ਵਾਲਾ ਕੱਲ੍ਹ ਦੋਵੇਂ ਬਾਹਵਾਂ ਪਸਾਰ ਕੇ ਸਾਡਾ ਸਵਾਗਤ ਕਰੇਗਾ। ਕਦੇ ਵੀ ਜ਼ਿੰਦਗੀ ਵਿਚ ਹਾਰ ਨਾ ਮੰਨੋ ਅਤੇ ਆਪਣੇ ਵਲੋਂ ਹਰ ਸੰਭਵ, ਅਸੰਭਵ ਕੋਸ਼ਿਸ਼ ਕਰੋ ਸਫਲਤਾ ਜ਼ਰੂਰ ਤੁਹਾਡੇ ਕਦਮ ਚੁੰਮੇਗੀ।

ਆਪਣੇ ਪਿਤਾ ਜੀ ਦੀ ਮੌਤ ਦਾ ਭਿਆਨਕ ਮੰਜ਼ਰ ਮੈਂ ਬਹੁਤ ਛੋਟੀ ਉਮਰੇ ਵੇਖਿਆ। ਉਸ ਵੇਲੇ ਮੈਨੂੰ ਆਪਣੀ ਜ਼ਿੰਦਗੀ ਖ਼ਤਮ ਹੋ ਚੁੱਕੀ ਜਾਪਦੀ ਸੀ ਪਰ ਕਹਿੰਦੇ ਨੇ ਕਿ ਜੋ ਦੁੱਖ ਦਿੰਦਾ ਹੈ, ਉਹ ਉਸਨੂੰ ਸਹਿਣ ਕਰਨ ਦਾ ਹੌਸਲਾ ਪਹਿਲਾਂ ਬਖ਼ਸ਼ ਦਿੰਦਾ ਹੈ। ਮੈਂ ਇਹ ਨਹੀਂ ਕਹਿ ਰਹੀ ਅਸੀ ਉਨ੍ਹਾਂ ਨੂੰ ਭੁੱਲ ਜਾਂਦੇ ਹਾਂ ਬਲਕਿ ਅਸੀ ਉਨ੍ਹਾਂ ਦੀ ਖ਼ਾਤਰ, ਉਨ੍ਹਾਂ ਦੇ ਸੁਪਨਿਆਂ ਦੀ ਖ਼ਾਤਰ ਨਵੇਂ ਸਿਰਿਉਂ ਜੀਣਾ ਸ਼ੁਰੂ ਕਰਦੇ ਹਾਂ। ਜੋ ਚਲੇ ਜਾਂਦੇ ਹਨ ਉਨ੍ਹਾਂ ਦੀ ਕਮੀ ਕੋਈ ਪੂਰੀ ਨਹੀਂ ਕਰ ਸਕਦਾ ਪਰ ਜੇ ਅਸੀਂ ਜ਼ਰਾ ਧਿਆਨ ਨਾਲ ਵੇਖੀਏ ਤਾਂ ਬਹੁਤ ਸਾਰੀਆਂ ਸੰਭਾਵਨਾਵਾਂ ਸਾਡੇ ਆਸ-ਪਾਸ ਹੀ ਮੌਜੂਦ ਹੁੰਦੀਆਂ ਹਨ ਜੋ ਜਿਊਣ ਦਾ ਨਵਾਂ ਮਕਸਦ ਬਖ਼ਸ਼ਦੀਆਂ ਹਨ। ਉਹ ਸ਼ਬਦ ਕਿਤਾਬਾਂ ਵੀ ਨਹੀਂ ਸਿਖਾ ਸਕਦੀਆਂ ਜੋ ਤੁਹਾਨੂੰ ਤੁਹਾਡਾ ਬੁਰਾ ਵਕਤ ਅਤੇ ਜ਼ਿੰਦਗੀ ਸਿਖਾਉਂਦੀ ਹੈ। ਕਦੇ ਵੀ ਆਪਣੇ ਜੀਵਨ ਵਿਚ ਖੜੋਤ ਨਾ ਆਉਣ ਦਿਉ। ਮੇਰਾ ਮੰਨਣਾ ਹੈ ਕਿ ਸਾਨੂੰ ਇਸ ਤਰ੍ਹਾਂ ਜਿਊਣਾ ਚਾਹੀਦਾ ਹੈ ਕਿ ਸਾਡਾ ਜੀਵਨ ਦੂਸਰਿਆਂ ਲਈ ਮਾਰਗ ਦਰਸ਼ਨ ਬਣ ਸਕੇ। ਇਨ੍ਹਾਂ ਸਾਰਿਆਂ ਨੁਕਤਿਆਂ ਬਾਰੇ ਮੈਂ ਆਪਣੇ ਨਿੱਜੀ ਜੀਵਨ ਅਨੁਭਵ ਤੋਂ ਸਿੱਖਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ

*ਮਨ ਤੂੰ ਜੋਤਿ ਸਰੂਪ ਹੈ,*
*ਆਪਣਾ ਮੂਲ ਪਛਾਣ*



ਸੱਚ-ਮੁੱਚ ਹੀ ਸਾਡੇ ਮਨ ਵਿਚ ਉਸ ਪਰਮਾਤਮਾ ਦੀ ਜੋਤ ਜਗ ਰਹੀ ਹੈ, ਇਸ ਨੂੰ ਇੰਝ ਜਗਦੇ ਰੱਖਣ ਲਈ ਸਾਨੂੰ ਆਪਣਾ ਜੀਵਨ, ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਦੂਸਰਿਆਂ ਦੇ ਭਲੇ ਲਈ ਲਗਾਉਣਾ ਚਾਹੀਦਾ ਹੈ, ਅਜਿਹੀ ਅਦਾ ਨਾਲ ਜ਼ਿੰਦਗੀ ਜੀਓ ਕਿ ਤੁਹਾਡੀ ਜ਼ਿੰਦਗੀ ਦੂਸਰਿਆਂ ਲਈ ਪਾਰਸ ਬਣ ਜਾਵੇ। •

---

# ਦਿਲ ਦਰਿਆ ਸਮੁੰਦਰੋਂ ਡੂੰਘੇ

• ਰੁਪਿੰਦਰ ਕੌਰ ਕੰਗ
94175-60707



ਦਿਲ ਦੀ ਗੱਲ ਜਾਣਨ ਲਈ ਸਾਡਾ ਕਿਸੇ ਪ੍ਰਤੀ ਆਤਮ ਸਮਰਪਿਤ ਹੋਣਾ ਜ਼ਰੂਰੀ ਹੈ ਪਰ ਅਜੋਕੇ ਯੁੱਗ 'ਚ ਇਸ ਦੀ ਕਮੀ ਹੈ। ਅਸੀਂ ਕਿਸੇ ਪ੍ਰਤੀ ਓਨਾ ਹੀ ਸਮਰਪਿਤ ਹਾਂ ਜਿੰਨਾ ਚਿਰ ਉਹ ਸਾਡੇ ਪੱਖ ਦੀ ਗੱਲ ਕਰਦਾ ਹੈ...

'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ' ਸ਼ਬਦ ਯਾਦ ਆਉਂਦੇ ਹਨ ਤਾਂ ਦੁਨੀਆ ਦਾ ਯਥਾਰਥ ਅੱਖਾਂ ਅੱਗੇ ਘੁੰਮਦਾ ਹੈ। ਇਹ ਓਨਾ ਹੀ ਗੁੰਝਲਦਾਰ ਲੱਗਦਾ ਹੈ ਜਿੰਨੀ ਕਿ ਸ੍ਰਿਸ਼ਟੀ (ਦੁਨੀਆ) ਦੀ ਰਚਨਾ। ਕਿਸੇ ਵੀ ਮਨੁੱਖ ਦੀ ਅੰਦਰੂਨੀ ਸੋਚ ਅਤੇ ਦਿਲ ਦੇ ਵਲਵਲਿਆਂ ਨੂੰ ਕੋਈ ਵੀ ਵਿਅਕਤੀ ਸਮਝ ਨਹੀ ਸਕਦਾ। ਇਹ ਦਿਲ ਦੇ ਵਲਵਲੇ ਮਨੁੱਖ ਨੂੰ ਅਸਮਾਨ ਦੀ ਉਡਾਰੀ ਲਗਵਾਉਣ ਦੇ ਨਾਲ-ਨਾਲ ਧਰਤੀ ਦੀ ਪਰਤ ਦਰ ਪਰਤ ਡੂੰਘਾਈ ਤਕ ਵੀ ਲੈ ਜਾਂਦੇ ਹਨ।

ਦਿਲ ਸਰੀਰ ਦਾ ਉਹ ਹਿੱਸਾ ਹੈ ਜੋ ਸਾਡੀ ਜ਼ਿੰਦਗੀ ਦੀਆਂ ਪਰਤਾਂ ਨੂੰ ਆਪਣੇ ਵਿਚ ਸੰਭਾਲ ਕੇ ਰੱਖਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਨਾਜ਼ੁਕ ਹੋਣ ਦੇ ਨਾਲ-ਨਾਲ ਇਹ ਕੁਝ ਕਮਜ਼ੋਰ ਹੋ ਜਾਂਦਾ ਹੈ। ਜੋ ਬਹੁਤੇ ਸਦਮੇ ਦੀ ਗੱਲ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਅਸੀ ਹਾਰਟ ਅਟੈਕ ਦੇ ਮਰੀਜ਼ ਹੋ ਜਾਂਦੇ ਹਾਂ। ਇਸ ਦਿਲ ਦੀ ਗੱਲ ਜਾਣਨ ਤੇ ਸਮਝਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ਜੋ ਬਿਨਾਂ ਕੁਝ ਬੋਲੇ ਸਾਹਮਣੇ ਵਾਲੇ ਦੇ ਅੰਦਰੂਨੀ ਹਾਲਾਤ ਨੂੰ ਸਮਝ ਕੇ ਉਸ ਦੇ ਦੁੱਖ ਸੁੱਖ ਨੂੰ ਸਮਝਦਾ ਹੈ।

ਦਿਲ ਦੀ ਗੱਲ ਜਾਣਨ ਲਈ ਸਾਡਾ ਕਿਸੇ ਪ੍ਰਤੀ ਆਤਮ ਸਮਰਪਿਤ ਹੋਣਾ ਬਹੁਤ ਜ਼ਰੂਰੀ ਹੈ। ਪਰ ਅਜੋਕੇ ਯੁੱਗ ਵਿਚ ਇਸ ਦੀ ਕਮੀ ਹੈ। ਅਸੀ ਕਿਸੇ ਪ੍ਰਤੀ ਸਿਰਫ਼ ਓਨਾ ਹੀ ਸਮਰਪਿਤ ਹਾਂ ਜਿੰਨਾ ਟਾਈਮ ਸਾਹਮਣੇ ਵਾਲਾ ਸਾਡੇ ਪੱਖ ਦੀ ਗੱਲ ਕਰਦਾ ਹੈ। ਅਸੀ ਉਸਦੇ ਹਰ ਵਿਚਾਰ 'ਤੇ ਫੁੱਲ ਚੜ੍ਹਾਉਂਦੇ ਹਾਂ ਪਰ ਜਦ ਕਦੀ ਇਹ ਵਿਚਾਰ ਮੇਲ ਨਹੀ ਖਾਂਦੇ ਤਾਂ ਦਿਲ ਵਿਚ ਇਕ ਸਵਾਲ ਪੈਦਾ ਹੋ ਜਾਂਦਾ ਹੈ ਕਿ ਕੀ ਇਹ ਮੇਰਾ ਆਪਣਾ ਹੈ ਜਾਂ ਕੋਈ ਓਪਰਾ ਇਨਸਾਨ ਹੈ?

ਅਸਲ ਵਿਚ ਸਾਰੀ ਉਲਝਣ ਹੀ ਆਪਣੇ ਅਤੇ ਓਪਰੇਪਣ ਦੀ ਹੈ। ਦੁਨੀਆ ਦਾ ਕੋਈ ਵਿਰਲਾ ਹੀ ਇਨਸਾਨ ਹੋਵੇਗਾ ਜੋ ਇਸ ਆਪਣੇ ਅਤੇ ਓਪਰੇਪਣ ਦੇ ਭੇਦ ਨੂੰ ਸਮਝ ਕਿ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰ ਰਿਹਾ ਹੋਵੇਗਾ। ਵਰਨਾ ਅੱਜ-ਕੱਲ੍ਹ ਤਾਂ ਹਰ ਇਕ ਵਿਅਕਤੀ ਨੇ ਦੂਜੇ ਪ੍ਰਤੀ ਆਪਣੇ ਦਿਲ ਵਿਚ ਸਿਰਫ਼ ਗੁੱਸਾ ਹੀ ਰੱਖਿਆ ਹੋਇਆ ਹੈ। ਕੋਈ ਵਿਰਲਾ ਰਿਸ਼ਤਾ ਹੋਵੇਗਾ ਜੋ ਇਸ ਤੋਂ ਬਚ ਗਿਆ ਹੋਵੇਗਾ। ਇਹ ਸ਼ਿਕਾਇਤ ਕਈ ਵਾਰ ਸਹੀ ਵੀ ਹੁੰਦੀ ਹੈ ਪਰ ਉੱਥੇ ਆਪਣੇ ਦਿਲ ਦੀਆਂ ਪਰਤਾਂ ਵਿਚ ਜਾ ਕੇ ਦੇਖਣ ਦੀ ਲੋੜ ਹੁੰਦੀ ਹੈ। ਪਿਆਰ ਵਿੱਚੋਂ ਪਿਆਰ ਪੈਦਾ ਹੁੰਦਾ ਹੈ ਅਤੇ ਨਫ਼ਰਤ ਵਿੱਚੋਂ ਨਫ਼ਰਤ। ਜਿਸ ਇਨਸਾਨ ਪ੍ਰਤੀ ਸਾਡੇ ਦਿਲ ਵਿਚ ਪਿਆਰ ਹੈ ਉਹ ਆਪਣੇ ਆਪ ਸਾਡੇ ਪ੍ਰਤੀ ਖਿੱਚਿਆ ਜਾਂਦਾ ਹੈ ਤੇ ਅਸੀਂ ਉਸ ਵੱਲ ਪਰ ਜਿੱਥੇ ਨਫ਼ਰਤ ਹੈ ਉੱਥੇ ਸਧਾਰਨ ਕਹੇ ਸ਼ਬਦ ਵੀ ਸੱਪ ਦੀ ਤਰ੍ਹਾਂ ਡੰਗ ਮਾਰਦੇ ਹਨ।

ਕੌਣ ਦਿਲ ਦੀਆਂ ਜਾਣੇ? ਅਸਲ ਵਿਚ ਇਸ ਦਾ ਜਵਾਬ ਵੀ ਦਿਲ ਹੀ ਹੈ। ਸਿਰਫ਼ ਦਿਲ ਹੀ ਜਾਣਦਾ ਹੈ ਕਿ ਮੈਂ ਕੀ ਹਾਂ? ਕਿਸੇ ਪ੍ਰਤੀ ਕੀ ਸੋਚਦਾ ਹਾਂ? ਮੇਰੀ ਉਦਾਸੀ ਦਾ ਕਾਰਨ ਕੀ ਹੈ? ਨਿਰਪੱਖ ਹੋ ਕੇ ਹਰ ਰੋਜ਼ ਆਪਣੇ ਦਿਲ ਦੀ ਝਾਤੀ ਮਾਰਿਆ ਕਰੋ ਤੇ ਆਪਣੇ ਦਿਲ ਦੀਆਂ ਜਾਣਿਆ ਕਰੋ। ਦਿਲ ਜੋ ਪਾਕ ਤੇ ਪਵਿੱਤਰ ਥਾਂ ਹੈ ਇਸ ਵਿਚ ਨਿਰਪੱਖ ਹੋ ਕੇ ਝਾਤੀ ਮਾਰਨ ਨਾਲ ਖ਼ੁਦਾ ਦਾ ਵਾਸ ਮਹਿਸੂਸ ਹੋਵੇਗਾ। ਫਿਰ ਕਿਸੇ ਦੀ ਨਫ਼ਰਤ ਤੇ ਪਿਆਰ ਕੋਈ ਮਾਅਨੇ ਨਹੀਂ ਰੱਖਣਗੇ ਤੇ ਆਪਣਾ ਆਪ ਹਲਕਾ ਜਿਹਾ ਮਹਿਸੂਸ ਹੋਵੇਗਾ। ਫਿਰ ਕਿਉਂ ਨਾ ਦੁਨੀਆ ਨਾਲ ਰਿਸ਼ਤੇ ਦੀਆਂ ਡੋਰਾਂ ਮਜ਼ਬੂਤ ਕਰਨ ਤੋਂ ਪਹਿਲਾਂ ਆਪਣੇ ਦਿਲ ਨਾਲ ਰਿਸ਼ਤੇ ਦੀ ਡੋਰ ਨੂੰ ਮਜ਼ਬੂਤ ਕੀਤਾ ਜਾਵੇ। ਕਿਉਂਕਿ ਦਿਲ ਹੀ ਦਿਲ ਦੀ ਗੱਲ ਜਾਣਦਾ ਹੈ।

*ਜਦ ਮੈਂ ਝਾਤ ਅੰਦਰ ਤਕ ਮਾਰੀ*
*ਦਿਲ ਦੀ ਗੱਲ ਮੇਰੇ ਦਿਲ ਨੇ ਜਾਣੀ,*
*ਨਫ਼ਰਤ ਮੁੱਕੀ ਪਈ ਪਿਆਰ ਕਹਾਣੀ।*

---

# ਅਸੀਂ ਉਹੀ ਵੰਡਦੇ ਹਾਂ ਜੋ ਸਾਡੇ ਕੋਲ ਹੁੰਦੈ

• ਜਸਪਾਲ ਸਿੰਘ ਨਾਗਰਾ
001-360-448-1989

ਉਹ ਲੋਕ ਜੋ ਸਮਾਜ ਨੂੰ ਚੰਗਾ ਗਿਆਨ, ਚੰਗੀ ਸੋਚ ਵੰਡਦੇ ਹਨ, ਉਹ ਲੋਕਾਂ ਵਿਚ ਸਤਿਕਾਰੇ ਜਾਂਦੇ ਹਨ। ਕੋਈ ਵੀ ਅਜਿਹਾ ਵਿਅਕਤੀ ਨਹੀਂ ਹੁੰਦਾ ਜਿਸ ਕੋਲ ਦੂਜਿਆਂ ਨੂੰ ਦੇਣ ਲਈ ਕੁਝ ਵੀ ਨਾ ਹੋਵੇ...



ਇਸ ਧਰਤੀ 'ਤੇ ਜੋ ਵੀ ਪ੍ਰਾਣੀ ਜਨਮ ਲੈਂਦਾ ਹੈ, ਉਹ ਸਮਾਜ ਨੂੰ ਕੁਝ ਨਾ ਕੁਝ ਜ਼ਰੂਰ ਵੰਡਦਾ ਹੈ ਪਰ ਵੰਡਦਾ ਉਹੀ ਹੈ, ਜੋ ਉਸਦੇ ਕੋਲ ਹੁੰਦਾ ਹੈ। ਜਿਸ ਕੋਲ ਅਥਾਹ ਧਨ ਦੌਲਤ ਹੁੰਦੀ ਹੈ, ਉਹ ਪੈਸਾ ਵੰਡਦਾ ਹੈ। ਜਿਸ ਕੋਲ ਗਿਆਨ ਦਾ ਖ਼ਜ਼ਾਨਾ ਹੋਵੇ ਉਹ ਗਿਆਨ ਵੰਡਦਾ ਹੈ। ਕਈਆਂ ਕੋਲ ਵੰਡਣ ਲਈ ਦਇਆ ਹੁੰਦੀ ਹੈ, ਉਹ ਉਹੀ ਵੰਡੀ ਜਾਂਦੇ ਹਨ। ਕਈ ਕਿਸੇ ਦੁਖੀ ਨਾਲ ਹਮਦਰਦੀ ਦਾ ਪ੍ਰਗਟਾਵਾ ਕਰ ਕੇ ਉਸ ਦੇ ਦੁੱਖ ਘਟਾ ਦਿੰਦੇ ਹਨ। ਕੋਈ ਵੀ ਅਜਿਹਾ ਵਿਅਕਤੀ ਨਹੀਂ ਹੁੰਦਾ ਜਿਸ ਕੋਲ ਦੂਜਿਆਂ ਨੂੰ ਦੇਣ ਲਈ ਕੁਝ ਵੀ ਨਾ ਹੋਵੇ।

ਇਕ ਵਾਰੀ ਕਿਸੇ ਰਾਜੇ ਦੇ ਰਾਜ ਵਿਚ ਕਾਲ ਪੈ ਗਿਆ। ਲੋਕਾਂ ਕੋਲ ਖਾਣ ਲਈ ਕੁਝ ਵੀ ਨਾ ਬਚਿਆ। ਰਾਜੇ ਨੇ ਸਰਕਾਰੀ ਖ਼ਜ਼ਾਨੇ ਵਿੱਚੋਂ ਲੋਕਾਂ ਨੂੰ ਅਨਾਜ ਵੰਡਣ ਦਾ ਐਲਾਨ ਕਰ ਦਿੱਤਾ। ਲੋਕ ਸਵੇਰ ਤੋਂ ਹੀ ਕਤਾਰ ਬਣਾ ਕੇ ਖੜ੍ਹੇ ਹੋ ਜਾਂਦੇ। ਆਪਣੀ ਵਾਰੀ ਆਉਣ 'ਤੇ ਅਨਾਜ ਲੈ ਕੇ ਚਲੇ ਜਾਂਦੇ। ਕਤਾਰ ਵਿਚ ਪਹਿਲੇ ਸਥਾਨ 'ਤੇ ਰੋਜ਼ਾਨਾ ਹੀ ਇਕ ਫ਼ਕੀਰ ਖੜ੍ਹਾ ਹੁੰਦਾ। ਜਦੋਂ ਅਨਾਜ ਦੀ ਵੰਡ ਸ਼ੁਰੂ ਹੁੰਦੀ ਤਾਂ ਫ਼ਕੀਰ ਆਪ ਤੋਂ ਪਿਛਲੇ ਨੂੰ ਅੱਗੇ ਕਰ ਦਿੰਦਾ। ਉਹ ਸਾਰਾ ਦਿਨ ਇੰਝ ਹੀ ਕਰਦਾ ਰਹਿੰਦਾ। ਉਸ ਦੀ ਵਾਰੀ ਆਉਣ ਤਕ ਅਨਾਜ ਦੀ ਵੰਡ ਖ਼ਤਮ ਹੋ ਜਾਂਦੀ। ਜਦੋਂ ਦੋ-ਤਿੰਨ ਦਿਨ ਲੰਘ ਗਏ ਤਾਂ ਅਹਿਲਕਾਰਾਂ ਨੇ ਪੁੱਛਿਆ ਕਿ ਤੁਸੀ ਅਜਿਹਾ ਕਿਉਂ ਕਰੀ ਜਾਂਦੇ ਹੋ, ਤਾਂ ਫ਼ਕੀਰ ਨੇ ਬਹੁਤ ਹੀ ਨਰਮ ਲਹਿਜੇ ਵਿਚ ਜਵਾਬ ਦਿੰਦਿਆਂ ਕਿਹਾ ਕਿ ਰਾਜੇ ਕੋਲ ਵੰਡਣ ਲਈ ਅਨਾਜ ਹੈ, ਉਹ ਅਨਾਜ ਵੰਡ ਰਿਹਾ ਹੈ, ਮੇਰੇ ਕੋਲ ਵੰਡਣ ਲਈ ਮੇਰੀ ਵਾਰੀ ਹੈ ਜੋ ਕਿ ਮੈਂ ਲੋਕਾਂ ਨੂੰ ਵੰਡ ਰਿਹਾ ਹਾਂ।

ਅਸੀ ਤੁਸੀ ਵੀ ਉਹੀ ਵੰਡਦੇ ਹਾਂ, ਜੋ ਸਾਡੇ ਕੋਲ ਹੁੰਦਾ ਹੈ। ਚੰਗੇ ਲੋਕ ਚੰਗਿਆਈ ਵੰਡਦੇ ਹਨ। ਬੁਰੇ ਲੋਕ ਬੁਰਿਆਈ ਵੰਡੀ ਜਾਂਦੇ ਹਨ। ਕੁਝ ਲੋਕ ਆਪਣੀ ਮੁਸਕਰਾਹਟ ਵੰਡ ਕੇ ਦੂਜਿਆਂ ਦੇ ਦਿਲਾਂ ਵਿਚ ਵੱਸ ਜਾਂਦੇ ਹਨ। ਕਈ ਆਪਣਾ ਰੋਣਾ ਹੀ ਵੰਡੀ ਜਾਂਦੇ ਹਨ। ਕਈ ਚੰਗੇ ਭਲੇ ਲੋਕਾਂ ਦੀਆਂ ਚੁਗਲੀਆਂ ਕਰ ਕੇ ਲੜਾਈ ਝਗੜੇ ਵਧਾਈ ਜਾਂਦੇ ਹਨ। ਕੁਝ ਲੋਕ ਦੂਜਿਆਂ ਦੀਆਂ ਖਾਮੀਆਂ ਲੱਭਣ ਲਈ ਹੀ ਸਾਰੀ ਊਰਜਾ ਲਗਾ ਦਿੰਦੇ ਹਨ। ਇਸ ਕਿਸਮ ਦੇ ਲੋਕ ਖ਼ੁਦ ਤਰੱਕੀ ਨਹੀਂ ਕਰ ਸਕਦੇ ਸਗੋਂ ਦੂਜੇ ਲੋਕਾਂ ਨੂੰ ਅੱਗੇ ਲੰਘਦਾ ਵੇਖਕੇ ਅੰਦਰੋ-ਅੰਦਰੀ ਸੜੀ ਜਾਂਦੇ ਹਨ। ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਉਸਾਰੂ ਸੋਚ ਦਾ ਹੋਣਾ ਜ਼ਰੂਰੀ ਹੈ। ਪਿਛਾਂਹ ਖਿੱਚੂ ਸੋਚ ਅਤੇ ਰਿਣਾਤਮਕ ਰੁਚੀਆਂ ਜਿੱਥੇ ਨਿੱਜ ਲਈ ਨੁਕਸਾਨਦਾਇਕ ਹਨ, ਉੱਥੇ ਸਮਾਜ ਦਾ ਵੀ ਨੁਕਸਾਨ ਹੁੰਦਾ ਹੈ। ਘੁਣਤਰਬਾਜ਼ੀ ਨੇ ਕਦੇ ਵੀ ਨਾ ਆਪਣਾ ਵਿਕਾਸ ਹੋਣ ਦਿੱਤਾ ਅਤੇ ਨਾ ਹੀ ਕੁੱਝ ਸਮਾਜ ਨੂੰ ਦਿੱਤਾ ਹੈ।

ਉਹ ਲੋਕ ਜੋ ਸਮਾਜ ਨੂੰ ਚੰਗਾ ਗਿਆਨ, ਚੰਗੀ ਸੋਚ ਵੰਡਦੇ ਹਨ, ਉਹ ਲੋਕਾਂ ਵਿਚ ਸਤਿਕਾਰੇ ਜਾਂਦੇ ਹਨ। ਸਭ ਦਾ ਕੁਝ ਨਾ ਕੁਝ ਵੰਡਣ ਦਾ ਢੰਗ ਤਰੀਕਾ ਵੱਖਰਾ ਹੁੰਦਾ ਹੈ। ਸਾਨੂੰ ਉਸ ਫ਼ਕੀਰ ਵਾਂਗ ਕੁਝ ਚੰਗਾ ਹੀ ਵੰਡਣਾ ਚਾਹੀਦਾ ਹੈ ਜਿਹੜਾ ਆਪਣੀ ਵਾਰੀ ਹੀ ਦੂਜੇ ਲੋਕਾਂ ਨੂੰ ਵੰਡੀ ਜਾ ਰਿਹਾ ਸੀ, ਨਾ ਕਿ ਦੂਜੇ ਲੋਕਾਂ ਵਾਂਗ ਮਾੜੀ ਸੋਚ ਦਾ ਵਿਸਥਾਰ ਕਰਨਾ ਚਾਹੀਦਾ। ਜਿਹੜੇ ਅਜੇ ਵੀ ਇਹ ਸੋਚਦੇ ਹਨ ਕਿ ਉਨ੍ਹਾਂ ਕੋਲ ਸਮਾਜ ਨੂੰ ਦੇਣ ਲਈ ਕੁਝ ਵੀ ਨਹੀਂ ਹੈ ਤਾਂ ਉਹ ਘੱਟੋ-ਘੱਟ ਹਾਸਾ ਠੱਠਾ ਹੀ ਵੰਡਦੇ ਰਹਿਣ ਜਿਹੜਾ ਦੂਜਿਆਂ ਦੇ ਗ਼ਮਾਂ ਨੂੰ ਘਟਾ ਦੇਵੇ।

ਸਮਾਜ ਸੇਵਾ ਦੇ ਕੰਮਾਂ ਵਿਚ ਜੁਟੇ ਲੋਕ ਜਿੱਥੇ ਦਿਆਨਤਦਾਰੀ ਵੰਡ ਕੇ ਖ਼ੁਦ ਆਪਣੀ ਰੂਹ ਲਈ ਸਕੂਨ ਪੈਦਾ ਕਰਦੇ ਹਨ, ਉੱਥੇ ਸਮਾਜ ਤੋਂ ਵੀ ਵਾਹ-ਵਾਹ ਖੱਟਦੇ ਹਨ। ਪਰਮਾਤਮਾ ਦੀਆਂ ਨਜ਼ਰਾਂ ਵਿਚ ਵੀ ਉਹੀ ਪ੍ਰਵਾਨ ਚੜ੍ਹਦੇ ਹਨ, ਜਿਹੜੇ ਚੰਗੇ ਰਾਹਵਾਂ 'ਤੇ ਤੁਰਦੇ ਹੋਏ ਸਮਾਜ ਅਤੇ ਲੋੜਵੰਦਾਂ ਦੇ ਕੰਮ ਆਉਂਦੇ ਹਨ। ਜਿਹੜੇ ਲੋਕ ਕੁਝ ਚੰਗਾ ਨਹੀ ਕਰ ਸਕਦੇ ਉਨ੍ਹਾਂ ਨੂੰ ਇਹੋ ਜਿਹਾ ਵੀ ਕੁਝ ਨਹੀ ਕਰਨਾ ਚਾਹੀਦਾ, ਜਿਹੜਾ ਦੂਜਿਆਂ ਦੇ ਮਨਾਂ ਨੂੰ ਠੇਸ ਪਹੁੰਚਾਵੇ। ਸਮਾਜ ਨੂੰ ਹਮੇਸ਼ਾ ਹੀ ਕੁਝ ਚੰਗਾ ਦਿਓ ਜਿਸ ਨਾਲ ਲੋਕਾਂ 'ਚ ਤੁਹਾਡਾ ਵਧੀਆ ਅਕਸ ਬਣਿਆ ਰਹੇ। ਸਾਡੀ ਜ਼ਿੰਦਗੀ ਦੀ ਇਹੋ ਹੀ ਪ੍ਰਾਪਤੀ ਹੁੰਦੀ ਹੈ, ਜਿਸ ਦੇ ਸਦਕਾ ਤੁਹਾਡੇ ਮਰਨ ਉਪਰੰਤ ਵੀ ਲੋਕ ਤੁਹਾਨੂੰ ਯਾਦ ਕਰਦੇ ਹਨ। ਜਿਨ੍ਹਾਂ ਨੂੰ ਇਕ ਵਾਰੀ ਚੰਗਾ ਵੰਡਣ ਦੀ ਜਾਚ ਆ ਗਈ, ਉਹ ਹਮੇਸ਼ਾ ਹੀ ਚੰਗਾ ਵੰਡਦੇ ਰਹਿਣਗੇ। ਮਾੜੀ ਸੋਚ ਵਾਲੇ ਲੋਕ ਇਕ ਨਾ ਇਕ ਦਿਨ ਸਮਾਜ ਵਲੋਂ ਨਕਾਰ ਦਿੱਤੇ ਜਾਂਦੇ ਹਨ। ਉਹ ਕੰਮ ਕਰੋ ਜਿਸ ਨਾਲ ਲੋਕ ਤੁਹਾਨੂੰ ਹਮੇਸ਼ਾ ਯਾਦ ਰੱਖਣ ਤੇ ਉਹ ਜਦੋਂ ਵੀ ਤੁਹਾਨੂੰ ਯਾਦ ਕਰਨ ਤਾਂ ਚੰਗੇ ਸੰਦਰਭ ਵਿਚ ਹੀ ਕਰਨ ਨਾ ਕਿ ਫਿਟਲਾਹਨਤ ਪਾਉਣ ਦੇ ਲਹਿਜੇ ਵਿਚ। •

---

# ਨਾਂਹ ਪੱਖੀ ਸੋਚ ਬਨਾਮ ਨਿਰਾਸ਼ਾ

• ਸੁਰਿੰਦਰ ਮਾਣੂੰਕੇ ਗਿੱਲ
8872321000

ਜੇ ਅਸੀ ਨਿਰਾਸ਼ਾ 'ਚੋਂ ਨਿਕਲਣ ਵਾਲੇ ਨਕਾਰਾਤਮਕ ਪ੍ਰਭਾਵ ਤੋਂ ਬਚਣਾ ਹੈ ਤਾਂ ਸਾਨੂੰ ਹਾਂ-ਪੱਖੀ ਸੋਚ ਅਪਣਾਉਣੀ ਪਵੇਗੀ। ਇਹ ਸੋਚ ਜਿੱਥੇ ਸਾਡੇ ਆਮ ਜੀਵਨ ਲਈ ਸਹਾਈ ਹੋ ਸਕਦੀ ਹੈ, ਉੱਥੇ ਵੱਡੇ ਤੋਂ ਵੱਡਾ ਮੁਕਾਮ ਹਾਸਲ ਕਰਨ ਲਈ ਮਦਦਗਾਰ ਸਿੱਧ ਹੋ ਸਕਦੀ ਹੈ...



ਜੇ ਦੇਖਿਆ ਜਾਵੇ ਤਾਂ ਮਨੁੱਖ ਦੀ ਸਾਰੀ ਜ਼ਿੰਦਗੀ ਉਸਦੀ ਸੋਚ 'ਤੇ ਹੀ ਘੁੰਮਦੀ ਰਹਿੰਦੀ ਹੈ। ਸੋਚ ਹੀ ਮਨੁੱਖ ਨੂੰ ਨਿਰਾਸ਼ਾਵਾਦੀ ਅਤੇ ਆਸ਼ਾਵਾਦੀ ਬਣਾਉਂਦੀ ਹੈ। ਭਾਵੇਂ ਲੋਕ ਕਿਸੇ ਦੀ ਸੋਚ ਨੂੰ ਉਸਦੇ ਵੱਸ ਵਿਚ ਹੋਣਾ ਨਹੀ ਮੰਨਦੇ ਅਤੇ ਇਸ ਨੂੰ ਕੁਦਰਤੀ ਪ੍ਰਕਿਰਿਆ ਮੰਨਦੇ ਹਨ ਪ੍ਰੰਤੂ ਸੋਚਣ ਵਾਲੀ ਗੱਲ ਇਹ ਹੈ ਕਿ ਕੁਦਰਤ ਕਦੇ ਵੀ ਉਸਾਰੂ ਸੋਚ ਵਾਲੇ ਲੋਕਾਂ ਦੀ ਸੋਚ ਵਿਚ ਰੁਕਾਵਟ ਪੈਦਾ ਨਹੀ ਕਰਦੀ। ਜੇ ਕੁਦਰਤ ਅਜਿਹਾ ਕਰਦੀ ਹੈ ਤਾਂ ਇਸ ਨੂੰ ਕੁਦਰਤ ਭਾਵ ਰੱਬ ਦਾ ਨਾਂ ਦੇਣਾ ਜਾਇਜ਼ ਨਹੀ ਹੈ, ਇਸ ਲਈ ਅਜਿਹਾ ਮੰਨਣਾ ਉਨ੍ਹਾਂ ਲੋਕਾਂ ਦਾ ਕੰਮ ਹੈ, ਜਿਹੜੇ ਇਸ ਦੀ ਜ਼ਿੰਮੇਵਾਰੀ ਦਾ ਠੀਕਰਾ ਆਪਣੇ ਸਿਰ ਭੰਨਣ ਦੀ ਬਜਾਏ ਰੱਬ 'ਤੇ ਭੰਨਦੇ ਹਨ। ਅਜਿਹਾ ਉਹ ਇਸ ਲਈ ਵੀ ਕਰਦੇ ਹਨ ਕਿ ਉਨ੍ਹਾਂ ਦੀ ਇਸ ਗੱਲ ਦਾ ਵਿਸ਼ਵਾਸ ਲੋਕੀ ਛੇਤੀ ਕਰ ਲੈਂਦੇ ਹਨ। ਅਜਿਹੀ ਸਥਿਤੀ ਵਿਚ ਨਿਰਾਸ਼ਾਵਾਦੀ ਲੋਕਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ ਅਤੇ ਇਸ ਦਾ ਵਿਸਫੋਟ ਉਦੋਂ ਹੁੰਦਾ ਹੈ ਜਦੋਂ ਕੋਈ ਨਾ ਕੋਈ ਖ਼ੁਦਕੁਸ਼ੀ ਕਰ ਲੈਂਦਾ ਹੈ। ਫਿਰ ਸ਼ੁਰੂ ਹੋ ਜਾਂਦੀ ਹੈ ਖ਼ੁਦਕੁਸ਼ੀ ਦੇ ਕਾਰਨਾਂ ਦੀ ਸਮੀਖਿਆ। ਕੋਈ ਕਹਿੰਦਾ ਹੈ ਕਿ ਕਰਜ਼ੇ ਤੋਂ ਤੰਗ ਆ ਕੇ ਮਰਿਆ ਹੈ, ਕੋਈ ਕਹਿੰਦਾ ਹੈ ਕਿ ਘਰੇਲੂ ਕਲੇਸ਼ ਕਾਰਨ ਮਰਿਆ। ਜਿੰਨੇ ਮੂੰਹ ਓਨੀਆਂ ਹੀ ਗੱਲਾਂ ਹੋਣ ਲੱਗ ਜਾਂਦੀਆਂ ਹਨ ਪ੍ਰੰਤੂ ਇਹ ਕੋਈ ਵੀ ਨਹੀ ਕਹਿੰਦਾ ਕਿ ਇਹ ਨਾਂਹ ਪੱਖੀ ਸੋਚ ਕਾਰਨ ਮਰਿਆ ਹੈ। ਕਿਉਂਕਿ ਅਜਿਹਾ ਕਹਿਣ ਨਾਲ ਕੋਈ ਵੀ ਮਰਨ ਵਾਲੇ ਨੂੰ ਆਪਣੀ ਮੌਤ ਦਾ ਦੋਸ਼ੀ ਆਪ ਨਹੀ ਬਣਾਉਣਾ ਚਾਹੁੰਦਾ, ਸਗੋਂ ਇਹ ਗੱਲ ਉਸ ਦੇ ਹਾਲਾਤ ਸਿਰ ਮੜ੍ਹਕੇ ਉਸ ਦਾ ਮੁੱਲ ਵੱਟਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਜੇ ਸਾਡੇ ਦੇਸ਼ ਦੇ ਲੋਕਾਂ ਦੀ ਸੋਚ ਦਾ ਇਤਿਹਾਸ ਦੇਖਿਆ ਜਾਵੇ ਤਾਂ ਇਹ ਹਾਂ ਪੱਖੀ ਸੋਚ ਨਾਲ ਭਰਿਆ ਪਿਆ ਹੈ। ਇਸ ਇਤਿਹਾਸ ਅਨੁਸਾਰ ਸਾਨੂੰ ਇਕ ਵੀ ਇਨਸਾਨ ਅਜਿਹਾ ਨਹੀ ਮਿਲੇਗਾ, ਜਿਸ ਨੇ ਆਪਣੀ ਹਾਂ ਪੱਖੀ ਸੋਚ ਨਾਲ ਜ਼ਿੰਦਗੀ ਵਿਚ ਵੱਡੇ ਜੋਖ਼ਮ ਨਾ ਉਠਾਏ ਹੋਣ, ਉਦਾਹਰਣ ਵਜੋਂ ਬਿੱਲ ਗੇਟਸ ਨੇ ਮਾਈਕ੍ਰੋਸਾਫਟ ਦੇ ਰੂਪ ਵਿਚ ਆਪਣਾ ਸੁਪਨਾ ਸੱਚ ਕਰਨ ਲਈ ਹਾਰਵਰਡ ਵਰਗੀ ਮਸ਼ਹੂਰ ਯੂਨੀਵਰਸਿਟੀ ਤੋਂ ਪੜ੍ਹਾਈ ਅੱਧ ਵਿਚਾਲੇ ਛੱਡਣ ਦਾ ਖ਼ਤਰਾ ਮੁੱਲ ਲਿਆ, ਉਸ ਨੂੰ ਪਤਾ ਸੀ ਕਿ ਅਜਿਹਾ ਕਰਨਾ ਉਸ ਦੇ ਕਰੀਅਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਪਰ ਫਿਰ ਵੀ ਉਸ ਨੇ ਆਪਣੀ ਹਾਂ ਪੱਖੀ ਸੋਚ ਦੀ ਪ੍ਰਾਪਤੀ ਲਈ ਅਜਿਹਾ ਕਰਨ ਨੂੰ ਤਰਜੀਹ ਦਿੱਤੀ ਜਿਸ ਦਾ ਨਤੀਜਾ ਅੱਜ ਦੁਨੀਆ ਦੇ ਸਾਹਮਣੇ ਹੈ।

ਗੱਲ ਇਸ ਇਕ ਮਹਾਨ ਵਿਅਕਤੀ ਨਾਲ ਖ਼ਤਮ ਨਹੀ ਹੁੰਦੀ। ਮਹਾਤਮਾ ਗਾਂਧੀ ਜਿਸ ਨੇ ਆਪਣੀ ਹਾਂ ਪੱਖੀ ਸੋਚ ਨੂੰ ਪੂਰਾ ਕਰਨ ਲਈ ਇਕੱਲੇ ਹੁੰਦੇ ਹੋਏ ਵੀ ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ, ਜਿਸ ਦੀ ਅੱਜ ਕੱਲ੍ਹ ਦੇ ਸਮੇਂ ਵਿਚ ਕਲਪਨਾ ਕਰਨੀ ਵੀ ਮੁਸ਼ਕਲ ਹੈ। ਇਕ ਆਮ ਜਿਹਾ ਵਕੀਲ ਉਸ ਬ੍ਰਿਟਿਸ਼ ਸਰਕਾਰ ਨਾਲ ਲੜਨ ਲਈ ਨਿਕਲ ਪਿਆ, ਜਿਸ ਦੇ ਰਾਜ ਵਿਚ ਸੂਰਜ ਕਦੇ ਡੁੱਬਦਾ ਨਹੀ ਸੀ। ਇਹ ਉਸ ਦੀ ਸੋਚ ਹੀ ਸੀ, ਜਿਸ ਦੀ ਸਮਰੱਥਾ ਕਾਰਨ ਉਹ ਇਕ ਆਮ ਵਿਅਕਤੀ ਤੋਂ ਬਾਪੂ ਬਣ ਗਿਆ। ਦੂਜੇ ਸ਼ਬਦਾਂ 'ਚ ਸੋਚ ਨੂੰ ਦੋ-ਧਾਰੀ ਤਲਵਾਰ ਵੀ ਕਿਹਾ ਜਾ ਸਕਦਾ ਹੈ। ਇਸ ਦੇ ਇਕ ਪਾਸੇ ਨਾ ਤਾਂ ਸਫਲਤਾ ਪੱਕੀ ਹੁੰਦੀ ਹੈ ਅਤੇ ਨਾ ਦੂਜੇ ਪਾਸੇ ਹੀ ਆਮ ਲੋਕਾਂ ਵਾਂਗ ਜੀਵਨ ਮਿਲਣਾ ਤੈਅ ਹੁੰਦਾ ਹੈ। ਫਿਰ ਵੀ ਜੇ ਨਤੀਜਾ ਆਸ ਅਨੁਸਾਰ ਨਾ ਨਿਕਲੇ ਤਾਂ ਲੱਗਣ ਵਾਲਾ ਧੱਕਾ ਤੇਜ਼ ਤੇ ਜ਼ਖ਼ਮ ਡੂੰਘਾ ਹੁੰਦਾ ਹੈ। ਪਰ ਇਹ ਗੱਲ ਨਹੀ ਭੁੱਲਣੀ ਚਾਹੀਦੀ ਕਿ ਹੀਰੋ ਉਹ ਹੀ ਹੁੰਦਾ ਹੈ ਜੋ ਆਮ ਦੀ ਇੱਛਾ ਨਹੀ ਰੱਖਦਾ, ਬਲਕਿ ਕੁਝ ਵੱਡਾ ਹਾਸਲ ਕਰਨ ਲਈ ਕੰਮ ਕਰਦਾ ਹੈ, ਇਸ ਦੇ ਲਈ ਭਾਵੇਂ ਉਸ ਨੂੰ ਆਪਣੇ ਹਉਮੈ ਦੀ ਹੋਂਦ ਦਾਅ 'ਤੇ ਕਿਉਂ ਨਾ ਲਾਉਣੀ ਪੈ ਜਾਵੇ। ਸੋ ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਹਾਂ ਪੱਖੀ ਸੋਚ ਦਾ ਜਜ਼ਬਾ ਬਹਾਦਰਾਂ ਦੀ ਹਿੰਮਤ ਦਾ ਪ੍ਰਤੀਕ ਹੈ, ਪਾਗਲਾਂ ਦੀ ਨਹੀ। ਜੋ ਗੱਲ ਇਸ ਨੂੰ ਪਾਗਲਪਣ ਤੋਂ ਵੱਖ ਕਰਦੀ ਹੈ, ਉਹ ਇਹ ਹੈ ਕਿ ਇਸ ਵਿਚ ਖ਼ੂਬਸੂਰਤ ਸੁਪਨੇ ਦੇ ਨਾਲ ਸਿਆਣਪ ਦਾ ਵੀ ਤਾਲਮੇਲ ਹੁੰਦਾ ਹੈ।

ਸੋ ਜੇ ਅਸੀ ਨਿਰਾਸ਼ਤਾ ਤੋਂ ਨਿਕਲਣ ਵਾਲੇ ਨਕਾਰਾਤਮਕ ਪ੍ਰਭਾਵ ਤੋਂ ਲੈ ਕੇ ਖ਼ੁਦਕੁਸ਼ੀਆਂ ਤਕ ਬਚਣਾ ਹੈ ਤਾਂ ਸਾਨੂੰ ਹਾਂ ਪੱਖੀ ਸੋਚ ਅਪਣਾਉਣੀ ਪਵੇਗੀ। ਇਹ ਸੋਚ ਜਿੱਥੇ ਸਾਡੇ ਆਮ ਜੀਵਨ ਲਈ ਸਹਾਈ ਹੋ ਸਕਦੀ ਹੈ, ਉੱਥੇ ਵੱਡੇ ਤੋਂ ਵੱਡਾ ਮੁਕਾਮ ਹਾਸਲ ਕਰਨ ਲਈ ਮਦਦਗਾਰ ਸਿੱਧ ਹੋ ਸਕਦੀ ਹੈ, ਸੋ ਆਓ ਇਸ ਹਾਂ ਪੱਖੀ ਸੋਚ ਨੂੰ ਆਪਣੀ ਜ਼ਿੰਦਗੀ ਵਿਚ ਸ਼ਾਮਲ ਕਰਨ ਵਿਚ ਦੇਰ ਨਾ ਲਾਈਏ। •

# ਹਜ਼ਰਤ ਬਦੀਉੱਦੀਨ ਸ਼ਾਹ ਮਦਾਰ

ਪ੍ਰਿੰ. ਗੁਰਚਰਨ ਸਿੰਘ ਤਲਵਾੜਾ

ਹਜ਼ਰਤ ਬਦੀਉੱਦੀਨ ਸ਼ਾਹ ਮਦਾਰ ਨੂੰ ਸੂਫ਼ੀ ਸਿਲਸਿਲਾ ਮਦਾਰੀਆਂ ਦੇ ਬਾਨੀ ਸਨ। ਆਪ ਦਾ ਮਜ਼ਾਰ ਸ਼ਰੀਫ਼ ਕਾਨ੍ਹਪੁਰ ਤੋਂ 40-45 ਕਿਲੋਮੀਟਰ ਦੇ ਫ਼ਾਸਲੇ ਉੱਤੇ ਮਕਨਪੁਰ ਵਿਖੇ ਸਥਿਤ ਹੈ। ਆਪ ਨੂੰ ਜ਼ਿੰਦਾ ਸ਼ਾਹ ਮਦਾਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਆਪ ਦਾ ਜਨਮ 1315 ਈਸਵੀ 'ਚ ਹੋਇਆ ਮੰਨਿਆ ਜਾਂਦਾ ਹੈ। ਆਪ ਦੇ ਪਿਤਾ ਦਾ ਨਾਂ ਹਜ਼ਰਤ ਅਬੂ ਇਸਹਾਕ ਸਾਮੀ ਸੀ। ਆਪ ਯਹੂਦੀ ਸਨ ਲੇਕਿਨ ਬਾਅਦ 'ਚ ਇਸਲਾਮ ਧਾਰਨ ਕਰ ਲਿਆ। ਮਾਨਤਾ ਹੈ ਕਿ ਹਜ਼ਰਤ ਬਦੀਉੱਦੀਨ ਸ਼ਾਹ ਮਦਾਰ ਦਾ ਜਨਮ ਸੀਰੀਆ ਦੇ ਐਲਪੋ ਸ਼ਹਿਰ ਵਿਖੇ ਹੋਇਆ ਤੇ ਇਥੇ ਹੀ ਆਪ ਨੇ ਮੁੱਢਲੀ ਸਿੱਖਿਆ ਹਾਸਲ ਕੀਤੀ। ਆਪ ਦੇ ਪੀਰੋ-ਮੁਰਸ਼ਦ ਦਾ ਨਾਂ ਸ਼ੇਖ਼ ਮੁਹੰਮਦ ਤੈਫ਼ੂਰੀ ਦੱਸਿਆ ਜਾਂਦਾ ਹੈ।

ਆਪ ਨੇ ਜਦੋਂ ਮੱਕਾ ਮਦੀਨਾ ਦੀ ਯਾਤਰਾ ਕੀਤੀ ਤਾਂ ਆਪ ਮਦੀਨਾ ਵਿਖੇ ਸਨ ਕਿ ਸੁਪਨੇ 'ਚ ਆਪ ਨੂੰ ਭਾਰਤ ਜਾਣ ਦੀ ਹਦਾਇਤ ਹੋਈ। ਆਪ ਗੁਜਰਾਤ, ਅਜਮੇਰ ਹੁੰਦੇ ਹੋਏ ਮਕਨਪੁਰ ਪਹੁੰਚੇ। ਇਸ ਇਲਾਕੇ ਵਿਚ ਆਪ ਨੇ 50 ਸਾਲ ਗੁਜ਼ਾਰੇ। ਆਪ ਦੀ ਜ਼ਿੰਦਗੀ ਨਾਲ ਅਨੇਕਾਂ ਕਰਾਮਾਤਾਂ ਜੁੜੀਆਂ ਹੋਈਆਂ ਹਨ। ਆਪ ਆਪਣੇ ਵਕਤ ਦੇ ਕੁਤਬ-ਉਲ-ਮਦਾਰ ਸਨ ਜੋ ਸੂਫ਼ੀ ਦਰਵੇਸ਼ਾਂ ਵਿਚ ਸਭ ਤੋਂ ਉੱਚਾ ਦਰਜਾ, ਮਰਤਬਾ ਮੰਨਿਆ ਜਾਂਦਾ ਹੈ। ਸੂਫ਼ੀ ਦਰਵੇਸ਼ਾਂ ਦੀ ਐਸੀ ਮਾਨਤਾ ਵੀ ਹੈ ਕਿ ਆਪ ਦੀ ਰੂਹਾਨੀ ਨਿਸਬਤ ਅਤੇ ਮੁਹੱਬਤ ਖ਼੍ਵਾਜਾ ਮੁਈਨੁੱਦੀਨ ਚਿਸ਼ਤੀ ਅਜਮੇਰੀ ਨਾਲ ਵੀ ਸੀ।

ਹਜ਼ਰਤ ਬਦੀਉੱਦੀਨ ਸ਼ਾਹ ਮਦਾਰ ਅਤੇ ਉਨ੍ਹਾਂ ਦੇ ਪੈਰੋਕਾਰ ਜ਼ਾਹਿਰੀ ਇਬਾਦਤ ਦੇ ਜ਼ਿਆਦਾ ਪਾਬੰਦ ਨਹੀ ਸਨ। ਮਕਨਪੁਰ ਵਿਖੇ ਹੀ ਸੰਨ 1436 ਈਸਵੀ ਵਿਚ ਆਪ ਦਾ ਦੇਹਾਂਤ ਹੋਇਆ। ਇਥੇ ਹੀ ਆਪ ਦਾ ਮਜ਼ਾਰ-ਏ-ਮੁਬਾਰਿਕ ਹੈ, ਜੋ ਮਦਾਰੀਆਂ ਸੂਫ਼ੀ ਸਿਲਸਿਲੇ ਦੀ ਸਭ ਤੋਂ ਵੱਡੀ ਜ਼ਿਆਰਤਗਾਹ ਹੈ। ਆਪ ਦੀ ਮਾਨਤਾ ਹਿੰਦੂ ਤੇ ਮੁਸਲਮਾਨ ਦੋਹਾਂ ਮਜ਼ਹਬਾਂ ਦੇ ਲੋਕ ਕਰਦੇ ਹਨ। ਮਦਾਰੀਆਂ ਸਿਲਸਿਲੇ ਦੇ ਦਰਵੇਸ਼ ਆਮ ਕਰਕੇ ਕਲੰਦਰੀਆ ਬਿਰਤੀ ਵਾਲੇ ਹੁੰਦੇ ਹਨ। ਉਹ ਜਾਦੂ ਵਿਖਾ ਕੇ, ਬਾਂਦਰਾਂ ਦਾ ਤਮਾਸ਼ਾ ਵਿਖਾ ਕੇ ਤੇ ਰਿੱਛਾਂ ਦਾ ਨਾਚ ਵਿਖਾ ਕੇ ਗੁਜ਼ਾਰਾ ਕਰਦੇ ਹਨ। ਇਸ ਸਿਲਸਿਲੇ ਦੇ ਦਰਵੇਸ਼ ਧਮਾਲ ਪਾਉਂਦੇ ਹਨ, ਕੋਲਿਆਂ ਦੀ ਅੱਗ ਪੈਰ ਮਾਰ-ਮਾਰ ਕੇ ਬੁਝਾਉਂਦੇ ਹਨ ਤੇ ਅਲੀ ਦਮ ਮਦਾਰ ਦੇ ਨਾਅਰੇ ਮਾਰਦੇ ਹਨ। •

94634-63193

---

## ਚਾਣਕਯ ਨੀਤੀ

ਡਾ. ਅਮਰ ਕੋਮਲ

ਆਚਾਰਿਆ ਚਾਣਕਯ ਭਾਰਤ ਦੇ ਅਮੀਰ ਇਤਿਹਾਸਕ ਵਿਰਸੇ ਦੀ ਇਕ ਮਹਾਨ ਸ਼ਖ਼ਸੀਅਤ, ਵਿਦਵਾਨ ਸਿਆਸਤਦਾਨ, ਕੂਟ ਨੀਤੀਵਾਨ, ਨਿਪੁੰਨ ਪ੍ਰਬੰਧਕ ਤੇ ਸਾਦਾ ਜੀਵਨ ਜਿਊਣ ਵਾਲੇ ਪੰਡਿਤ ਸਨ। ਉਨ੍ਹਾਂ ਦਾ ਜੀਵਨ ਕਾਲ 350-283 ਪੂਰਵ ਈਸਵੀ ਸੀ। ਉਨ੍ਹਾਂ ਦੁਆਰਾ ਰਚਿਤ 'ਚਾਣਕਯ ਨੀਤੀ' ਵਡਮੁੱਲੀਆਂ ਸਿੱਖਿਆਵਾਂ ਵਾਲੀ ਪੁਸਤਕ ਹੈ। ਇਸ ਵਿਚ 17 ਅਧਿਆਏ ਤੇ ਕੁੱਲ 333 ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ ਉਨ੍ਹਾਂ ਨੇ ਜ਼ਿੰਦਗੀ, ਘਰ, ਪਰਿਵਾਰ, ਸਮਾਜ ਤੇ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਅਟੱਲ ਸੱਚਾਈਆਂ ਦੇ ਰੂਪ 'ਚ ਪੇਸ਼ ਕੀਤਾ ਹੈ।

**ਸਲੋਕ** (3.17)

ਕਿਮ੍ ਜਾਤੈਬਰਹੁਭਿਹ ਪੁਤ੍ਰੈ ਸ਼ੋਕ-ਸੰਤਾਪਕਾਰ ਕੈਹ।

ਵਰਮੇਕਹ ਕੁਲਾਅ ਅਲਮ੍ਬੀ ਯਤ੍ਰ ਵਿਕਸ਼ਰਾਮ੍ਯਤੇ ਕੁਲਮ੍॥

**ਅਰਥ**

ਚਰਿੱਤਰਹੀਣ, ਮਨ ਨੂੰ ਦੁੱਖ ਪਹੁੰਚਾਉਣ ਵਾਲੇ ਅਨੇਕਾਂ ਪੁੱਤਰਾਂ ਦੇ ਉਤਪਨ ਹੋਣ ਦਾ ਕੀ ਲਾਭ? ਅਜਿਹੇ ਚਰਿੱਤਰਹੀਣ ਪੁੱਤਰ ਪਰਿਵਾਰ ਅਤੇ ਕੁੱਲ ਲਈ ਸ਼ੋਕ ਅਤੇ ਸੰਤਾਪ ਦਾ ਹੀ ਕਾਰਨ ਬਣਦੇ ਹਨ। ਕੁਲ ਨੂੰ ਸਹਾਰਾ ਦੇਣ ਵਾਲਾ, ਉੱਚਾ ਚੁੱਕਣ ਵਾਲਾ, ਮਾਤਾ-ਪਿਤਾ ਅਤੇ ਆਪਣੀ ਕੁਲ ਦਾ ਨਾਂ ਰੋਸ਼ਨ ਕਰਨ ਵਾਲਾ ਇਕ ਪੁੱਤਰ ਅਜਿਹੇ ਅਨੇਕਾਂ ਪੁੱਤਰਾਂ ਨਾਲੋਂ ਕਿਤੇ ਉੱਤਮ ਹੈ। ਅਜਿਹੇ ਪੁੱਤਰ ਦੇ ਆਸਰੇ ਤੋਂ ਸਾਰਾ ਪਰਿਵਾਰ ਅਤੇ ਕੁਲ ਸੁੱਖ ਭੋਗਦਾ ਹੈ।

### ਵਿਆਖਿਆ

ਚਰਿੱਤਰਹੀਣ ਅਤੇ ਦੁੱਖ ਦੇਣ ਵਾਲੇ ਨਾਲਾਇਕ ਵਧੇਰੇ ਪੁੱਤਰਾਂ ਦਾ ਨਾ ਘਰ, ਨਾ ਪਰਿਵਾਰ ਅਤੇ ਨਾ ਹੀ ਕੁਲ ਨੂੰ ਕੋਈ ਲਾਭ ਹੁੰਦਾ ਹੈ। ਅਜਿਹੇ ਪੁੱਤਰ ਕੁਲ ਅਤੇ ਪਰਿਵਾਰ ਦਾ ਨਾਂ ਰੋਸ਼ਨ ਕਰਨ ਦੀ ਥਾਂ ਉਸ ਨੂੰ ਦਾਗ਼ ਲਗਾਉਂਦੇ ਹਨ ਅਤੇ ਪਰਿਵਾਰ ਦੀ ਮਾਣ-ਮਰਿਆਦਾ ਨੂੰ ਕਲੰਕਿਤ ਕਰਦੇ ਹਨ।

ਉਹ ਪੁੱਤਰ, ਜੋ ਖ਼ਾਨਦਾਨ ਦਾ ਨਾਂ ਰੋਸ਼ਨ ਕਰੇ, ਕੁਲ ਦੀ ਮਰਿਆਦਾ ਦਾ ਪਾਲਣ ਕਰੇ, ਅਜਿਹਾ ਇਕ ਪੁੱਤਰ ਹੀ ਸ੍ਰੇਸ਼ਠ ਹੈ। ਜ਼ਿੰਦਗੀ ਵਿਚ ਗੁਣ ਅਤੇ ਉਪਕਾਰ ਘੱਟ ਹੋ ਕੇ ਵੀ ਪ੍ਰਭਾਵਸ਼ਾਲੀ ਕਾਰਜ ਕਰਦੇ ਹਨ। ਵਧੇਰੇ ਔਗੁਣਾਂ ਨਾਲ ਵਿਅਕਤੀ ਘਰ ਅਤੇ ਸਮਾਜ ਨਾਲ ਹਮੇਸ਼ਾ ਦੁੱਖਾਂ ਦਾ ਭੰਡਾਰ ਬਣਦਾ ਹੈ। •

84378-73565

---

# ਧਰਮ ਅਤੇ ਵਿਰਸਾ

## ਗੁਰੂ ਨਾਨਕ ਸਾਹਿਬ ਨੇ ਵਿਦਵਤਾ ਨੂੰ ਦਿੱਤੀ ਨਵੀਂ ਪਰਿਭਾਸ਼ਾ



ਪੁਰਾਤਨ ਕਾਲ 'ਚ ਵੇਦ, ਪੁਰਾਣ, ਗ੍ਰੰਥ ਪੜ੍ਹਨ ਵਾਲਿਆਂ ਨੂੰ ਗਿਆਨੀ ਮੰਨਿਆ ਜਾਂਦਾ ਸੀ। ਅੱਜ ਵੀ ਕਿਤਾਬਾਂ ਪੜ੍ਹ ਕੇ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਵਾਨ ਅਖਵਾਉਂਦੇ ਹਨ। ਗੁਰੂ ਨਾਨਕ ਸਾਹਿਬ ਨੇ ਇਹ ਸਵੀਕਾਰ ਕਰਨ ਤੋਂ ਇਨਕਾਰ ਕੀਤਾ। ਗੁਰੂ ਸਾਹਿਬ ਆਪਣੀਆਂ ਧਰਮ ਯਾਤਰਾਵਾਂ ਦੌਰਾਨ ਬਨਾਰਸ ਵੀ ਗਏ, ਜੋ ਉਸ ਸਮੇਂ ਧਰਮ ਦਾ ਵੱਡਾ ਕੇਂਦਰ ਸੀ। ਗੁਰੂ ਸਾਹਿਬ ਨੇ ਨਗਰ ਦੇ ਬਾਹਰ ਇਕਾਂਤ ਸਥਾਨ 'ਤੇ ਆਸਣ ਲਾਇਆ ਤੇ ਭਜਨ ਬੰਦਗੀ 'ਚ ਲੀਨ ਹੋ ਗਏ। ਗੁਰੂ ਸਾਹਿਬ ਦੀ ਬਾਣੀ ਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਤਦਾਦ 'ਚ ਲੋਕ ਜੁੜਨ ਲੱਗੇ। ਗੁਰੂ ਸਾਹਿਬ ਦੀ ਪ੍ਰਤਿਸ਼ਠਾ ਪੂਰੇ ਬਨਾਰਸ 'ਚ ਕਾਇਮ ਹੋਣ ਲੱਗੀ।

ਗੁਰੂ ਸਾਹਿਬ ਬਾਰੇ ਚਰਚਾ ਸੁਣ ਕੇ ਨਗਰ ਦਾ ਮੁੱਖ ਵਿਦਵਾਨ ਪੰਡਿਤ ਚਤੁਰ ਦਾਸ ਉਨ੍ਹਾਂ ਦੇ ਦਰਸ਼ਨ ਕਰਨ ਆਇਆ। ਗੁਰੂ ਸਾਹਿਬ ਦੇ ਪੁੱਛਣ ਤੇ ਵਿਦਵਤਾ ਦੇ ਮਾਣ ਨਾਲ ਭਰੇ ਹੋਏ ਪੰਡਿਤ ਚਤੁਰ ਦਾਸ ਨੇ ਦੱਸਿਆ ਕਿ ਉਹ ਚੌਦਾਂ ਵਿੱਦਿਆਵਾਂ ਦਾ ਗਿਆਤਾ ਹੈ, ਜਿਨ੍ਹਾਂ 'ਚ ਅਧਿਐਨ, ਤੈਰਾਕੀ, ਸਿਹਤ ਵਿਗਿਆਨ, ਰਸਾਇਣ ਵਿਗਿਆਨ, ਖਗੋਲ ਸ਼ਾਸਤਰ, ਗਾਇਨ, ਵਿਆਕਰਣ, ਸੰਗੀਤ, ਘੁੜਸਵਾਰੀ, ਨ੍ਰਿਤ ਕਲਾ, ਤੀਰਅੰਦਾਜ਼ੀ, ਧਰਮ ਸ਼ਾਸਤਰ ਤੇ ਰਾਜਨੀਤੀ ਸ਼ਾਸਤਰ ਆਦਿ ਸ਼ਾਮਲ ਹਨ। ਗੁਰੂ ਸਾਹਿਬ ਨੇ ਪ੍ਰੇਮ ਨਾਲ ਬਚਨ ਕੀਤੇ ਕਿ ਵਿਦਵਾਨ ਉਹ ਹੈ ਜੋ ਗਿਆਨ ਨੂੰ ਸਹਿਜਤਾ ਨਾਲ ਸੰਭਾਲਦਾ ਹੈ ਤੇ ਪਰਮਾਤਮਾ ਦੀ ਭਗਤੀ ਕਰਦਿਆਂ, ਪਰਮਾਤਮਾ ਦੀ ਕ੍ਰਿਪਾ ਨਾਲ ਪ੍ਰਾਪਤ ਗਿਆਨ ਤੋਂ ਜੀਵਨ ਦਾ ਤੱਤ ਕੱਢ ਲੈਂਦਾ ਹੈ।

*ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥*

*ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥*

ਗੁਰੂ ਨਾਨਕ ਸਾਹਿਬ ਨੇ ਕਿਹਾ ਵਿਦਵਤਾ ਜੀਵਨ ਅੰਦਰ ਅਸਰ ਪਾਉਂਦੀ ਹੈ। ਗਿਆਨ ਪ੍ਰਾਪਤ ਕਰ ਕੇ ਜਦੋਂ ਮਨੁੱਖ ਉਸ 'ਤੇ ਵਿਚਾਰ ਕਰਦਾ ਹੈ, ਉਸ ਦੀ ਗਹਿਰਾਈ 'ਚ ਜਾਂਦਾ ਹੈ ਤਾਂ ਵਿਕਾਰਾਂ ਤੋਂ ਮੁਕਤ ਹੋ ਕੇ ਸਹਿਜ ਅਵਸਥਾ ਬਣ ਜਾਂਦੀ ਹੈ। ਗਿਆਨ ਦਾ ਸਾਰ ਲੱਭਣਾ ਹੀ ਗਿਆਨੀ ਹੋਣ ਦਾ ਲੱਛਣ ਹੈ, ਜੋ ਪਰਮਾਤਮਾ ਦੀ ਭਗਤੀ ਨਾਲ ਹੀ ਮਿਲਦਾ ਹੈ। ਇਹ ਮੰਨਿਆ ਜਾਂਦਾ ਰਿਹਾ ਹੈ ਕਿ ਸੰਸਾਰ ਅੰਦਰ ਵਿਦਵਾਨ ਦਾ ਹੰਕਾਰ ਸਭ ਤੋਂ ਵੱਡਾ ਹੁੰਦਾ ਹੈ। ਰਾਜੇ ਦਾ ਰਾਜ ਖੋਹਿਆ ਜਾ ਸਕਦਾ ਹੈ, ਧਨਵਾਨ ਦਾ ਧਨ ਚੋਰੀ ਹੋ ਸਕਦਾ ਹੈ, ਤਾਕਤਵਰ ਦੀ ਤਾਕਤ ਖੁੱਸ ਸਕਦੀ ਹੈ ਪਰ ਵਿਦਵਾਨ ਦੀ ਵਿਦਵਤਾ ਨੂੰ ਕੋਈ ਹੱਥ ਨਹੀਂ ਪਾ ਸਕਦਾ। ਗਿਆਨੀ ਦੇ ਹੰਕਾਰ ਦਾ ਇਹੀ ਮੁੱਖ ਕਾਰਨ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਗਿਆਨ ਪਰਮਾਤਮਾ ਦੀ ਮਿਹਰ ਨਾਲ ਮਿਲਦਾ ਹੈ। ਇਸ ਲਈ ਮਾਣ ਦਾ ਕੋਈ ਕਾਰਨ ਨਹੀਂ - *'ਕਰਤੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ॥'* ਪਰਮਾਤਮਾ ਕਿਸੇ 'ਤੇ ਵੀ ਕ੍ਰਿਪਾ ਕਰਦਾ ਹੈ ਤੇ ਗਿਆਨ ਨਾਲ ਭਰਪੂਰ ਕਰ ਦਿੰਦਾ ਹੈ। ਪਰਮਾਤਮਾ ਦੀ ਬਖ਼ਸ਼ਿਸ਼ ਹੋਵੇ ਤਾਂ ਪਤਿਤ ਵੀ ਪਾਵਨ ਬਣ ਜਾਂਦਾ ਹੈ - *'ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ॥'* ਸੱਚਾ ਗਿਆਨੀ ਆਪਣੇ ਗਿਆਨ 'ਤੇ ਨਹੀਂ ਪਰਮਾਤਮਾ ਤੇ ਭਰੋਸਾ ਕਰਦਾ ਹੈ ਤੇ ਪਰਮਾਤਮਾ ਦੀ ਭਗਤੀ ਅਤੇ ਸ਼ਰਣ 'ਚ ਹੀ ਆਪਣਾ ਹਿੱਤ ਵੇਖਦਾ ਹੈ।

*ਰਾਜਨ ਰਾਮ ਰਵੈ ਹਿਤਕਾਰਿ॥*
*ਰਣ ਮਹਿ ਲੂਝੈ ਮਨੂਆ ਮਾਰਿ॥*
*ਰਾਤਿ ਦਿਨੰਤਿ ਰਹੈ ਰੰਗਿ ਰਾਤਾ॥*
*ਤੀਨਿ ਭਵਨ ਜੁਗ ਚਾਰੇ ਜਾਤਾ॥*

ਵਿਦਵਾਨ ਹੋਣਾ ਪਰਮਾਤਮਾ 'ਚ ਲੀਨ ਹੋ ਜਾਣਾ ਹੈ। ਮਨ ਦੇ ਸਾਰੇ ਵਿਕਾਰ ਤਿਆਗ ਕੇ ਨਿਮਰਤਾ ਤੇ ਸਹਿਜ ਅੰਦਰ ਆ ਜਾਣਾ ਹੈ। ਜੀਵਨ ਦਾ ਹਰ ਪਲ ਪਰਮਾਤਮਾ ਨੂੰ ਅਰਪਨ ਕਰ ਦੇਣਾ ਹੈ। ਕੋਈ ਮਨੁੱਖ ਜਦੋਂ ਇਸ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਸਾਰੇ ਬ੍ਰਹਿਮੰਡ ਦਾ ਗਿਆਨ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਬਚਨ ਕੀਤੇ ਕਿ ਪਰਮਾਤਮਾ ਦਾ ਸਿਮਰਨ, ਪਰਮਾਤਮਾ ਦੇ ਗੁਣਾਂ ਦਾ ਸਿਮਰਨ ਹੈ ਤਾਂ ਜੋ ਮਨ ਅੰਦਰ ਉਨ੍ਹਾਂ ਗੁਣਾਂ ਨੂੰ ਧਾਰਨ ਕਰਨ ਦੀ ਭਾਵਨਾ ਪੈਦਾ ਹੋ ਸਕੇ।

*ਗੁਣ ਵੀਚਾਰੇ ਗਿਆਨੀ ਸੋਇ॥*
*ਗੁਣ ਮਹਿ ਗਿਆਨੁ ਪਰਾਪਤਿ ਹੋਇ॥*



ਡਾ. ਸਤਿੰਦਰ ਪਾਲ ਸਿੰਘ

94159-60533

ਪਰਮਾਤਮਾ ਸੱਚ ਸਵਰੂਪ ਹੈ, ਕਰਤਾ ਹੈ, ਨਿਰਭਉ ਹੈ, ਨਿਰਵੈਰ ਹੈ। ਗਿਆਨੀ ਉਹ ਹੈ ਜੋ ਸੱਚ ਧਾਰਨ ਕਰੇ, ਪਰੋਪਕਾਰੀ ਹੋਵੇ, ਸੰਜਮ, ਸਹਿਜ, ਸੰਤੋਖ, ਪ੍ਰੇਮ, ਨਿਮਰਤਾ, ਸੇਵਾ ਆਦਿ ਗੁਣ ਜੀਵਨ ਅੰਦਰ ਵਸਾਏ। ਔਖਰੀ ਜਾਂ ਕਿਤਾਬੀ ਗਿਆਨ ਨਾਲ ਨਾ ਤਾਂ ਆਪਣਾ ਭਲਾ ਹੁੰਦਾ ਹੈ ਨਾ ਸਮਾਜ ਦਾ।

ਪੁਰਾਤਨ ਕਾਲ ਵਿਚ ਗਿਆਨ 'ਤੇ ਚੋਣਵੇਂ ਲੋਕਾਂ ਦਾ ਕਬਜ਼ਾ ਸੀ। ਵੱਡੀ ਆਬਾਦੀ ਨੂੰ ਤਾਂ ਇਕ ਖ਼ਾਸ ਭਾਸ਼ਾ ਪੜ੍ਹਨ ਦੀ ਹੀ ਇਜਾਜ਼ਤ ਨਹੀ ਸੀ। ਗੁਰੂ ਸਾਹਿਬ ਨੇ ਇਸ ਮਿਥਕ ਨੂੰ ਤੋੜਿਆ ਤੇ ਬਚਨ ਕੀਤੇ ਕਿ ਧਰਮ ਦੇ ਮਾਰਗ 'ਤੇ ਚੱਲਣ ਵਾਲੇ ਮਨੁੱਖ ਪਰਮਾਤਮਾ ਤੋਂ ਗਿਆਨ ਪ੍ਰਾਪਤ ਕਰਦੇ ਹਨ ਤੇ ਉਸ ਦੀ ਰਜ਼ਾ 'ਚ ਜੀਵਨ ਬਤੀਤ ਕਰਦੇ ਹਨ - *'ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ॥'* ਪਰਮਾਤਮਾ ਗਿਆਨ ਦਾ ਦਾਤਾ ਹੈ ਤੇ ਧਰਮੀ ਨੂੰ ਗਿਆਨਵਾਨ ਬਣਾਉਣ ਵਾਲਾ ਹੈ। ਪਰਮਾਤਮਾ ਤੋਂ ਮਿਲਿਆ ਗਿਆਨ ਹੀ ਜੀਵਨ 'ਚ ਸਹਾਈ ਹੁੰਦਾ ਹੈ - *'ਗੁਰ ਸਬਦੀ ਘਰਿ ਕਾਰਜੁ ਸਾਰਿ॥'*

ਗਿਆਨ ਦੀ ਖੋਜ 'ਚ ਲੋਕ ਸੰਸਾਰ ਅੰਦਰ ਭਟਕ ਰਹੇ ਹਨ, ਬੇਹਾਲ ਹੋ ਰਹੇ ਹਨ - *'ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ॥'* ਪਰਮਾਤਮਾ ਦੀ ਸ਼ਰਨ ਗਿਆਂ ਹੀ ਰਾਹ ਵਿਖਾਈ ਦਿੰਦਾ ਹੈ - *'ਪਾਈ ਨਵ ਨਿਧਿ ਹਰਿ ਕੈ ਨਾਇ, ਆਪੇ ਦੇਵੈ ਸਹਜਿ ਸੁਭਾਇ॥'* ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਦਾ ਆਪਣਾ ਅੰਦਾਜ਼ ਹੈ। ਉਹ ਜਦੋਂ ਪ੍ਰਸੰਨ ਹੁੰਦਾ ਹੈ ਤਾਂ ਝੋਲੀਆਂ ਭਰ ਦਿੰਦਾ ਹੈ।

ਕੋਈ ਵਿਦਵਾਨ ਜਦੋਂ ਆਪਣੀ ਵਿਦਵਤਾ ਨੂੰ ਆਪਣੀ ਪ੍ਰਾਪਤੀ ਨਾ ਸਮਝ ਕੇ ਪਰਮਾਤਮਾ ਦੀ ਮਿਹਰ ਮੰਨਦਾ ਹੈ ਤਾਂ ਪਰਮਾਤਮਾ ਪ੍ਰਤੀ ਪ੍ਰੇਮ ਭਾਵਨਾ ਨਾਲ ਭਰ ਉੱਠਦਾ ਹੈ - *'ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ, ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ॥'* ਸੱਚੇ ਗਿਆਨੀ ਦਾ ਗਿਆਨ ਮਨ ਅੰਦਰ ਆਨੰਦ ਲਿਆਉਂਦਾ ਹੈ ਤੇ ਅਚਿੰਤ ਕਰਦਾ ਹੈ। ਕੋਈ ਦੁਵਿਧਾ ਨਹੀ ਰਹਿੰਦੀ। ਮਨ ਭੈ ਮੁਕਤ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਬਚਨ ਕੀਤੇ ਕਿ ਪਰਮਾਤਮਾ ਹੀ ਗਿਆਨ ਹੈ, ਪਰਮਾਤਮਾ ਹੀ ਗਿਆਨ ਦਾ ਦਾਤਾ ਹੈ। ਪਰਮਾਤਮਾ ਦੀ ਸ਼ਰਨ 'ਚ ਹੀ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ।

*ਹਰਿ ਪੜਨਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ॥*

*ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ॥*

ਪਰਮਾਤਮਾ ਦੀ ਮਹਾਨਤਾ ਨੂੰ ਵੇਖਣ ਦੀ ਸਮਰਥਾ ਪ੍ਰਾਪਤ ਕਰ ਲੈਣਾ ਤੇ ਉਸ ਨੂੰ ਮਨ ਅੰਦਰ ਪ੍ਰੇਮ ਸਹਿਤ ਧਾਰਨ ਕਰ ਲੈਣਾ ਹੀ ਗਿਆਨ ਹੈ। ਸੰਸਾਰ ਅੰਦਰ ਵਡਿਆਈ ਕੇਵਲ ਪਰਮਾਤਮਾ ਦੀ ਹੈ। ਗਿਆਨ ਵੀ ਪਰਮਾਤਮਾ ਹੀ ਵਰਤਾ ਰਿਹਾ ਹੈ - *'ਓਅੰਕਾਰਿ ਬੇਦ ਨਿਰਮਏ॥'* ਜੇ ਕਿਸੇ ਮਨੁੱਖ ਨੇ ਗ੍ਰੰਥਾਂ ਦਾ ਬਹੁਤ ਸਾਰਾ ਗਿਆਨ ਪ੍ਰਾਪਤ ਕਰ ਵੀ ਲਿਆ ਹੈ ਤਾਂ ਇਸ ਵਿਚ ਉਸ ਦੀ ਕੋਈ ਵਡਿਆਈ ਨਹੀ। ਦਾਤਾ ਤਾਂ ਪਰਮਾਤਮਾ ਹੈ। ਉਸ ਦੀ ਮਿਹਰ ਹੋਈ ਹੈ ਤਾਂ ਮਨੁੱਖ ਅੰਦਰ ਗਿਆਨ ਦੀ ਰੋਸ਼ਨੀ ਭਰੀ ਗਈ ਹੈ। ਕਿਸੇ ਮਨੁੱਖ ਅੰਦਰ ਜੋ ਗੁਣ ਹਨ, ਉਹ ਪਰਮਾਤਮਾ ਦੇ ਹੀ ਬਖ਼ਸ਼ੇ ਹੋਏ ਹਨ। ਜਦੋਂ ਮਨ ਪਰਮਾਤਮਾ ਦੀ ਸਿਫ਼ਤ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਉਸ ਦੇ ਅੰਦਰੋਂ ਹਉਮੈ ਮਿਟ ਜਾਂਦੀ ਹੈ। ਪਰਮਾਤਮਾ ਜੀਵਨ ਦਾ ਆਧਾਰ ਬਣ ਜਾਂਦਾ ਹੈ। ਗ੍ਰੰਥਾਂ ਦਾ ਸੰਸਾਰੀ ਗਿਆਨ ਫਿੱਕਾ ਲੱਗਣ ਲਗਦਾ ਹੈ।

ਗੁਰੂ ਸਾਹਿਬ ਨੇ ਬਚਨ ਕੀਤੇ ਕਿ ਸੰਸਾਰਕ ਗਿਆਨ ਪਰਮਾਤਮਾ ਤੋਂ ਦੂਰ ਕਰਦਾ ਹੈ, ਭਰਮ ਪੈਦਾ ਕਰਨ ਤੇ ਭਟਕਾਉਣ ਵਾਲਾ ਹੈ। ਗੁਰੂ ਨਾਨਕ ਸਾਹਿਬ ਨੇ ਅਜਿਹੇ ਗਿਆਨ ਤੋਂ ਸੁਚੇਤ ਕੀਤਾ ਹੈ - *'ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥'* ਉਹ ਗਿਆਨ, ਜੋ ਸਮਾਜ ਅੰਦਰ ਕਿਸੇ ਵੀ ਤਰ੍ਹਾਂ ਦੀ ਵੰਡ, ਵਿਤਕਰਾ, ਅਨਿਆਂ ਪੈਦਾ ਕਰਦਾ ਹੈ, ਉਹ ਗਿਆਨ ਨਹੀਂ ਹੈ। ਗਿਆਨ ਪ੍ਰਾਪਤੀ ਦਾ ਮਨੋਰਥ ਤਾਂ ਸੱਚ ਤਕ ਪੁੱਜਣਾ ਹੈ - *'ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ॥'* ਗਿਆਨ ਦੀ ਸਫਲਤਾ ਮਨ ਅੰਦਰ ਤੇ ਸਾਰੀ ਸ੍ਰਿਸ਼ਟੀ ਅੰਦਰ ਪਰਮਾਤਮਾ ਦੇ ਦਰਸ਼ਨ ਕਰਨ ਦੀ ਦ੍ਰਿਸ਼ਟੀ ਪ੍ਰਾਪਤ ਕਰ ਲੈਣਾ ਹੈ।

*ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥*

*ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥*

ਕਿਸੇ ਕੋਲ ਧਰਮ ਦਾ ਗਿਆਨ ਹੈ ਤਾਂ ਉਹ ਸਾਰਿਆਂ ਦਾ ਹਿੱਤ ਸੋਚੇ। ਕੋਈ ਸੰਗੀਤ ਦਾ ਵਿਦਵਾਨ ਹੈ ਤਾਂ ਬਿਨਾਂ ਭੇਦਭਾਵ ਹਰੇਕ ਨੂੰ ਸੰਗੀਤ ਦੀ ਸਿੱਖਿਆ ਦੇਵੇ। ਕਿਸੇ ਨੂੰ ਸਿਹਤ ਵਿਗਿਆਨ ਦੀ ਜਾਣਕਾਰੀ ਹੈ ਤਾਂ ਉਹ ਸਾਰਿਆਂ ਦੇ ਰੋਗ ਦੂਰ ਕਰੇ। ਹਰ ਵਿਦਵਾਨ, ਗਿਆਨੀ ਅੰਦਰ ਸਮ-ਦ੍ਰਿਸ਼ਟੀ ਹੋਵੇ - *'ਗਿਆਨੁ ਧਿਆਨੁ ਲੇ ਸਮਸਰਿ ਰਹੈ॥'*

ਪੁਰਾਤਨ ਕਾਲ ਤੋਂ ਹੀ ਗਿਆਨ ਅਤੇ ਵਿੱਦਿਆ ਸਮਾਜ ਦੇ ਕੁਝ ਖ਼ਾਸ ਵਰਗਾਂ ਲਈ ਰਾਖਵੀਂ ਰਹੀ ਹੈ। ਅੱਜ ਵੀ ਧਨਵਾਨ, ਕੁਲੀਨ ਹੀ ਵਿੱਦਿਆ ਹਾਸਲ ਕਰਨ 'ਚ ਸਫਲ ਹੁੰਦੇ ਹਨ। ਉਸ ਵਿੱਦਿਆ ਦਾ ਕੋਈ ਮੁੱਲ ਨਹੀ ਕਿਉਂਕਿ ਉਸ ਦੀ ਬੁਨਿਆਦ ਹੀ ਵੰਡ ਅਤੇ ਵਿਤਕਰੇ ਉੱਪਰ ਟਿਕੀ ਹੋਈ ਹੈ। ਅਜਿਹਾ ਗਿਆਨ ਵਾਦ-ਵਿਵਾਦ ਤੇ ਵਿਨਾਸ਼ ਵੱਲ ਲਿਜਾਂਦਾ ਹੈ - *'ਝਖਿ ਬੋਲਣੁ ਕਿਆ ਜਗ ਸਿਉ ਵਾਦੁ, ਝੂਰਿ ਮਰੈ ਦੇਖੈ ਪਰਮਾਦੁ॥'* ਗੁਰੂ ਸਾਹਿਬ ਨੇ ਬਚਨ ਕੀਤੇ ਕਿ ਜਿਸ ਨੇ ਮਨ ਅੰਦਰ ਪਰਮਾਤਮਾ ਨੂੰ ਵਸਾ ਲਿਆ ਹੈ, ਉਹੀ ਵਿਦਵਾਨ, ਗਿਆਨੀ ਅਤੇ ਸਿਆਣਾ ਮਨੁੱਖ ਹੈ।

ਗੁਰੂ ਨਾਨਕ ਸਾਹਿਬ ਦੇ ਬਚਨ ਸੁਣ ਕੇ ਪੰਡਿਤ ਚਤੁਰ ਦਾਸ ਦਾ ਅੰਤਰ ਨਿਰਮਲ ਤੇ ਸ਼ਾਂਤ ਹੋ ਗਿਆ। ਉਹ ਗੁਰੂ ਸਾਹਿਬ ਦੇ ਚਰਨਾਂ 'ਚ ਜਾ ਪਿਆ ਤੇ ਉਨ੍ਹਾਂ ਦਾ ਸਿੱਖ ਬਣ ਗਿਆ। ਗਿਆਨ ਦੇ ਕੇਂਦਰ 'ਚ ਗੁਰੂ ਨਾਨਕ ਸਾਹਿਬ ਦੇ ਬਚਨਾਂ ਦਾ ਸਤਿਕਾਰ ਇਕ ਮਹਾਨ ਵਿਚਾਰਕ ਕ੍ਰਾਂਤੀ ਵਜੋਂ ਇਤਿਹਾਸ 'ਚ ਦਰਜ ਹੈ। ਵੱਡੀ ਗਿਣਤੀ ਵਿਚ ਆਮ ਲੋਕ ਤੇ ਬਨਾਰਸ ਦਾ ਰਾਜਾ ਵੀ ਗੁਰੂ ਸਾਹਿਬ ਦਾ ਸ਼ਰਧਾਵਾਨ ਬਣ ਗਿਆ। ਬਨਾਰਸ ਦੇ ਵਿਦਵਾਨ ਆਪਣੇ ਗਿਆਨ ਦੇ ਹੰਕਾਰ ਤੇ ਸ਼ਰਮਿੰਦਾ ਹੋਏ, ਜੋ ਪਿੱਠ ਤੇ ਪਏ ਬੋਝ ਵਰਗਾ ਸਾਬਤ ਹੋ ਰਿਹਾ ਸੀ। ਗੁਰੂ ਨਾਨਕ ਸਾਹਿਬ ਨੇ ਵਿਦਵਤਾ ਦੀ ਸੱਚੀ ਪਰਿਭਾਸ਼ਾ ਸਾਹਮਣੇ ਰੱਖੀ। ਆਪ ਨੇ ਗਿਆਨ ਨੂੰ ਪਰਮਾਤਮਾ ਦਾ ਬਖ਼ਸ਼ਿਆ ਗੁਣ ਕਿਹਾ, ਜਿਸ ਨਾਲ ਮਨੁੱਖ ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰਦਾ ਹੈ ਤੇ ਸਮਾਜ ਨੂੰ ਵੀ ਸੱਚ, ਪਰਮਾਤਮਾ ਤੇ ਧਰਮ ਦੀ ਮਹਿਮਾ ਨਾਲ ਜੋੜਨ 'ਚ ਯੋਗਦਾਨ ਪਾਉਂਦਾ ਹੈ।

ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਸੇ ਪ੍ਰੇਰਨਾ ਨੂੰ ਵਧਾਉਣ ਲਈ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਭਾਰਤ ਦੇ ਕੋਨੇ-ਕੋਨੇ ਤੋਂ ਆਏ ਵਿਦਵਾਨਾਂ ਨੂੰ ਸ਼ਰਨ ਮਿਲੀ, ਜੋ ਲੋਕ ਲੁਭਾਉਣਾ ਸਾਹਿਤ ਛੱਡ ਕੇ ਰੂਹਾਨੀ ਲਿਖਤਾਂ ਸਿਰਜਣ ਲੱਗੇ ਤੇ ਇਤਿਹਾਸ 'ਚ ਅਮਰ ਹੋ ਗਏ। ਅੱਜ ਲੋੜ ਹੈ ਸੱਚੇ ਗਿਆਨ ਤੇ ਗਿਆਨੀਆਂ ਦੀ। •

---

# ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ

ਧਰਮਿੰਦਰ ਸਿੰਘ ਚੱਬਾ

ਧੰਨ ਗੁਰੂ ਅਮਰਦਾਸ ਜੀ ਗੁਣਾਂ ਦੇ ਖ਼ਜ਼ਾਨੇ ਹਨ। ਪੂਰਨ ਗੁਰੂ ਜਾਂ ਸਤਿਗੁਰੂ ਦਾ ਵੱਡਾ ਗੁਣ ਇਹ ਹੁੰਦਾ ਹੈ ਕਿ ਉਹ ਆਪ ਅੰਦਰੋਂ ਬਾਹਰੋਂ ਸੱਚਾ ਤੇ ਸੁੱਚੇ ਆਚਰਣ ਵਾਲਾ ਹੋਵੇ ਤੇ ਇਹ ਸੱਚ ਉਹ ਆਪਣੇ ਸਿੱਖ ਭਗਤਾਂ ਨੂੰ ਵੀ ਦ੍ਰਿੜ ਕਰਵਾਏ ਤਾਂ ਜੋ ਉਸ ਗੁਰੂ ਦੇ ਦਰਸ਼ਨਾਂ ਨਾਲ ਤਨ-ਮਨ ਸੀਤਲ ਹੋ ਜਾਵੇ। ਗੁਰੂ ਅਮਰਦਾਸ ਜੀ ਦੀ ਵਡਿਆਈ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ :

*ਦੇਵੀ ਦੇਵ ਦੁੜਾਇਅਨੁ ਜਿਉ ਮਿਰਗਾਵਲਿ ਦੇਖਿ ਬਘੇਲਾ॥*

*ਹੁਕਮਿ ਰਜਾਈ ਚਲਣਾ ਪਿਛੈ ਲਗੇ ਨਕਿ ਨਕੇਲਾ॥*

*ਗੁਰਮੁਖਿ ਸਚਾ ਅਮਰ ਸੁਹੇਲਾ॥*

ਗੁਰੂ ਅਮਰਦਾਸ ਜੀ ਦੀ ਵਡਿਆਈ ਵਿਚ ਇਕ ਸ਼ਬਦ ਵਿਚ 'ਭੱਟ ਭਲ ਜੀ' ਇਹ ਕਹਿ ਕੇ ਸਤਿਕਾਰ ਦਿੰਦੇ ਹਨ :

*ਭਲੇ ਅਮਰਦਾਸ ਗੁਣ ਤੇਰੇ,*
*ਤੇਰੀ ਉਪਮਾ ਤੋਹਿ ਬਨਿ ਆਵੈ॥*

ਭਾਵ, ਗੁਰੂ ਅਮਰਦਾਸ ਜੀ ਦੇ ਗੁਣ ਕੋਈ ਗਿਣ ਨਹੀ ਸਕਦਾ, ਕਿਉਂਕਿ ਉਹ ਆਪਣੇ ਵਰਗੇ ਆਪ ਹੀ ਹਨ। ਗੁਰੂ ਅਮਰਦਾਸ ਜੀ ਸਾਦੇ ਸੁਭਾਅ, ਸਾਦੇ ਪਹਿਰਾਵੇ, ਸੁਹਿਰਦ ਤੇ ਭਗਤੀ ਭਾਵਨਾ ਵਾਲੇ ਸਨ। ਮਹਾਨਕੋਸ਼ ਅਨੁਸਾਰ ਆਪ 5 ਮਈ 1479 ਨੂੰ ਪਿਤਾ ਭਾਈ ਤੇਜ ਭਾਨ ਜੀ ਤੇ ਮਾਤਾ ਸੁਲੱਖਣੀ ਜੀ ਦੇ ਗ੍ਰਿਹਿ ਪਿੰਡ ਬਾਸਰਕੇ ਗਿੱਲਾਂ, ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪ੍ਰਗਟ ਹੋਏ।

ਆਪ ਭਾਈ ਅਮਰਦਾਸ ਜੀ, ਭਾਈ ਈਸ਼ਰਦਾਸ ਜੀ, ਭਾਈ ਬਾਬਾ ਖੇਮ ਰਾਇ ਜੀ ਤੇ ਭਾਈ ਮਾਣਕ ਚੰਦ ਜੀ, ਚਾਰ ਭਾਈ ਸਨ। ਆਪ ਸਭ ਤੋਂ ਵੱਡੇ ਸਨ। ਆਪ ਦੇ ਸਭ ਤੋਂ ਛੋਟੇ ਭਾਈ ਮਾਣਕ ਚੰਦ ਦੇ ਸਪੁੱਤਰ ਜਸੂ ਜੀ ਨਾਲ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਵਿਆਹੇ ਹੋਏ ਸਨ। 1502 ਈਸਵੀ ਵਿਚ ਆਪ ਦਾ ਵਿਆਹ ਸਿਆਲਕੋਟ ਦੇ ਪਿੰਡ ਸਨਖਤਰਾ ਦੇ ਦੇਵੀ ਚੰਦ ਜੀ ਦੀ ਸਪੁੱਤਰੀ ਬੀਬੀ ਮਨਸਾ ਦੇਵੀ ਜੀ ਨਾਲ ਹੋਇਆ। ਆਪ ਜੀ ਦੇ ਗ੍ਰਿਹ ਦੋ ਪੁੱਤਰੀਆਂ ਬੀਬੀ ਦਾਨੀ ਜੀ, ਬੀਬੀ ਭਾਨੀ ਜੀ ਤੇ ਦੋ ਸਪੁੱਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਨੇ ਜਨਮ ਲਿਆ। ਬੀਬੀ ਭਾਨੀ ਜੀ ਦਾ ਵਿਆਹ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨਾਲ ਹੋਇਆ ਸੀ।

ਗੁਰੂ ਅਮਰਦਾਸ ਜੀ 1521 ਨੂੰ 42 ਵਰ੍ਹਿਆਂ ਦੇ ਸਨ, ਜਦ ਪਹਿਲੀ ਵਾਰ ਦੇਵੀ ਦਰਸਨਾਂ ਲਈ ਗਏ। ਲਗਾਤਾਰ ਵੀਹ ਸਾਲ ਹਰ ਛੇ ਮਹੀਨੇ ਬਾਅਦ ਤੀਰਥ ਅਸਥਾਨਾਂ ਤੇ ਦੇਵੀ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਇਕ ਦਿਨ ਦੇਵੀ ਦਰਸ਼ਨਾਂ ਤੋਂ ਵਾਪਸ ਆਉਂਦਿਆਂ ਇਕ ਬ੍ਰਹਮਚਾਰੀ ਦੇ ਮੇਲ ਨੇ ਸਾਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਉਨ੍ਹਾਂ ਅੰਦਰ ਗੁਰੂ ਧਾਰਨ ਦੀ ਚਾਹ ਪ੍ਰਬਲ ਕਰ ਦਿੱਤੀ। ਉਹ ਰਾਤ ਬੜੀ ਬੇਚੈਨੀ 'ਚ ਲੰਘੀ। ਅੰਮ੍ਰਿਤ ਵੇਲੇ ਆਪ ਜੀ ਦੀ ਨੂੰਹ ਬੀਬੀ ਅਮਰੋ ਜੀ ਕੋਲੋਂ ਜਦ ਆਪ ਨੇ ਮਾਰੂ ਮਹਲਾ ਪਹਿਲਾ ਦਾ ਇਹ ਸ਼ਬਦ ਸੁਣਿਆ ਤਾਂ ਹਿਰਦੇ ਨੂੰ ਸ਼ਾਂਤੀ ਮਿਲੀ ਤੇ ਗੁਰੂ ਦਰਸ਼ਨਾਂ ਦੀ ਤਾਂਘ ਪੈਦਾ ਹੋਈ।

*ਕਰਣੀ ਕਾਗਦੁ ਮਨੁ ਮਸਵਾਣੀ*
*ਬੁਰਾ ਭਲਾ ਦੁਇ ਲੇਖ ਪਏ॥*
*ਜਿਉ ਜਿਉ ਕਿਰਤੁ ਚਲਾਏ*
*ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥*
*ਚਿਤ ਚੇਤਸਿ ਕੀ ਨਹੀ ਬਾਵਰਿਆ*
*ਹਰਿ ਬਿਸਰਤ ਤੇਰੇ ਗੁਣ ਗਲਿਆ॥*

ਜਦ ਆਪ ਨੇ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਸਦਾ ਲਈ ਗੁਰੂ ਘਰ ਦੇ ਹੋ ਕੇ ਰਹਿ ਗਏ। ਗੁਰੂ ਅੰਗਦ ਦੇਵ ਜੀ ਲਈ ਅੰਮ੍ਰਿਤ ਵੇਲੇ ਜਲ ਦੀ ਗਾਗਰ ਲਿਆ ਕੇ ਇਸ਼ਨਾਨ ਕਰਵਾਉਣਾ ਤੇ ਲੰਗਰ ਦੀ ਸੇਵਾ ਆਪ ਦਾ ਨਿਤਨੇਮ ਬਣ ਗਿਆ। ਆਪ ਨੇ ਲਗਾਤਾਰ 11 ਸਾਲ ਗੁਰੂ ਘਰ ਦੀ ਸੇਵਾ ਨਿਭਾਈ।

ਇਕ ਜੁਲਾਹੀ ਦੇ ਅਮਰੂ ਨਿਥਾਵਾਂ ਕਹਿਣ ਤੇ ਆਪ ਨੂੰ ਗੁਰੂ ਅੰਗਦ ਦੇਵ ਜੀ ਨੇ ਬਾਰਾਂ ਵਰ ਦਿੱਤੇ - ਕਿਹਾ ਨਿਥਾਵਿਆਂ ਦਾ ਥਾਂਵ, ਨਿਮਾਣਿਆਂ ਦਾ ਮਾਣ, ਨਿਤਾਣਿਆ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਪੱਤਿਆਂ ਦੀ ਪੱਤ, ਨਿਗੱਤਿਆਂ ਦੀ ਗੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਗਈ ਬਹੋੜ ਬੰਦੀ ਛੋੜ, ਭੰਨਣ ਘੜਣ ਸਮਰੱਥ, ਜਗ ਜੀਵਕਾ ਸਭ ਹੱਥ ਕਹਿ ਆਪ ਦੀ ਵਡਿਆਈ ਕੀਤੀ ਤੇ 1552 'ਚ ਆਪ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਕੀਤੀ। ਉਸ ਸਮੇਂ ਆਪ ਦੀ ਉਮਰ 73 ਵਰ੍ਹੇ ਸੀ।

ਆਪ ਨੇ ਗੋਇੰਦਵਾਲ ਨਗਰ ਵਸਾ ਕੇ ਇਸ ਨੂੰ ਸਿੱਖੀ ਦਾ ਧੁਰਾ ਆਖਿਆ ਤੇ ਗੋਇੰਦਵਾਲ ਸਿੱਖੀ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਿਆ। ਆਪ ਨੇ ਸਿੱਖੀ ਦੇ ਪ੍ਰਚਾਰ ਲਈ 22 ਕੇਂਦਰ ਨਿਯੁਕਤ ਕੀਤੇ, ਜਿਨ੍ਹਾਂ ਨੂੰ 'ਮੰਜੀਆਂ' ਆਖਿਆ ਜਾਂਦਾ ਹੈ। ਅੱਗੇ ਸਭ ਕੇਂਦਰ ਬਣਾਏ, ਜਿਨ੍ਹਾਂ ਨੂੰ 'ਪੀੜ੍ਹੀਆਂ' ਦਾ ਨਾਂ ਦਿੱਤਾ ਗਿਆ। ਉੱਚੇ, ਸੁੱਚੇ ਕਿਰਦਾਰ ਵਾਲੇ ਸਿੱਖਾਂ ਨੂੰ ਸੇਵਾਦਾਰ ਥਾਪਿਆ ਗਿਆ। ਆਪ ਨੇ ਗ਼ਰੀਬ, ਮਜ਼ਲੂਮ ਤੇ ਦੱਬੇ ਕੁਚਲੇ ਲੋਕਾਂ ਨੂੰ ਮਾਣ ਬਖ਼ਸ਼ਿਆ ਤੇ ਸੀਨੇ ਨਾਲ ਲਾਇਆ। ਲੰਗਰ ਦੀ ਮਰਿਆਦਾ ਵੱਲ ਆਪ ਨੇ ਵਿਸ਼ੇਸ਼ ਧਿਆਨ ਦਿੱਤਾ। ਗੁਰੂ ਦਰਸ਼ਨਾਂ ਲਈ ਆਈਆਂ ਸੰਗਤਾਂ ਲਈ ਪਹਿਲਾਂ ਲੰਗਰ ਛਕਣਾ ਜ਼ਰੂਰੀ ਬਣਾਇਆ। ਅਕਬਰ ਬਾਦਸ਼ਾਹ ਨੇ ਵੀ ਪੰਗਤ 'ਚ ਬੈਠ ਕੇ ਲੰਗਰ ਛਕਿਆ ਸੀ।

ਗੁਰੂ ਸਾਹਬ ਨੇ ਊਚ-ਨੀਚ, ਜਾਤ-ਪਾਤ ਨੂੰ ਖ਼ਤਮ ਕੀਤਾ। ਉਸ ਸਮੇਂ ਔਰਤ ਦੀ ਬਹੁਤ ਦੁਰਦਸ਼ਾ ਹੋ ਰਹੀ ਸੀ। ਗੁਰੂ ਸਾਹਿਬ ਨੇ ਸਦੀਆਂ ਪੁਰਾਣੀ ਸਤੀ ਪ੍ਰਥਾ ਦਾ ਅੰਤ ਕੀਤਾ। ਜਿਸ ਵਿਚ ਪਤਨੀ ਨੂੰ ਪਤੀ ਦੀ ਮੌਤ 'ਤੇ ਚਿਤਾ 'ਚ ਜ਼ਿੰਦਾ ਸਾੜ ਦਿੱਤਾ ਜਾਂਦਾ ਸੀ। ਜਿਹੜੀਆਂ ਇਸਤਰੀਆਂ ਨਾਂਹ ਕਰਦੀਆਂ ਸਨ, ਉਨ੍ਹਾਂ ਨੂੰ ਚਿਤਾ 'ਚ ਸੜਨ ਲਈ ਮਜਬੂਰ ਕੀਤਾ ਜਾਂਦਾ ਸੀ। ਆਪ ਨੇ ਸਦੀਆਂ ਤੋਂ ਲਿਤਾੜੇ ਮਜ਼ਲੂਮਾਂ, ਅਨਪੜ੍ਹ ਤੇ ਗ਼ਰੀਬ ਲੋਕਾਂ ਨੂੰ ਵਹਿਮਾਂ-ਭਰਮਾਂ 'ਚੋਂ ਬਾਹਰ ਕੱਢਿਆ ਤੇ ਅਕਾਲ ਪੁਰਖ ਦੇ ਚਰਨਾਂ ਨਾਲ ਜੁੜਨ ਦਾ ਰਾਹ ਦੱਸਿਆ। ਆਪ ਨੇ ਮਨੁੱਖੀ ਸਮਾਨਤਾ ਨੂੰ ਪਹਿਲ ਦਿੱਤੀ, ਇਸਤਰੀ ਨੂੰ ਮਰਦ ਦੇ ਬਰਾਬਰ ਸਨਮਾਨ ਦਿੱਤਾ, ਪਰਦੇ ਜਾਂ ਘੁੰਡ ਕੱਢਣ ਦਾ ਰਿਵਾਜ ਹਟਾਇਆ, ਕੁੜੀਮਾਰਾਂ ਦਾ ਵਿਰੋਧ ਕੀਤਾ, ਵਿਧਵਾ ਵਿਆਹ ਨੂੰ ਇਜਾਜ਼ਤ ਦਿੱਤੀ, ਵਿਆਹ 'ਤੇ ਦਾਨ ਦਾ ਵਿਰੋਧ ਕੀਤਾ, ਨਸ਼ਿਆਂ ਦਾ ਵਿਰੋਧ ਕੀਤਾ, ਮ੍ਰਿਤਕ ਕੁਰੀਤੀਆਂ ਰੋਣ-ਪਿੱਟਣ ਤੋਂ ਵਰਜਿਆ, ਮਰਨ ਸਮੇਂ ਦੀਵਾ ਜਗਾਉਣ, ਪਿੰਡ ਪੱਤਲ, ਬਬਾਣ ਕੱਢਣਾ (ਮਰੇ ਨੂੰ ਸਜਾਉਣਾ ਤੇ ਮਖਾਣੇ-ਛੁਆਰੇ ਵੰਡਣ), ਘੜਾ ਭੰਨਣਾ, ਅਸਥੀਆਂ ਪ੍ਰਵਾਹ ਕਰਨ, ਭੂਤਾਂ ਪ੍ਰੇਤਾਂ ਤੇ ਕਿਰਿਆ ਕਰਨ ਵਰਗੇ ਵਹਿਮਾਂ-ਭਰਮਾਂ ਤੋਂ ਵਰਜਿਆ।

ਗੁਰੂ ਜੀ ਨੇ ਇਨ੍ਹਾਂ ਕੁਰੀਤੀਆਂ ਦੇ ਅੰਤ ਦੇ ਨਾਲ-ਨਾਲ ਮਨੁੱਖ ਦੇ ਅੰਤ ਵੇਲੇ ਸਿਰਫ਼ ਕੀਰਤਨ ਕਰਨ ਨੂੰ ਪਹਿਲ ਦਿੱਤੀ। ਪਰਮਾਤਮਾ ਨਾਲ ਮਿਲਾਪ ਦਾ ਰਾਹ ਬਾਣੀ ਪੜ੍ਹਨੀ, ਨਾਮ ਜਪਣਾ ਦੱਸਿਆ, ਦਸਾਂ ਨਹੁੰਆਂ ਦੀ ਕਿਰਤ ਕਰਨੀ ਦੱਸੀ, ਲੋੜਵੰਦਾਂ ਦੀ ਮਦਦ ਕਰਨਾ ਦੱਸਿਆ, ਜਿਸ ਨੂੰ ਸਾਰੀ ਸੰਗਤ ਨੇ ਪ੍ਰਵਾਨ ਕੀਤਾ। ਭਾਈ ਗੁਰਦਾਸ ਜੀ ਆਪ ਜੀ ਦੇ ਭਤੀਜੇ ਸਨ ਅਤੇ ਭਾਈ ਈਸ਼ਰਦਾਸ ਜੀ ਦੇ ਬੇਟੇ ਸਨ। ਭਾਈ ਗੁਰਦਾਸ ਜੀ ਵਾਰ ਪਹਿਲੀ ਵਿਚ ਲਿਖਦੇ ਹਨ :

*ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ॥*

*ਗੁਰੁ ਬੈਠਾ ਅਮਰ ਸਰੂਪ ਹੋਇ ਗੁਰਮੁਖਿ ਪਾਈ ਦਾਤ ਇਲਾਹੀ॥*

*ਫੇਰਿ ਵਸਾਇਆ ਗੋਇੰਦਵਾਲ, ਅਚਰਜੁ ਖੇਲੁ ਨ ਲਖਿਆ ਜਾਇ॥*

*ਦਾਤਿ ਜੋਤਿ ਖਸਮੈ ਵਡਿਆਈ॥*

ਭਾਈ ਗੁਰਦਾਸ ਜੀ ਇਸ ਸ਼ਬਦ ਵਿਚ ਦੱਸਦੇ ਹਨ ਕਿ ਗੋਇੰਦਵਾਲ ਵਿਖੇ ਅਚਰਜ ਖੇਲ ਹੋ ਰਿਹਾ ਹੈ, ਜੋ ਬਿਆਨ ਨਹੀ ਕੀਤਾ ਜਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰੀ ਰਾਗ, ਮਾਝ, ਗਉੜੀ, ਆਸਾ, ਗੁਜਰੀ, ਵਡਹੰਸ, ਸੋਰਿਠ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ 17 ਰਾਗਾਂ ਵਿਚ ਆਪ ਜੀ ਦੇ 907 ਸ਼ਬਦ ਹਨ। ਮਹਾਨ ਕੋਸ਼ ਵਿਚ ਆਪ ਦੇ ਸ਼ਬਦਾਂ ਦੀ ਗਿਣਤੀ 869 ਲਿਖੀ ਗਈ ਹੈ। 'ਅਨੰਦ ਸਾਹਿਬ' ਆਪ ਜੀ ਦੀ ਮਹਾਨ ਰਚਨਾ ਹੈ। ਇਸ ਬਾਣੀ ਦਾ ਹਰ ਅਵਸਰ ਜਾਂ ਸਮਾਗਮ 'ਤੇ ਪਾਠ ਹੁੰਦਾ ਹੈ। 40 ਪਉੜੀਆਂ ਦੀ ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪੋਤਰੇ ਅਨੰਦ ਦੇ ਜਨਮ ਸਮੇਂ 1554 ਵਿਚ ਉਚਾਰਣ ਕੀਤੀ ਸੀ। ਆਪ ਨੇ 'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ' ਦੀ ਚਿਤਾਵਨੀ ਦੇ ਕੇ ਸੰਗਤ ਨੂੰ ਸੱਚੀ ਬਾਣੀ ਨਾਲ ਜੋੜਿਆ। ਗੋਇੰਦਵਾਲ ਸਾਹਿਬ ਵਿਖੇ 84 ਪਉੜੀਆਂ ਵਾਲੀ ਬਾਉਲੀ ਆਪ ਦੀ ਉੱਤਮ ਦੇਣ ਹੈ।

ਜ਼ਿਆਦਾ ਸਮਾਂ ਆਪ ਮਾਝੇ ਵਿਚ ਹੀ ਰਹੇ। ਆਪ ਨੇ ਗੁਮਟਾਲਾ, ਤੁੰਗ, ਸੁਲਤਾਨਵਿੰਡ ਅਤੇ ਗਿਲਵਾਲੀ ਆਦਿ ਪਿੰਡਾਂ ਲਾਗੇ 1570 ਨੂੰ ਅੰਮ੍ਰਿਤਸਰ ਵਸਾਉਣ ਲਈ ਮੋਹੜੇ ਗਡਵਾਏ ਤੇ ਉਸ ਅਸਥਾਨ ਦਾ ਨਾਂ ਚੱਕ-ਗੁਰੂ ਰੱਖਿਆ, ਜਿਸ ਦਾ ਕੰਮ ਗੁਰੂ ਰਾਮਦਾਸ ਜੀ ਨੇ ਆਪਣੀ ਨਿਗਰਾਨੀ ਹੇਠ ਕਰਵਾਇਆ। ਮਹਾਨ ਕੋਸ਼ ਅਨੁਸਾਰ ਆਪ 95 ਵਰ੍ਹੇ 3 ਮਹੀਨੇ 27 ਦਿਨ ਦੀ ਆਯੂ 'ਚੋਂ 22 ਸਾਲ 5 ਮਹੀਨੇ ਗੁਰਗੱਦੀ 'ਤੇ ਬਿਰਾਜਮਾਨ ਰਹੇ। ਆਪ 1 ਸਤੰਬਰ 1574 ਨੂੰ ਗੁਰਗੱਦੀ ਗੁਰੂ ਰਾਮਦਾਸ ਜੀ ਨੂੰ ਸੌਂਪ ਕੇ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। •




17 ਮਈ, ਪ੍ਰਕਾਸ਼ ਪੁਰਬ 'ਤੇ

---

# ਸਿੱਖ ਇਤਿਹਾਸ ਦਾ ਅਹਿਮ ਸਾਕਾ ਛੋਟਾ ਘੱਲੂਘਾਰਾ

ਜਗਜੀਤ ਸਿੰਘ ਗਣੇਸ਼ਪੁਰ

ਸਿੱਖ ਇਤਿਹਾਸ ਦਾ ਸ਼ਾਇਦ ਹੀ ਕੋਈ ਪੰਨਾ ਅਜਿਹਾ ਹੋਵੇ ਜੋ ਸ਼ਹਾਦਤਾਂ ਦੀ ਸ਼ਾਹਦੀ ਨਾ ਭਰਦਾ ਹੋਵੇ। ਖ਼ਾਲਸਾ ਪੰਥ ਦੀ ਸਿਰਜਣਾ ਪਿੱਛੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਹੀ ਜ਼ਬਰ ਤੇ ਜ਼ੁਲਮ ਨੂੰ ਜੜ੍ਹੋਂ ਪੁੱਟ ਕੇ ਹਲੇਮੀ ਰਾਜ ਦੀ ਸਥਾਪਨਾ ਕਰਨਾ ਸੀ। ਇਸ ਪ੍ਰਣ ਨੂੰ ਮਰਜੀਵੜੇ ਸਿੱਖਾਂ ਨੇ ਸ਼ਹਾਦਤਾਂ ਦੇ ਕੇ ਤੋੜ ਨਿਭਾਇਆ। ਜਾਬਰ ਹਾਕਮਾਂ ਵੱਲੋਂ ਸਿੱਖ ਕੌਮ ਦਾ ਖੁਰਾ-ਖੋਜ ਮਿਟਾਉਣ ਦੇ ਕੋਝੇ ਯਤਨ ਵੀ ਕੀਤੇ ਗਏ। ਇਨ੍ਹਾਂ ਘਟਨਾਵਾਂ ਨੂੰ ਸਿੱਖ ਇਤਿਹਾਸ ਵਿਚ 'ਘੱਲੂਘਾਰਾ' ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਘਟਨਾਵਾਂ 'ਚ ਗਿਣਤੀ ਪੱਖੋਂ ਹੋਏ ਕੌਮ ਦੇ ਜਾਨੀ ਨੁਕਸਾਨ ਨੂੰ ਮੁੱਖ ਰੱਖਦਿਆਂ ਛੋਟੇ ਤੇ ਵੱਡੇ ਘੱਲੂਘਾਰੇ ਦਾ ਨਾਂ ਦਿੱਤਾ ਗਿਆ ਹੈ। ਛੋਟਾ ਘੱਲੂਘਾਰਾ 1746 'ਚ ਗੁਰਦਾਸਪੁਰ ਦੇ ਛੰਭ ਕਾਹਨੂੰਵਾਨ ਵਿਖੇ ਵਾਪਰਿਆ। ਇਹ ਘੱਲੂਘਾਰਾ ਮਾਰਚ ਮਹੀਨੇ ਤੋਂ ਸ਼ੁਰੂ ਹੋ ਕੇ ਮਈ ਮਹੀਨੇ ਤਕ ਚੱਲਦਾ ਰਿਹਾ।

1745 ਈਸਵੀ 'ਚ ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਯਹੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ। ਯਹੀਆ ਖ਼ਾਨ ਬੇਰਹਿਮ ਸ਼ਾਸਕ ਸੀ ਤੇ ਸਿੱਖ ਕੌਮ ਦਾ ਨਾਮੋ-ਨਿਸ਼ਾਨ ਮਿਟਾਉਣਾ ਚਾਹੁੰਦਾ ਸੀ। ਇਸ ਲਈ ਉਸ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਲਾਨੌਰ ਦੇ ਦੋ ਭਰਾਵਾਂ ਲੱਖਪਤ ਰਾਏ ਤੇ ਜੱਸਪਤ ਰਾਏ ਨੂੰ ਕ੍ਰਮਵਾਰ ਲਾਹੌਰ ਦਾ ਦੀਵਾਨ ਤੇ ਐਮਨਾਬਾਦ ਦਾ ਫ਼ੌਜਦਾਰ ਨਿਯੁਕਤ ਕੀਤਾ। ਇਸ ਦੌਰਾਨ ਐਮਨਾਬਾਦ ਦੇ ਨਜ਼ਦੀਕ ਗੁਰਦੁਆਰਾ ਰੋੜੀ ਸਾਹਿਬ ਵਿਖੇ ਇਕ ਸਿੱਖ ਜਥੇ ਦੀ ਆਮਦ ਦੀ ਖ਼ਬਰ ਦੀਵਾਨ ਲੱਖਪਤ ਰਾਏ ਕੋਲ ਪੁੱਜੀ ਤਾਂ ਉਸ ਨੇ ਆਪਣੇ ਭਰਾ ਨੂੰ ਫ਼ੌਜ ਲੈ ਕੇ ਸਿੱਖ ਜਥੇ ਨੂੰ ਵਾਪਸ ਭੇਜਣ ਲਈ ਰਵਾਨਾ ਕੀਤਾ। ਸਿੱਖ ਜੱਸਪਤ ਰਾਏ ਦੇ ਨਾਲ ਲੜਨਾ ਨਹੀ ਸਨ ਚਾਹੁੰਦੇ ਪਰ ਜੱਸਪਤ ਰਾਏ ਨੇ ਹੰਕਾਰ ਵਿਚ ਜਥੇ ਉੱਤੇ ਹਮਲਾ ਕਰ ਦਿੱਤਾ। ਜੱਸਪਤ ਰਾਏ ਹਾਥੀ 'ਤੇ ਸਵਾਰ ਹੋ ਕੇ ਫ਼ੌਜ ਦੀ ਕਮਾਨ ਸੰਭਾਲ ਰਿਹਾ ਸੀ। ਇਸ ਦੌਰਾਨ ਭਾਈ ਨਿਬਾਹੂ ਸਿੰਘ ਨਾਂ ਦਾ ਸਿੱਖ ਫ਼ੁਰਤੀ ਨਾਲ ਹਾਥੀ ਦੀ ਪੂਛ ਫੜ ਕੇ ਉੱਪਰ ਜਾ ਚੜ੍ਹਿਆ ਤੇ ਕਿਰਪਾਨ ਦੇ ਇਕੋ ਵਾਰ ਨਾਲ ਜੱਸਪਤ ਰਾਏ ਦਾ ਸਿਰ ਕਲਮ ਕਰ ਦਿੱਤਾ। ਸ਼ਾਹੀ ਫ਼ੌਜ ਮੈਦਾਨ ਛੱਡ ਕੇ ਨੱਸ ਗਈ। ਸ. ਰਤਨ ਸਿੰਘ ਭੰਗੂ ਨੇ 'ਪੰਥ ਪ੍ਰਕਾਸ਼' ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

ਵਹਿ ਲੂਟਨ ਚੜਿਓ ਖ਼ਾਲਸੇ ਸੋ ਲੀਓ ਖ਼ਾਲਸੇ ਲੂਟ।

ਨਿਬਾਹੂ ਸਿੰਘ ਗਜ ਪੈ ਚੜਯੋ ਮਾਰ ਤੇਗ਼ ਦਿਓ ਸੁਟ।

ਆਪਣੇ ਭਰਾ ਦੀ ਮੌਤ ਦੀ ਖ਼ਬਰ ਜਦ ਲੱਖਪਤ ਰਾਏ ਕੋਲ ਪੁੱਜੀ ਤਾਂ ਉਸ ਨੇ ਯਹੀਆ ਖ਼ਾਨ ਦੀ ਕਚਹਿਰੀ 'ਚ ਆਪਣੀ ਪੱਗ ਉਤਾਰ ਕੇ ਕਸਮ ਖਾਧੀ ਕਿ ਜਿੰਨਾ ਚਿਰ ਉਹ ਸਿੱਖਾਂ ਦਾ ਖੁਰਾ-ਖੋਜ ਨਹੀਂ ਮਿਟਾ ਦੇਵੇਗਾ, ਸਿਰ 'ਤੇ ਪੱਗ ਨਹੀਂ ਰੱਖੇਗਾ। ਉਸ ਨੇ ਲਾਹੌਰ ਤੇ ਆਸ-ਪਾਸ ਵੱਸਦੇ ਸਿੱਖ ਨੂੰ ਕਤਲ ਕਰਵਾਉਣਾ ਸ਼ੁਰੂ ਕਰ ਦਿੱਤਾ। ਇਹ ਐਲਾਨ ਵੀ ਕਰਵਾ ਦਿੱਤਾ ਗਿਆ ਕਿ ਕੋਈ ਵੀ ਸਿੱਖ ਗੁਰਬਾਣੀ ਨਹੀ ਪੜ੍ਹੇਗਾ। ਲੱਖਪਤ ਰਾਏ ਦੇ ਇਨ੍ਹਾਂ ਘਿਨਾਉਣੇ ਕੰਮਾਂ ਨੂੰ ਰੁਕਵਾਉਣ ਲਈ ਲਾਹੌਰ ਦੇ ਮੁਹਤਬਰ ਦੀਵਾਨ ਕੌੜਾ ਮੱਲ ਦੀ ਅਗਵਾਈ 'ਚ ਉਸ ਨੂੰ ਮਿਲੇ ਪਰ ਉਹ ਹੰਕਾਰੀ ਨਾ ਮੰਨਿਆ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪਾਂ ਦੀ ਵੀ ਬੇਅਦਬੀ ਕੀਤੀ। ਲਾਹੌਰ ਤੋਂ ਬਾਅਦ ਉਸ ਨੇ ਅੰਮ੍ਰਿਤਸਰ ਵੱਲ ਰੁਖ਼ ਕੀਤਾ।

ਸਿੱਖਾਂ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਘਰ-ਘਾਟ ਛੱਡ ਕੇ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆਂ ਕਸਬੇ ਨੇੜਲੇ ਕਾਹਨੂੰਵਾਨ ਛੰਭ 'ਚ ਜਾ ਟਿਕਾਣਾ ਕੀਤਾ। ਇਸ ਛੰਭ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਗੁਰਦਿਆਲ ਸਿੰਘ ਡੱਲੇਵਾਲੀਆ, ਸ. ਹਰੀ ਸਿੰਘ ਭੰਗੀ, ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਤੇ ਸ. ਨੌਧ ਸਿੰਘ ਆਦਿ ਦੇ ਜਥੇ ਹਾਜ਼ਰ ਸਨ। ਇਤਿਹਾਸਕਾਰਾਂ ਨੇ ਛੰਭ ਵਿਚ ਸਿੱਖਾਂ ਦੀ ਗਿਣਤੀ 15 ਤੋਂ 40 ਹਜ਼ਾਰ ਤਕ ਲਿਖੀ ਹੈ। ਕਾਹਨੂੰਵਾਨ ਛੰਭ ਦਾ ਖੇਤਰ 20-25 ਮੀਲ ਲੰਬਾ ਤੇ 5-6 ਮੀਲ ਚੌੜਾ ਸੀ।

ਜਦੋਂ ਲੱਖਪਤ ਰਾਏ ਨੂੰ ਖ਼ਬਰ ਮਿਲੀ ਕਿ ਹਜ਼ਾਰਾਂ ਸਿੱਖ ਕਾਹਨੂੰਵਾਨ ਛੰਭ 'ਚ ਹਨ ਤਾਂ ਉਸ ਨੇ ਫ਼ੌਜ ਸਮੇਤ ਛੰਭ ਨੂੰ ਘੇਰ ਲਿਆ। ਸ਼ਾਹੀ ਫ਼ੌਜ ਨੇ ਅਸਲੇ-ਬਾਰੂਦ ਨਾਲ ਸਿੱਖਾਂ 'ਤੇ ਹੱਲਾ ਬੋਲ ਦਿੱਤਾ। ਛੰਭ ਦੇ ਭੇਤੀ ਹੋਣ ਕਾਰਨ ਸਿੱਖਾਂ 'ਤੇ ਇਸ ਹੱਲੇ ਦਾ ਖ਼ਾਸ ਅਸਰ ਨਹੀਂ ਹੋਇਆ। ਲੱਖਪਤ ਰਾਏ ਨੇ ਜੰਗਲ ਨੂੰ ਅੱਗ ਲਗਵਾ ਦਿੱਤੀ।

ਰਾਤ ਦੇ ਹਨੇਰੇ 'ਚ ਸਿੱਖ ਦੁਸ਼ਮਣ ਕੋਲੋਂ ਰਸਦ-ਪਾਣੀ ਤੇ ਹਥਿਆਰ ਖੋਹ ਲਿਆਉਂਦੇ, ਜਿਸ ਨਾਲ ਇਹ ਲੜਾਈ ਕਈ ਮਹੀਨਿਆਂ ਤਕ ਚਲਦੀ ਰਹੀ ਪਰ ਸੀਮਤ ਰਸਦ-ਪਾਣੀ, ਘੱਟ ਮਾਤਰਾ ਵਿਚ ਗੋਲੀ-ਸਿੱਕਾ, ਲੰਬੇ ਸਮੇਂ ਦੀ ਥਕਾਵਟ ਤੇ ਉੱਪਰੋਂ ਠਾਠਾਂ ਮਾਰਦੀ ਸ਼ਾਹੀ ਫ਼ੌਜ ਸਿੱਖਾਂ ਲਈ ਛੰਭ ਵਿਚ ਡਟੇ ਰਹਿਣ ਪੱਖੋਂ ਮੁਸ਼ਕਲ ਸੀ। ਸਿੱਖ ਆਗੂਆਂ ਨੇ ਛੰਭ 'ਚੋਂ ਬਾਹਰ ਨਿਕਲਣ ਦਾ ਫ਼ੈਸਲਾ ਲਿਆ ਲੇਕਿਨ ਇਥੇ ਸਹੀ ਸਲਾਮਤ ਬਾਹਰ ਨਿਕਲਣਾ ਸੌਖਾ ਕੰਮ ਨਹੀਂ ਸੀ ਕਿਉਂਕਿ ਸਾਹਮਣੇ ਸਿੱਧਾ ਪਹਾੜ, ਸੱਜੇ ਪਾਸੇ ਰਾਵੀ ਦਰਿਆ ਤੇ ਪਿੱਛੇ ਸ਼ਾਹੀ ਫ਼ੌਜਾਂ ਸਨ।

ਰਾਵੀ ਦਰਿਆ ਦਾ ਪਾਣੀ ਪੂਰੇ ਜੋਬਨ 'ਤੇ ਠਾਠਾਂ ਮਾਰ ਰਿਹਾ ਸੀ, ਜਿਸ ਦੀ ਥਾਹ ਲੈਣ ਲਈ ਸ. ਗੁਰਦਿਆਲ ਸਿੰਘ ਦੇ ਭਰਾਵਾਂ ਨੇ ਆਪਣੇ ਘੋੜੇ ਦਰਿਆ 'ਚ ਠੇਲ੍ਹ ਦਿੱਤੇ ਪਰ ਵਹਾਅ ਤੇਜ਼ ਹੋਣ ਕਾਰਨ ਘੋੜਸਵਾਰ ਪਾਣੀ 'ਚ ਰੁੜ੍ਹ ਗਏ। ਸਿੱਖਾਂ ਨੇ ਪਹਾੜ ਵਾਲੇ ਪਾਸੇ ਅੱਗੇ ਵਧਣਾ ਸ਼ੁਰੂ ਕੀਤਾ। ਇਸ ਸਮੇਂ ਹਜ਼ਾਰਾਂ ਸਿੱਖ ਸ਼ਹੀਦ ਹੋ ਗਏ। ਅਗਾਂਹ ਯਹੀਆ ਖ਼ਾਨ ਦੇ ਹੁਕਮ ਨਾਲ ਪਹਾੜੀ ਬਸ਼ਿੰਦਿਆਂ ਨੇ ਵੀ ਸਿੱਖਾਂ 'ਤੇ ਗੋਲੀਆਂ, ਪੱਥਰਾਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਕੁਝ ਜਥੇ ਔਕੜਾਂ ਸਹਾਰਦੇ ਹੋਏ ਕੀਰਤਪੁਰ ਸਾਹਿਬ ਜਾ ਪੁੱਜੇ।



17 ਮਈ, ਘੱਲੂਘਾਰਾ ਦਿਵਸ 'ਤੇ

ਬਾਕੀ ਬਚੇ ਸਿੱਖਾਂ ਨੇ ਆਹਮੋ-ਸਾਹਮਣੇ ਹੋ ਕੇ ਲੜਨ ਦਾ ਫ਼ੈਸਲਾ ਲਿਆ। ਸਿੰਘਾਂ ਨੇ ਭੁੱਖੇ ਪਿਆਸੇ, ਨਾਮਾਤਰ ਹਥਿਆਰਾਂ ਨਾਲ ਦੁਸ਼ਮਣ ਫ਼ੌਜ ਨਾਲ ਗਹਿਗੱਚ ਲੜਾਈ ਕੀਤੀ। ਇਸ ਜੰਗ ਵਿਚ ਲੱਖਪਤ ਰਾਏ ਦਾ ਪੁੱਤਰ ਹਰਭਜ ਰਾਏ, ਯਾਹੀਆ ਖ਼ਾਨ ਦਾ ਪੁੱਤਰ ਨਾਹਰ ਖ਼ਾਨ, ਫ਼ੌਜਦਾਰ ਕਰਮ ਬਖ਼ਸ਼ ਤੇ ਕਈ ਫ਼ੌਜਦਾਰ ਮਾਰੇ ਗਏ।

ਹੁਣ ਸਿੱਖ ਦਰਿਆ ਬਿਆਸ ਵੱਲ ਨੂੰ ਨਿਕਲ ਪਏ ਪ੍ਰੰਤੂ ਜੇਠ ਦੀ ਕੜਕਦੀ ਧੁੱਪ ਤੇ ਰੇਤਲਾ ਪੈਂਡਾ ਰਾਹ ਰੋਕ ਰਿਹਾ ਸੀ। ਸਿੱਖ ਦ੍ਰਿੜ੍ਹ ਨਿਸ਼ਚੇ ਨਾਲ ਅੱਗੇ ਵਧਦੇ ਗਏ। ਸ੍ਰੀ ਹਰਗੋਬਿੰਦਪੁਰ ਦੇ ਪੱਤਣ ਤੋਂ ਬਿਆਸ ਦਰਿਆ ਪਾਰ ਕਰਦਿਆਂ ਸਿੰਘਾਂ ਦੀ ਟੱਕਰ ਅਦੀਨਾ ਬੇਗ ਨਾਲ ਹੋਈ। ਸਿੱਖਾਂ ਨੂੰ ਇਤਲਾਹ ਮਿਲੀ ਕਿ ਲੱਖਪਤ ਰਾਏ ਵੀ ਪਿੱਛਾ ਕਰਦਾ ਆ ਰਿਹਾ ਹੈ। ਸਿੱਖ ਅਦੀਨਾ ਬੇਗ ਦੀ ਫ਼ੌਜ ਨਾਲ ਲੋਹਾ ਲੈਂਦੇ ਸਤਲੁਜ ਪਾਰ ਕਰ ਕੇ ਮਾਲਵੇ 'ਚ ਦਾਖ਼ਲ ਹੋ ਗਏ ਤੇ ਵੱਖ-ਵੱਖ ਪਿੰਡਾਂ ਵੱਲ ਨਿਕਲ ਗਏ।

ਇਸ ਜੰਗ 'ਚ 7,000 ਸਿੱਖ ਸ਼ਹੀਦੀ ਪ੍ਰਾਪਤ ਕਰ ਗਏ, 3,000 ਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਦੇ ਨਖ਼ਾਸ ਚੌਂਕ 'ਚ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ। ਲੱਖਪਤ ਰਾਏ ਹਜ਼ਾਰਾਂ ਦੀ ਗਿਣਤੀ 'ਚ ਆਪਣੀ ਫ਼ੌਜ ਨੂੰ ਮਰਵਾ ਕੇ ਲਾਹੌਰ ਪਰਤ ਗਿਆ। ਇੰਨਾ ਵੱਡਾ ਜਾਨੀ ਤੇ ਮਾਲੀ ਨੁਕਸਾਨ ਵੀ ਸਿੱਖ ਕੌਮ ਦੇ ਜਜ਼ਬੇ ਤੇ ਉਤਸ਼ਾਹ ਨੂੰ ਨਹੀ ਠੱਲ੍ਹ ਸਕਿਆ। •

94655-76022

## ਕੁਝ ਕਹਿੰਦੀ ਐ ਤਸਵੀਰ...

• ਡਾ. ਐੱਸ. ਕੇ. ਜਿੰਦਲ ਪਟਿਆਲਾ




ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ **ਕੌਮੀ ਪੱਤ੍ਰਿਕਾ** ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।

**ਵਿਅੰਗ**

'ਮਾੜੀ ਕਿਸਮਤ ਨੂੰ ਸਾਡਾ ਉਮੀਦਵਾਰ ਹਾਰ ਗਿਆ। ਸਾਡੇ ਵਲੋਂ ਲਾਏ ਜ਼ੋਰ ਨੂੰ ਵੀ ਲੋਕਾਂ ਨੇ ਨਕਾਰ ਦਿੱਤਾ। ਹਾਰ ਤੋਂ ਬਾਅਦ ਏਸ ਪਾਰਟੀ ਵਿਚ ਵੀ ਕਾਫੀ ਉਪਰ-ਥੱਲੇ ਹੋਈ ਤੇ ਪਾਰਟੀ ਪ੍ਰਧਾਨ ਵੀ ਬਦਲ ਦਿੱਤਾ ਗਿਆ।' ...

# ਜਦੋਂ ਅਸੀਂ ਮਾਂ ਪਾਰਟੀ ਦੀ ਗੋਦ 'ਚ ਦੁਬਾਰਾ ਆਏ

• ਜਸਵਿੰਦਰ ਛਿੰਦਾ ਦੇਹੜਕੇ
9872193320

ਅਸੀਂ ਆਪਣੀ ਮਾਂ ਪਾਰਟੀ ਨਾਲ ਸ਼ੁਰੂ ਤੋਂ ਹੀ ਜੁੜੇ ਹੋਏ ਸਾਂ, ਬਲਕਿ ਪਿਉ ਦਾਦੇ ਦੇ ਜ਼ਮਾਨੇ ਤੋਂ ਹੀ ਅਤੇ ਪਾਰਟੀ ਅੰਦਰ ਰਹਿ ਕੇ ਅਸੀਂ ਪੰਚੀ ਤੋਂ ਸਰਪੰਚੀ, ਜ਼ਿਲ੍ਹਾ ਪ੍ਰੀਸ਼ਦ, ਮਾਰਕੀਟ ਕਮੇਟੀ ਦੀ ਚੇਅਰਮੈਨੀ ਦੇ ਨਜ਼ਾਰੇ ਲੈਂਦੇ ਐੱਮ. ਐੱਲ. ਏ. ਚੋਣਾਂ ਜਿੱਤ ਕੇ ਰਾਜਸੀ ਸੱਤਾ ਦਾ ਖ਼ੂਬ ਅਨੰਦ ਮਾਣਿਆ। ਆਪਣੀਆਂ ਮਨਮਾਨੀਆਂ ਵੀ ਰੱਜ ਕੇ ਕੀਤੀਆਂ ਪਰ ਪਾਰਟੀ ਪ੍ਰਧਾਨ ਵੱਲੋਂ ਮੇਰੀਆਂ ਸੇਵਾਵਾਂ ਦੀ ਅਣਦੇਖੀ ਕਰ ਕੇ ਅਗਲੀ ਵਾਰ ਦੀ ਵਿਧਾਨ ਸਭਾ ਟਿਕਟ ਸਾਡੇ ਜੂਨੀਅਰ ਨੂੰ ਦੇ ਕੇ ਸਾਡੇ ਕਲੇਜੇ ਛੁਰੀ ਫੇਰ ਦਿੱਤੀ। ਭਾਵੇਂ ਸਾਡੇ 'ਤੇ ਇਹ ਇਲਜ਼ਾਮ ਵੀ ਲੱਗੇ ਕਿ ਸਾਡੇ ਕਾਰਜ ਕਾਲ ਦੌਰਾਨ ਪਾਰਟੀ ਨੂੰ ਵੱਡਾ ਖੋਰਾ ਲੱਗਿਆ ਤੇ ਸਾਡੇ ਕਾਰੋਬਾਰ ਵਿਚ ਵਿਤੋਂ ਵੱਧ ਵਾਧਾ ਹੋਇਆ। ਇਹ ਸਭ ਕੌਣ ਨੀ ਕਰਦਾ ਅਤੇ ਇਹ ਕੀ ਗਰੰਟੀ ਸੀ ਕਿ ਸਾਡਾ ਜੂਨੀਅਰ, ਜਿੱਤਣ ਤੋਂ ਬਾਅਦ ਇਹ ਵਰਤਾਰਾ ਦੁਹਰਾਏਗਾ ਨਹੀਂ।

ਉਸ ਦਾ ਐੱਮ. ਐੱਲ. ਏ. ਬਣਨਾ ਸਾਡੇ ਲਈ ਗਵਾਰਾ ਨਹੀਂ ਸੀ ਕਿ ਉਹ ਜਿੱਤ ਕੇ ਸਾਡੇ ਵਾਲੀ ਸੀਟ 'ਤੇ ਬੈਠੇ। ਭਲਾ ਜਿਸ 'ਤੇ ਅਸੀਂ ਹਮੇਸ਼ਾ ਹੁਕਮ ਚਾੜ੍ਹਿਆ ਹੋਵੇ, ਜਿਸ ਨੂੰ ਅਸੀਂ ਕਦੇ ਖੰਘਣ ਵੀ ਨਾ ਦਿੱਤਾ ਹੋਵੇ ਤੇ ਹਮੇਸ਼ਾ ਜੁੱਤੀ ਦੀ ਨੋਕ 'ਤੇ ਰੱਖਿਆ ਹੋਵੇ, ਉਹ ਸਾਡੇ ਸਿਰ ਚੜ੍ਹ ਕੇ ਬੈਠੇ। ਇਹ ਕਿਸੇ ਵੀ ਰਾਜਨੀਤਕ ਆਗੂ ਦੀ ਬਰਦਾਸ਼ਤ ਸੀਮਾ ਤੋਂ ਬਾਹਰ ਦੀ ਗੱਲ ਹੈ। ਪਰ ਪਾਰਟੀ ਪ੍ਰਧਾਨ ਦੀ ਘੁਰਕੀ ਕਾਰਨ ਸਾਨੂੰ ਉਸ ਦੇ ਚੋਣ ਪ੍ਰਚਾਰ ਵਿਚ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਦਿਖਾਵੇ ਮਾਤਰ ਚੋਣ ਪ੍ਰਚਾਰ ਕਰਨਾ ਪਿਆ। ਘਰ ਆ ਕੇ ਤੇ ਸਵੇਰੇ ਜਾਣ ਤੋਂ ਪਹਿਲਾਂ ਸਾਡੇ ਧੁਰ ਅੰਦਰੋਂ ਬਸ ਇਹੀ ਬਦ-ਦੁਆ ਨਿਕਲਦੀ ਸੀ ਕੇ ਉਹ ਜਿੱਤਣਾ ਨਹੀਂ ਚਾਹੀਦਾ। ਖੁੱਲ੍ਹੇਆਮ ਉਸ ਦਾ ਵਿਰੋਧ ਵੀ ਨਹੀਂ ਸੀ ਕਰ ਸਕਦੇ ਪਰ ਫਿਰ ਵੀ ਆਪਣੇ ਖਾਸਮ-ਖ਼ਾਸ ਚਹੇਤਿਆਂ ਨਾਲ ਅੰਦਰੋਂ-ਅੰਦਰੀ ਦਿਲ ਦੇ ਭਾਵ ਵਿਅਕਤ ਕਰ ਹੀ ਲੈਂਦੇ।

ਮਾੜੀ ਕਿਸਮਤ ਸਾਡੀ ਜਾਂ ਇਉਂ ਕਹਿ ਲਉ 'ਹਰ ਇਕ ਦੇ ਦਿਨ ਆਉਂਦੇ ਆਂ' ਅਨੁਸਾਰ ਆਖਰ ਉਹ ਐੱਮ. ਐੱਲ. ਏ. ਬਣ ਹੀ ਗਿਆ। ਸਾਡੇ ਵੱਲੋਂ ਉਸ ਪ੍ਰਤੀ ਅੰਦਰਖਾਤੇ ਕੀਤਾ ਵਿਰੋਧ ਭਾਵੇਂ ਸਾਡੇ ਖਾਸਮ-ਖ਼ਾਸ ਲੋਕਾਂ ਤਕ ਹੀ ਸੀਮਤ ਸੀ, ਪਰ ਉਸ ਨੂੰ ਇਸ ਦਾ ਪਤਾ ਲੱਗਣ ਲੱਗ ਗਿਆ ਜਾਂ ਫਿਰ ਸਾਡਾ ਹੀ ਕੋਈ ਚਹੇਤਾ ਉਸ ਦਾ ਚਹੇਤਾ ਬਣਨ ਦੇ ਚੱਕਰ ਵਿਚ ਚਮਚਾਗਿਰੀ ਕਰਦਿਆਂ ਆਪਣੇ 'ਤੇ ਵਫ਼ਾਦਾਰੀ ਠੱਪਾ ਲਵਾਉਣ ਲਈ ਦਿਲ ਦੇ ਭੇਦ ਸਾਂਝੇ ਕਰ ਬੈਠਾ ਹੋਏ। ਪਰ ਜੋ ਵੀ ਹੋਇਆ ਮਾੜਾ ਹੀ ਹੋਇਆ ਤੇ ਉਹ ਸਾਡੇ ਤੋਂ ਕੰਨੀ ਕਤਰਾਉਣ ਲੱਗਾ। ਹਰ ਕੰਮ ਵਿਚ ਹੁਣ ਉਸ ਦੀ ਹੀ ਤੂਤੀ ਬੋਲਦੀ ਸੀ। ਜਿਹੜੀ ਰੌਣਕ ਕਦੇ ਸਾਡੇ ਵਿਹੜੇ ਹੁੰਦੀ ਸੀ, ਹੁਣ ਉਹੀ ਰੌਣਕ ਉਸ ਦੇ ਘਰ ਹੁੰਦੀ ਤੇ ਸਾਡਾ ਵਿਹੜਾ ਭਾਂਅ-ਭਾਂਅ ਕਰਦਾ ਰਹਿੰਦਾ।

ਕਿਸ ਨੂੰ ਪ੍ਰਧਾਨ ਬਣਾਉਣਾ, ਚੇਅਰਮੈਨ ਲਾਉਣਾ ਉਸ ਦੀ ਹੀ ਚੱਲਦੀ ਸੀ। ਸਾਡੀ ਤਾਂ ਕੋਈ ਬਾਤ ਈ ਨਾ ਪੁੱਛਦਾ। ਜੇ ਕਦੇ ਉਸ ਦੀ ਕੋਠੀ ਚਲੇ ਵੀ ਜਾਂਦੇ ਤਾਂ 'ਬੇਆਬਰੂ ਹੋ ਕਰ ਨਿਕਲੇ ਤੇਰੇ ਕੂਚੇ ਸੇ' ਵਾਲੀ ਹਾਲਤ ਹੁੰਦੀ। ਪਾਰਟੀ ਵਰਕਰ ਕਿਨਾਰਾ ਜਿਹਾ ਕਰ ਜਾਂਦੇ। ਜਿਸ ਕਰਕੇ ਸਾਡਾ ਮਾਂ ਪਾਰਟੀ ਵਿਚ ਦਮ ਘੁੱਟਣ ਲੱਗਾ। ਪਰ ਵਾਰੇ ਜਾਈਏ ਇਸ ਦੇਸ਼ ਦੇ ਜਿੱਥੇ ਕੋਈ ਨਾ ਕੋਈ ਚੋਣ ਆਈ ਹੀ ਰਹਿੰਦੀ ਹੈ ਤੇ ਇਹ ਚੋਣਾਂ ਤਾਂ ਇਕ ਗਏ-ਗੁਜ਼ਰੇ ਲੀਡਰ, ਜਿਸ ਨੂੰ ਘਰਵਾਲੀ ਦੀ ਵੋਟ ਵੀ ਨਾ ਪੈਂਦੀ ਹੋਵੇ ਪਰ ਹੋਵੇ ਲੀਡਰ, ਦੀ ਵੀ ਇਕ ਵਾਰ ਇੱਜ਼ਤ ਬਣਾ ਦਿੰਦੀਆਂ ਨੇ। ਅਸੀਂ ਵਿਰੋਧੀ ਪਾਰਟੀ ਦੇ ਪ੍ਰਧਾਨ ਨਾਲ ਗੰਢਤੁੱਪ ਕਰ ਲਈ। ਉਸ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਡਟ ਜਾਓ, ਪਾਰਟੀ ਅੰਦਰ ਉਨ੍ਹਾਂ ਦਾ ਪੂਰਾ ਮਾਣ ਸਤਿਕਾਰ ਵੀ ਹੋਵੇਗਾ ਅਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਸਾਡੀ ਟਿਕਟ ਪੱਕੀ ਹੋਣ ਦਾ ਸਮਝੌਤਾ ਵੀ ਹੋ ਗਿਆ। ਅਸੀ ਸੁੱਖ ਦਾ ਸਾਹ ਲਿਆ ਤੇ ਜਿਹੜਾ ਮਾਂ ਪਾਰਟੀ ਅੰਦਰ ਦਮ ਜਿਹਾ ਘੁੱਟਣ ਲੱਗਾ ਸੀ ਉਹ ਜਾਂਦਾ ਰਿਹਾ, ਬਲਕਿ ਪ੍ਰਧਾਨ ਵਲੋਂ ਕਹੀਆਂ ਗੱਲਾਂ ਤਾਂ ਸਾਨੂੰ ਸ਼ੁੱਧ ਆਕਸੀਜਨ ਵਾਂਗ ਲੱਗੀਆਂ।

'ਮਰਦੀ ਕੀ ਨਾ ਕਰਦੀ', ਜਾਂ 'ਮਰਦੀ ਨੇ ਅੱਕ ਚੱਬਿਆ' ਕਹਾਵਤ ਅਨੁਸਾਰ ਅਸੀਂ ਵਿਰੋਧੀ ਪਾਰਟੀ ਵਿਚ ਸ਼ਾਮਲ ਹੋ ਗਏ। ਬੜੀ ਗਰਮਜੋਸ਼ੀ ਨਾਲ ਪ੍ਰਧਾਨ ਨੇ ਸਾਡਾ ਸਵਾਗਤ ਕੀਤਾ ਤੇ ਆਈ ਹੋਈ ਪ੍ਰੈਸ ਸਾਹਮਣੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਿਹਾ। ਹੁਣ ਪੱਤਰਕਾਰਾਂ ਦੀ ਜ਼ੁਬਾਨ ਨੂੰ ਕੌਣ ਫੜ ਸਕਦਾ, ਉਨ੍ਹਾਂ ਦੀ ਕਲਮ ਨੂੰ ਕੌਣ ਰੋਕ ਸਕਦਾ। ਆਖਰ ਉਹ ਲੋਕਤੰਤਰ ਦਾ ਚੌਥਾ ਥੰਮ੍ਹ ਜੋ ਹੋਏ। ਉਨ੍ਹਾਂ ਨੇ ਸਾਨੂੰ ਅਜਿਹੇ ਤੱਤੇ-ਤੱਤੇ ਸਵਾਲ ਪੁੱਛੇ ਕਿ ਨਾ ਚਾਹੁੰਦੇ ਹੋਏ ਵੀ ਸਾਨੂੰ ਆਪਣੀ ਮਾਂ ਪਾਰਟੀ ਵਿਰੁੱਧ ਬੋਲਣਾ ਪਿਆ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਅਸੀਂ ਵੀ ਹਰ ਉਸ ਲੀਡਰ ਦੀ ਤਰ੍ਹਾਂ ਜੋ ਇਕ ਪਾਰਟੀ ਛੱਡ ਕੇ ਦੂਜੀ ਪਾਰਟੀ ਜੁਆਇਨ ਕਰਨ ਸਮੇਂ ਬੋਲਦਾ ਹੈ, ਉਹੀ ਸ਼ਬਦ ਬੋਲਦਿਆਂ ਕਿਹਾ ਕਿ 'ਪਾਰਟੀ ਅੰਦਰ ਸਾਡਾ ਦਮ ਘੁੱਟ ਰਿਹਾ ਸੀ, ਹੁਣ ਉੱਥੇ ਟਕਸਾਲੀ, ਇਮਾਨਦਾਰ ਤੇ ਮਿਹਨਤੀ ਵਰਕਰਾਂ/ਆਗੂਆਂ ਦੀ ਕਦਰ ਨਹੀਂ ਰਹੀ। ਕੁਰਬਾਨੀ ਵਾਲੇ ਆਗੂਆਂ ਨੂੰ ਅੱਖੋਂ-ਪਰੋਖੇ ਕਰ ਕੇ, ਕੱਲ੍ਹ ਦੇ ਬਲੂੰਗੜਿਆਂ ਨੂੰ ਮੋਹਰੀ ਬਣਾਇਆ ਜਾ ਰਿਹਾ। ਅਸੀਂ ਜੇਲ੍ਹਾਂ ਕੱਟੀਆਂ, ਪਰ ਪਾਰਟੀ ਨੇ ਸਾਡੀ ਕਦਰ ਨੀ ਪਾਈ'। ਭਾਵੇਂ ਕਿ ਅਸੀਂ ਕੋਈ ਦੇਸ਼ ਕੌਮ ਲਈ ਜੇਲ੍ਹ ਨਹੀਂ ਗਏ ਸੀ, ਬਲਕਿ ਆਪਣੇ ਪੁੱਠੇ ਕੰਮਾਂ ਕਰਕੇ ਹੀ ਜਾਣਾ ਪਿਆ। ਪਰ ਇਹ ਸਭ ਬੋਲਣਾ ਹੀ ਪੈਣਾ ਸੀ, ਨਹੀਂ ਤਾਂ ਸਾਡੇ ਹਿਮਾਇਤੀ ਵਰਕਰਾਂ ਦੇ ਜਜ਼ਬਾਤ 'ਤੇ ਕਰਾਰੀ ਚੋਟ ਕਿਵੇਂ ਹੁੰਦੀ। ਚਲੋ ਜੀ ਗੱਲ ਆਈ ਗਈ ਹੋ ਗਈ। ਲੋਕ ਸਭਾ ਚੋਣਾਂ ਵੀ ਆ ਗਈਆਂ। ਅਸੀਂ ਤੈਅ ਹੋਏ ਸੌਦੇ ਅਨੁਸਾਰ ਨਵੀਂ ਪਾਰਟੀ ਦੇ ਉਮੀਦਵਾਰ ਦੇ ਹੱਕ ਵਿਚ ਉਨ੍ਹਾਂ ਪਿੰਡਾਂ ਵਿਚ ਪ੍ਰਚਾਰ ਕਰਨ ਜਾਂਦੇ, ਜਿੱਥੇ ਪਹਿਲਾਂ ਉਨ੍ਹਾਂ ਹੀ ਸਟੇਜਾਂ 'ਤੇ ਇਸ ਪਾਰਟੀ ਅਤੇ ਪਾਰਟੀ ਦੇ ਆਗੂਆਂ ਨੂੰ ਭੰਡਦੇ, ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਦਾ ਪਰਦਾਫਾਸ਼ ਕਰਦੇ ਸਾਂ। ਪਰ ਹੁਣ ਉਨ੍ਹਾਂ ਦੇ ਸੋਹਿਲੇ ਗਾਉਂਦਿਆਂ ਤਾਰੀਫ਼ਾਂ ਦੇ ਪੁੱਲ ਬੰਨ੍ਹਣੇ ਪੈ ਰਹੇ ਸਨ।

ਪੱਤਰਕਾਰ ਵੀ ਬੜੇ ਘਤਿੱਤੀ ਹੁੰਦੇ ਨੇ। ਪਤੰਦਰ ਸਾਡੇ ਪੁਰਾਣੇ ਵੀਡੀਓ ਕੱਢ ਕੇ ਸਾਹਮਣੇ ਰੱਖ ਦਿੰਦੇ, ਜਿਸ 'ਚ ਅਸੀਂ ਵਿਰੋਧੀ ਲੀਡਰਾਂ ਦੇ ਪੋਤੜੇ ਫਰੋਲੇ ਹੁੰਦੇ ਸਨ। ਆਨ੍ਹੇ-ਬਹਾਨੇ ਏਧਰ-ਓਧਰਲੀਆਂ ਮਾਰ ਕੇ ਬਹੁਤ ਟਾਲਣ ਦੀ ਕੋਸ਼ਿਸ਼ ਕਰਦੇ ਪਰ ਉਨ੍ਹਾਂ ਦੀ ਸੂਈ ਉੱਥੇ ਹੀ ਖੜ੍ਹੀ ਰਹਿੰਦੀ। ਵਿਰੋਧੀ ਪ੍ਰਧਾਨ ਵੀ ਖਚਰਾ ਜਿਹਾ ਹਾਸਾ ਹੱਸਦਿਆਂ ਕਹਿ ਦਿੰਦਾ, 'ਚਲੋ ਛੱਡੋ ਜੀ, ਹੁਣ ਤਾਂ ਇਹ ਸਾਡੇ ਪਰਿਵਾਰ ਦੇ ਮੈਂਬਰ ਨੇ, ਉਨੀ ਇੱਕੀ ਹੋ ਈ ਜਾਂਦੀ ਆ'। ਅਸੀਂ ਵੀ ਵਿਰੋਧੀ ਪਾਰਟੀ ਦੇ ਪ੍ਰਧਾਨ ਦੇ ਹੱਸਣ ਪਿੱਛੇ ਛੁਪੇ ਗੁੱਝੇ ਰਾਜ਼ ਨੂੰ ਭਾਂਪਦਿਆਂ ਸੋਚ ਰਹੇ ਹੁੰਦੇ ਖੌਰੇ ਉਹ ਦਿਲ ਅੰਦਰੋਂ ਕਹਿ ਰਿਹਾ ਹੋਵੇ 'ਕੋਈ' ਨੀ ਪੁੱਤ, ਹੁਣ ਪਤਾ ਲੱਗਿਆ ਨਾ ਜਦ ਪੁੱਤ ਬਣਾ ਕੇ ਛੱਡਿਆ।' ਪਰ ਉਸ ਵਲੋਂ ਕੀਤੀ ਜਾ ਰਹੀ ਆਓ ਭਗਤ ਨੂੰ ਦੇਖਦਿਆਂ ਸਾਡਾ ਵਹਿਮ ਜਾਂਦਾ ਰਿਹਾ।

ਮਾੜੀ ਕਿਸਮਤ ਨੂੰ ਸਾਡਾ ਉਮੀਦਵਾਰ ਹਾਰ ਗਿਆ। ਸਾਡੇ ਵਲੋਂ ਲਾਏ ਜ਼ੋਰ ਨੂੰ ਵੀ ਲੋਕਾਂ ਨੇ 'ਚੱਲ ਹੱਟ' ਕਹਿ ਕੇ ਨਕਾਰ ਦਿੱਤਾ। ਹਾਰ ਤੋਂ ਬਾਅਦ ਏਸ ਪਾਰਟੀ ਵਿਚ ਵੀ ਕਾਫ਼ੀ ਉਪਰ-ਥੱਲੇ ਹੋਈ ਤੇ ਇਹ ਪਾਰਟੀ ਪ੍ਰਧਾਨ ਵੀ ਬਦਲ ਦਿੱਤਾ। ਨਵਾਂ ਚੁਣਿਆ ਪ੍ਰਧਾਨ ਆਪਣੇ ਲਾਮ-ਲਸ਼ਕਰ ਨੂੰ ਪਾਰਟੀ ਵਿਚ ਫਿੱਟ ਕਰਨ ਲਈ ਦਿਨ ਰਾਤ ਇਕ ਕਰਨ ਲੱਗਾ। ਸਾਡੀ ਪੁੱਛ ਪੜਤਾਲ ਫਿਰ ਢਿੱਲੀ ਪੈ ਗਈ, ਦਰਅਸਲ ਪੁਰਾਣੇ ਪ੍ਰਧਾਨ ਨਾਲ ਹੀ ਸਾਡੀ ਯਾਰੀ ਸੀ, ਜਦ ਉਹਦੇ ਨਾਲ ਹੀ ਸਾਡੇ ਵਰਗੀ ਜੱਗੋਂ ਤੇਰਵੀਂ ਹੋਈ ਹੋਵੇ ਤਾਂ ਅਸੀਂ ਕੀਹਦੇ ਵਿਚਾਰੇ ਸੀ। (ਜਾਰੀ)





• ਤਰਸੇਮ ਗੋਪੀ ਕਾ
81462-00063

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

देश

ਦੇਸ਼ ਦੀ ਵੰਡ ਦਾ ਦੁਖਾਂਤ ਅਸੀਂ ਅੱਜ ਤੀਕ ਭੋਗ ਰਹੇ ਹਾਂ। ਉਸ ਸਮੇਂ ਇੱਜ਼ਤਾਂ ਦੇ ਸਾਂਝੀ ਬਿਗਾਨੇ ਤੇ ਦੁਸ਼ਮਣ ਬਣ ਗਏ। ਗੂੜ੍ਹੀਆਂ ਸਾਂਝਾਂ ਵਾਲਾ ਖ਼ੂਨ ਪਲਾਂ 'ਚ ਚਿੱਟਾ ਹੋ ਗਿਆ। ਦੋਸਤੀ ਲਈ ਕੁਰਬਾਨ ਹੋਣ ਵਾਲੇ ਪਾਤਰ ਦੇ ਦੁਖਾਂਤ ਨੂੰ ਬਿਆਨ ਕਰਦੀ ਹੈ ਇਹ ਕਹਾਣੀ ...

# ਗੱਡਾ




ਘਰ ਵਿਚ ਕੋਈ ਸਿਆਣਾ ਬਜ਼ੁਰਗ ਨਹੀਂ ਸੀ ਇਸ ਲਈ ਗੱਲਬਾਤ ਕਰਨ ਲਈ ਕਰਮਦੀਨ ਨੂੰ ਬੁਲਾਇਆ ਗਿਆ ਸੀ ਉਹ ਵੀ ਮਹਿਮਾਨਾਂ ਵਿਚ ਹੀ ਬੈਠਾ ਸੀ।ਮਹਿਮਾਨਾਂ ਵਿੱਚੋਂ ਕਿਸੇ ਨੇ ਪੁੱਛਿਆ ਗੱਡਾ ਬੜਾ ਸੋਹਣਾ ਬਣਿਆ ਕਿੱਥੋਂ ਬਣਾਇਆ?

ਨਰਿੰਜਣ ਕੁੱਛ ਬੋਲਦਾ ਉਸ ਤੋਂ ਪਹਿਲਾਂ ਹੀ ਕਰਮਦੀਨ ਮੌਕਾ ਸੰਭਾਲਦੇ ਹੋਏ ਬੋਲਿਆ ਆਪਣੇ ਤਾਂ ਏਨੇ ਸੋਹਣੇ ਗੱਡੇ ਤਲਵੰਡੀ ਭਾਈ ਵਾਲਾ ਅਮੀਰ ਅਲੀ ਹੀ ਬਣਾਉਂਦਾ। ਉੱਥੋਂ ਹੀ ਬਣਵਾ ਕੇ ਲਿਆਏ ਸੀ ਮੈਂ ਤੇ ਨਰਿੰਜਣ। ਅਮੀਰ ਅਲੀ ਪੈਸੇ ਤਾਂ ਲੈਂਦਾ ਪੂਰਾ ਚਾਰ ਸੌ ਪਰ ਗੱਡੇ ਵਿਚ ਕੋਈ ਕਮੀ ਨਹੀਂ ਰਹਿਣ ਦਿੰਦਾ। ਕਰਮਦੀਨ ਨਰਿੰਜਣ ਨੂੰ ਸ਼ਸ਼ੋਪੰਜ 'ਚੋਂ ਕੱਢਣ ਲਈ ਨਾ ਪੁੱਛੇ ਗਏ ਸਵਾਲ ਦਾ ਜਵਾਬ ਵੀ ਦੇ ਗਿਆ। ਮਹਿਮਾਨਾਂ ਨੂੰ ਨਰਿੰਜਣ ਕੋਲ ਦਸ ਵਿੱਘੇ ਜ਼ਮੀਨ ਤੇ ਜਹਾਜ਼ ਵਰਗਾ ਗੱਡਾ, ਨਗੌਰੀ ਬਲਦਾਂ ਦੀ ਜੋੜੀ ਤੇ ਘਰ ਬਾਰ ਜਚ ਗਏ। ਰਿਸ਼ਤਾ ਪੱਕਾ ਹੋ ਗਿਆ। ਇਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ ਗਿਆ। ਮਹਿੰਦਰ ਕੌਰ ਦੇ ਪੈਰ ਜ਼ਮੀਨ 'ਤੇ ਨਹੀਂ ਲੱਗ ਰਹੇ ਸੀ। ਸਭ ਵਧਾਈਆਂ ਦੇ ਰਹੇ ਸੀ। ਰਿਸ਼ਤੇ ਵਿਚ ਭਾਨੀ ਵੱਜਣ ਦੇ ਡਰੋਂ ਵਿਆਹ ਦੀ ਤਰੀਕ ਵੀ ਨੇੜੇ ਹੀ ਰੱਖ ਦਿੱਤੀ।ਮਹਿੰਦਰ ਕੌਰ ਨੇ ਵਿਆਹ ਦੀਆਂ ਤਿਆਰੀਆਂ ਕਰਾਉਣ ਲਈ ਆਪਣੀ ਨਨਦ ਤੇ ਵਿਚੋਲਣ ਛਿੰਦੀ ਨੂੰ ਵੀਹ ਦਿਨ ਪਹਿਲਾਂ ਹੀ ਬੁਲਾ ਲਿਆ ਤੇ ਗੁਆਂਢਣ ਕਰਮਦੀਨ ਦੀ ਵਹੁਟੀ ਨੂਰਾਂ ਨੂੰ ਉਚੇਚੇ ਤੌਰ 'ਤੇ ਸੱਦਾ ਦਿੱਤਾ। ਤਿੰਨਾਂ ਨੇ ਰਲ ਕੇ ਵਿਆਹ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਤੇ ਉਧਰ ਸ਼ਹਿਰੋਂ ਸੌਦਾ ਪੱਤਾ ਨਰਿੰਜਣ ਤੇ ਕਰਮਦੀਨ ਦੇ ਪੁੱਤਰ ਬਸ਼ੀਰ ਨੇ ਗੱਡੇ 'ਤੇ ਢੋਹਿਆ। ਨਰਿੰਜਣ ਨੂੰ ਵਿਆਹ ਦਾ ਚਾਅ ਤਾਂ ਸੀ ਹੀ ਪਰ ਉਹ ਗੱਡੇ 'ਤੇ ਬੈਠਾ ਆਪਣੇ ਆਪ ਨੂੰ ਬਾਦਸ਼ਾਹ ਤੋਂ ਘਟ ਨਹੀਂ ਸਮਝਦਾ ਸੀ ਤੇ ਬਸ਼ੀਰੇ ਨੂੰ ਨਰਿੰਜਣ ਦਾ ਸਰਵਾਲਾ ਬਣਨ ਦਾ ਚਾਅ ਸੀ ਜੋ ਮਹਿੰਦਰ ਕੌਰ ਨੇ ਪਹਿਲਾਂ ਹੀ ਕਹਿ ਦਿੱਤਾ ਸੀ,'ਮੇਰੇ ਨਰਿੰਜਣ ਦਾ ਸਰਵਾਲਾ ਤਾਂ ਤੇਰਾ ਬਸ਼ੀਰ ਹੀ ਬਣੂ ਭੈਣ ਨੂਰਾਂ।' ਮਹਿੰਦਰ ਕੌਰ ਗੁਆਂਢੀਆਂ ਨਾਲ ਪਿਆਰ ਦੀਆਂ ਤੰਦਾਂ ਹੋਰ ਮਜ਼ਬੂਤ ਕਰਨੀਆਂ ਚਾਹੁੰਦੀ ਸੀ।ਕਿਉਂਕਿ ਕਰਮਦੀਨ ਦੀ ਵਜ੍ਹਾ ਨਾਲ ਤਾਂ ਇਹ ਰਿਸ਼ਤਾ ਸਿਰੇ ਚੜ੍ਹਿਆ ਸੀ। ਇਸ ਲਈ ਮਹਿੰਦਰ ਕੌਰ ਮਾਣ-ਤਾਣ ਵਿਚ ਆਪਣੇ ਵਲੋਂ ਕੋਈ ਕਮੀ ਨਹੀਂ ਰਹਿਣ ਦੇਣੀ ਚਹੁੰਦੀ ਸੀ।

ਤੇ ਕਰਮ ਦੀਨ ਨੇ ਵੀ ਨਰਿੰਜਣ ਦੇ ਵਿਆਹ ਦੀਆਂ ਤਿਆਰੀਆਂ ਵਿਚ ਨਰਿੰਜਣ ਦੇ ਬਾਪੂ ਬਸੰਤ ਸਿੰਘ ਦੇ ਦੋਸਤ ਹੋਣ ਦਾ ਪੂਰਾ ਫ਼ਰਜ਼ ਨਿਭਾਇਆ। ਨਰਿੰਜਣ ਦੀ ਜੰਝ ਵਿਚ ਸਭ ਤੋਂ ਮੂਹਰੇ ਕਰਮਦੀਨ ਦਾ ਸ਼ਿੰਗਾਰਿਆ ਗੱਡਾ ਲੱਗਾ ਹੋਇਆ ਸੀ ਜਿਸ ਵਿਚ ਨਰਿੰਜਣ ਸਿਰ 'ਤੇ ਸਿਹਰਾ ਸਜਾ ਕੇ ਤੇ ਬਸ਼ੀਰ ਸਰਵਾਲੇ ਦੇ ਰੂਪ ਵਿਚ ਪੂਰਾ ਸਜ ਧਜ ਕੇ ਬੈਠੇ ਸਨ ਬਾਕੀ ਬਰਾਤ ਉਠ ਗੱਡੀਆਂ, ਗੱਡਿਆਂ ਅਤੇ ਘੋੜਿਆਂ ਤੇ ਪਿੱਛੇ-ਪਿੱਛੇ ਚਲ ਰਹੀ ਸੀ। ਨਰਿੰਜਣ ਦੇ ਸਹੁਰਿਆਂ ਨੇ ਬਰਾਤ ਦੀ ਖ਼ੂਬ ਸੇਵਾ ਕੀਤੀ। ਪੂਰੇ ਢੋਲ ਢਮੱਕੇ ਨਾਲ ਨਵੀਂ ਵਿਆਹੀ ਜੋੜੀ ਮਹਿੰਦਰ ਕੌਰ ਦੇ ਬੂਹੇ ਆਣ ਢੁੱਕੀ। ਅੱਜ ਮਹਿੰਦਰ ਕੌਰ ਨੇ ਵੀ ਨਵੀਂ ਵਿਆਹੀ ਵਹੁਟੀ ਵਾਂਗ ਸਜ ਸੰਵਰ ਲੱਮੀ ਪੈਰ ਪਾਏ। ਮਹਿੰਦਰ ਕੌਰ ਜਿੰਨੀ ਬਾਹਰੋਂ ਖ਼ੁਸ਼ ਨਜ਼ਰ ਆ ਰਹੀ ਸੀ ਓਨੀ ਨਰਿੰਜਣ ਦੇ ਬਾਪੂ ਬਸੰਤ ਸਿੰਘ ਨੂੰ ਯਾਦ ਕਰ ਅੰਦਰੋਂ ਅੰਦਰੀ ਰੋ ਰਹੀ ਸੀ। ਪਰ ਅੱਜ ਸ਼ਗਨਾਂ ਦੇ ਦਿਨ ਉਸ ਨੇ ਕਿਸੇ ਨੂੰ ਅਹਿਸਾਸ ਨਹੀਂ ਹੋਣ ਦਿੱਤਾ ਤੇ ਅੱਖਾਂ ਵਿਚ ਆਈ ਸੁਨਾਮੀ ਨੂੰ ਦਿਲ ਦੇ ਗਹਿਰੇ ਸਮੁੰਦਰ ਵਿਚ ਸਮੋ ਲਿਆ ਤੇ ਨਵੀਂ ਵਿਆਹੀ ਜੋੜੀ ਦੇ ਸਵਾਗਤ ਲਈ ਬੂਹੇ ਅੱਗੇ ਜਾ ਖੜ੍ਹੀ। ਜਦੋਂ ਨਵੀ ਵਿਆਹੀ ਜੋੜੀ ਨੂੰ ਗੱਡੇ ਵਿੱਚੋਂ ਉਤਾਰਿਆ ਤਾਂ ਮਹਿੰਦਰ ਕੌਰ ਤੋਂ ਰਿਹਾ ਨਾ ਗਿਆ ਉਸ ਨੇ ਭੱਜ ਕੇ ਨੂੰਹ ਪੁੱਤਰ ਨੂੰ ਗਲ ਨਾਲ ਲਾ ਲਿਆ। ਬੜੀ ਉਡੀਕ ਕਰਵਾਈ ਸੀ ਇਸ ਦਿਨ ਨੇ ਮਹਿੰਦਰ ਕੌਰ ਤੋਂ। ਅੱਜ ਵੀ ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਕੋਈ ਸੁਪਨਾ ਵੇਖ ਰਹੀ ਹੋਵੇ ਪਰ ਇਹ ਸੁਪਨਾ ਨਹੀਂ ਹਕੀਕਤ ਸੀ ਤੇ ਇਸ ਸੁਪਨੇ ਨੂੰ ਹਕੀਕਤ ਵਿਚ ਬਦਲਣ ਲਈ ਕਰਮਦੀਨ ਨੇ ਬਹੁਤ ਵੱਡਾ ਰੋਲ ਅਦਾ ਕੀਤਾ ਸੀ।

ਵਿਆਹ ਤੋਂ ਬਾਅਦ ਨਰਿੰਜਣ ਆਪਣੀ ਮਾਂ ਮਹਿੰਦਰ ਕੌਰ ਨੂੰ ਨਾਲ ਲੈ ਕੇ ਕਰਮਦੀਨ ਦੇ ਘਰ ਗਿਆ ਤੇ ਹੱਥ ਜੋੜ ਕੇ ਆਖਣ ਲੱਗਾ,'ਚਾਚਾ ਤੇਰਾ ਸਾਡੇ ਪਰਿਵਾਰ 'ਤੇ ਕੀਤਾ ਹੋਇਆ ਅਹਿਸਾਨ ਮੈਂ ਜ਼ਿੰਦਗੀ ਭਰ ਯਾਦ ਰੱਖਾਂਗਾ ਇਸ ਦੇ ਬਦਲੇ ਤੂੰ ਜਾਨ ਵੀ ਮੰਗ ਲਈਂ ਮੁਨਕਰ ਨਹੀਂ ਹੋਵਾਂਗਾ।' ਨਰਿੰਜਣ ਅੱਜ ਕੁਝ ਜ਼ਿਆਦਾ ਹੀ ਜਜ਼ਬਾਤੀ ਵਹਿਣਾਂ ਵਿਚ ਵਹਿ ਤੁਰਿਆ ਸੀ।

'ਭਾਬੀ ਜਾਨ ਤੇ ਨਰਿੰਜਣ ਪੁੱਤਰ ਤੁਸੀਂ ਮੈਨੂੰ ਸ਼ਰਮਿੰਦਾ ਨਾ ਕਰੋ ਮੈਂ ਥੋੜ੍ਹੇ 'ਤੇ ਕੋਈ ਅਹਿਸਾਨ ਨਹੀਂ ਕੀਤਾ ਮੈਂ ਤਾਂ ਬਸੰਤ ਨਾਲ ਆਪਣੇ ਯਾਰਾਨੇ ਦਾ ਫ਼ਰਜ਼ ਅਦਾ ਕੀਤਾ। ਜੇ ਮੇਰੀ ਜਗ੍ਹਾ ਬਸੰਤ ਸਿੰਘ ਹੁੰਦਾ ਤਾਂ ਉਸਨੇ ਵੀ ਇਹੋ ਕਰਨਾ ਸੀ। ਦਿਲ ਦਾ ਮਾੜਾ ਨਹੀ ਸੀ ਮੇਰਾ ਯਾਰ ਇਹ ਤਾਂ ਚੰਦਰੀ ਸ਼ਰਾਬ ਲੈ ਡੁੱਬੀ ਮੇਰੇ ਭਰਾ ਨੂੰ।' ਕਰਮਦੀਨ ਨੇ ਆਪਣੇ ਦਿਲ ਦੀ ਗੱਲ ਦੋਨਾਂ ਮਾਂ-ਪੁੱਤ ਸਾਹਮਣੇ ਰੱਖ ਦਿੱਤੀ।ਇਕ ਵਾਰ ਫੇਰ ਦੋਵੇਂ ਮਾਂ ਪੁੱਤ ਕਰਮਦੀਨ ਦਾ ਧੰਨਵਾਦ ਕਰ ਕੇ ਘਰ ਮੁੜ ਆਏ।

ਸਮਾਂ ਲੰਘਦਾ ਗਿਆ ਤੇ ਸਾਲ ਬਾਅਦ ਖ਼ੁਸ਼ੀਆਂ ਨੇ ਮਹਿੰਦਰ ਕੌਰ ਦਾ ਫਿਰ ਬੂਹਾ ਖੜਕਾਇਆ ਜਦੋਂ ਉਸ ਦੇ ਵਿਹੜੇ ਪੋਤੇ ਨੇ ਕਿਲਕਾਰੀ ਮਾਰੀ ਤੇ ਅਗਲੇ ਸਾਲ ਨਰਿੰਜਣ ਦੀ ਵਹੁਟੀ ਨੇ ਫਿਰ ਮੁੰਡੇ ਨੂੰ ਜਨਮ ਦਿੱਤਾ। ਮਹਿੰਦਰ ਕੌਰ ਦੇ ਘਰ ਜਦੋਂ ਵੀ ਖ਼ੁਸ਼ੀਆਂ ਦੀ ਛਹਿਬਰ ਲੱਗਦੀ ਤਾਂ ਨਰਿੰਜਣ ਤੇ ਮਹਿੰਦਰ ਕੌਰ ਨੂੰ ਕਰਮਦੀਨ ਦਾ ਕੀਤਾ ਹੋਇਆ ਅਹਿਸਾਨ ਜ਼ਰੂਰ ਯਾਦ ਆਉਂਦਾ। ਵਿਰਲੇ ਹੀ ਲੋਕ ਹੁੰਦੇ ਨੇ ਜੋ ਕਿਸੇ ਦੇ ਕੀਤਾ ਹੋਇਆ ਅਹਿਸਾਨ ਯਾਦ ਰੱਖਦੇ ਨੇ। ਮਹਿੰਦਰ ਕੌਰ ਦਾ ਪਰਿਵਾਰ ਉਨ੍ਹਾਂ ਵਿੱਚੋਂ ਹੀ ਸੀ। ਇਸ ਤਰ੍ਹਾਂ ਸਮਾਂ ਬੀਤਦਾ ਗਿਆ ਤੇ ਇਕ ਦਿਨ ਆਇਆ ਜਦੋਂ ਆਜ਼ਾਦੀ ਦੇ ਨਾਂ 'ਤੇ ਸਿਆਸੀ ਲੀਡਰਾਂ ਨੇ ਭਾਰਤ ਦੇ ਲੋਕਾਂ ਨੂੰ ਮੌਤ ਵੰਡੀ। ਅੰਨ੍ਹੇਵਾਹ ਹੋ ਰਹੇ ਕਤਲੇਆਮ, ਲੁੱਟ ਖੋਹ ਦਾ ਖ਼ੌਫ਼ ਹਰ ਖਿੱਤੇ ਦੇ ਲੋਕਾਂ ਦੇ ਚਿਹਰੇ 'ਤੇ ਆਮ ਵੇਖਿਆ ਜਾ ਸਕਦਾ ਸੀ।

ਮੌਤ ਦੇ ਛਾਏ ਕਾਲੇ ਬੱਦਲਾਂ ਦੇ ਪਰਛਾਵੇਂ ਨੇ ਪੂਰੇ ਭਾਰਤ ਨੂੰ ਆਪਣੀ ਆਗੋਸ਼ ਵਿਚ ਸਮੇਟਿਆ ਹੋਇਆ ਸੀ।

'ਇਹ ਕਿਹੋ ਜਿਹੀ ਆਜ਼ਾਦੀ ਏ ਬਸ਼ੀਰ ਦੇ ਅੱਬਾ ਅਸੀਂ ਆਪਣੀ ਭਰੀ ਭਰਾਈ ਹਵੇਲੀ ਛੱਡ ਕੇ ਨਵੇਂ ਬਣੇ ਅਣਜਾਣ ਮੁਲਕ ਦੇ ਵਸਿੰਦੇ ਬਣੀਏ ਅਸੀਂ ਨਹੀ ਕਿਤੇ ਜਾਣਾ।' ਕਰਮਦੀਨ ਦੀ ਬੇਗਮ ਨੂਰਾਂ ਰੋਂਦੀ ਹੋਈ ਕਮਲਿਆਂ ਵਾਂਗ ਬੋਲੀ ਜਾ ਰਹੀ ਸੀ।

ਜਦੋਂ ਦਾ ਕਰਮਦੀਨ ਨੇ ਘਰ ਆ ਕੇ ਦਸਿਆ ਕਿ ਆਪਾਂ ਨੂੰ ਆਪਣਾ ਘਰ, ਪਿੰਡ ਤੇ ਆਪਣਾ ਦੇਸ਼ ਛੱਡ ਕੇ ਹਕੂਮਤ ਵਲੋਂ ਮੁਸਲਮਾਨਾਂ ਲਈ ਨਵੇਂ ਬਣਾਏ ਮੁਲਕ ਪਾਕਿਸਤਾਨ ਜਾਣਾ ਪੈਣਾ ਸਾਰੇ ਟੱਬਰ ਦੀ ਜਾਨ ਮੁੱਠੀ ਵਿਚ ਆਈ ਹੋਈ ਸੀ। ਪੂਰਾ ਪਰਿਵਾਰ ਸਹਿਮਿਆ ਬੈਠਾ ਇਕ ਦੂਜੇ ਵੱਲ ਬਿਨਾਂ ਬੋਲੇ ਤਕ ਰਿਹਾ ਸੀ।ਨੂਰਾਂ ਦੀ ਹਾਲਤ ਤਾਂ ਪਾਗਲਾਂ ਵਰਗੀ ਹੋਈ ਪਈ ਸੀ। ਹੋਵੇ ਵੀ ਕਿਉਂ ਨਾ ਇੰਝ ਵਸਦਾ ਰਸਦਾ ਘਰ ਛੱਡ ਪਰਦੇਸੀ ਹੋਣ ਨੂੰ ਕੀਹਦਾ ਦਿਲ ਕਰਦਾ।

ਕਰਮਦੀਨ ਬੇਸ਼ੱਕ ਸਾਰੇ ਪਰਿਵਾਰ ਨੂੰ ਹੌਂਸਲਾ ਦੇ ਰਿਹਾ ਸੀ ਪਰ ਅੰਦਰੋਂ ਬੁਰੀ ਤਰ੍ਹਾਂ ਟੁੱਟਿਆ ਹੋਇਆ ਮਹਿਸੂਸ ਕਰ ਰਿਹਾ ਸੀ। ਪਰ ਹੁਣ ਕਰ ਵੀ ਕੀ ਸਕਦੇ ਸੀ। ਜਾਣਾ ਤਾਂ ਪੈਣਾ ਹੀ ਸੀ। ਹਾਲਾਤ ਹੀ ਕੁੱਛ ਏਦਾਂ ਦੇ ਬਣ ਗਏ ਸੀ।ਕੁਝ ਦਿਨ ਪਹਿਲਾਂ ਸਕੇ ਭਾਈਆਂ ਵਾਂਗ ਰਹਿਣ ਵਾਲੇ ਇਨਸਾਨ ਮਜ਼ਬ੍ਹਾਂ ਵਿਚ ਵੰਡ ਹੋ ਕੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ ਸੀ। ਤਲਵਾਰਾਂ ਨਾਲ ਕੱਟੇ ਬੰਦਿਆਂ 'ਚੋਂ ਲਾਲ ਰੱਤ ਵਗ ਰਹੀ ਸੀ ਪਰ ਜਿੰਦਾ ਇਨਸਾਨਾਂ ਦਾ ਖ਼ੂਨ ਸਫ਼ੈਦ ਹੋ ਚੁੱਕਾ ਸੀ। ਕਰਮਦੀਨ ਇਨ੍ਹਾਂ ਹਾਲਤਾਂ ਤੋਂ ਪੂਰੀ ਤਰ੍ਹਾਂ ਵਾਕਿਫ਼ ਸੀ ਇਸ ਲਈ ਕੀਮਤੀ ਸਾਮਾਨ ਗੱਡੇ ਵਿਚ ਲੱਦ ਰਿਹਾ ਸੀ ਜੋ ਪਾਕਿਸਤਾਨ ਨਾਲ ਲਿਜਾਇਆ ਜਾ ਸਕੇ। ਸ਼ਾਮ ਤਕ ਜਾਣ ਦੀ ਪੂਰੀ ਤਿਆਰੀ ਕਰ ਕਰਮਦੀਨ ਨੇ ਪਰਿਵਾਰ ਨੂੰ ਕਮਰੇ ਅੰਦਰ ਕੁੰਡੀ ਲਾ ਕੇ ਬੈਠਣ ਲਈ ਕਿਹਾ ਤੇ ਆਪ ਮਹਿੰਦਰ ਕੌਰ ਦੇ ਘਰ ਵੱਲ ਹੋ ਤੁਰਿਆ। ਕਰਮਦੀਨ ਦਾ ਡਰਿਆ ਤੇ ਸਹਿਮਿਆ ਪਰਿਵਾਰ ਅੰਦਰ ਕੁੰਡੀ ਲਾ ਕੇ ਬੈਠ ਗਿਆ। ਪਿੰਡ ਵਿੱਚੋਂ ਉੱਠ ਰਹੇ ਰੌਲੇ ਤੇ ਚੀਕਾਂ ਵਾਰ-ਵਾਰ ਸਾਰੇ ਪਰਿਵਾਰ ਦਾ ਦਿਲ ਕੰਬਾ ਜਾਂਦੇ। ਬੱਚਿਆਂ ਨੂੰ ਆਪਣੇ ਘਰ ਦੀਆਂ ਕੰਧਾਂ ਕੋਲੋਂ ਡਰ ਲੱਗ ਰਿਹਾ ਸੀ।

ਠੱਕ-ਠੱਕ ਮਹਿੰਦਰ ਕੌਰ ਦੇ ਘਰ ਦਾ ਦਰਵਾਜ਼ਾ ਬਿਨਾਂ ਰੁਕਿਆਂ ਵਾਰ-ਵਾਰ ਖੜਕ ਰਿਹਾ ਸੀ।ਇਸ ਵੇਲੇ ਕੌਣ ਆ ਗਿਆ ਨਰਿੰਜਣ ਨੇ ਬੈਠਕ ਦਾ ਦਰਵਾਜ਼ਾ ਖੋਲ੍ਹਿਆ ਤਾਂ ਮਹਿੰਦਰ ਕੌਰ ਨੇ ਭੱਜ ਕੇ ਰੋਕਿਆ ਪੁੱਤ ਹਾਲਾਤ ਠੀਕ ਨਹੀਂ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਪੁੱਛ ਲਵੀਂ ਕੌਣ ਆ। ਤੂੰ ਡਰ ਨਾ ਮਾਂ ਮੈਂ ਵੇਖਦਾਂ ਨਰਿੰਜਣ ਹੱਥ ਵਿਚ ਡਾਂਗ ਫੜ ਬਾਹਰਲੇ ਦਰਵਾਜ਼ੇ ਵੱਲ ਵਧਿਆ।

'ਹਾਂ ਬਾਈ ਕੌਣ ਏਂ?' ਨਰਿੰਜਣ ਨੇ ਥੋੜ੍ਹਾ ਝਿਜਕਦੇ ਹੋਏ ਪੁੱਛਿਆ?

ਮੈਂ ਆਂ ਪੁੱਤਰ ਕਰਮਦੀਨ ਤੇਰਾ ਚਾਚਾ ਕਰਮਦੀਨ ਨੇ ਡਰੀ ਹੋਈ ਤੇ ਸਹਿਮ ਭਰੀ ਆਵਾਜ਼ ਵਿਚ ਦੱਸਿਆ। ਨਰਿੰਜਣ ਨੇ ਜਲਦੀ ਨਾਲ ਦਰਵਾਜ਼ਾ ਖੋਲ੍ਹਿਆ। ਕਰਮਦੀਨ ਨੂੰ ਅੰਦਰ ਵਾੜ ਫਿਰ ਦਰਵਾਜ਼ਾ ਬੰਦ ਕਰ ਦਿੱਤਾ। 'ਆ ਚਾਚਾ ਲੰਘਿਆ।' ਨਰਿੰਜਣ ਕਰਮਦੀਨ ਦੇ ਅੱਗੇ-ਅੱਗੇ ਤੁਰਨ ਲੱਗਾ। ਕਮਰੇ ਵਿਚ ਬੈਠੀ ਮਹਿੰਦਰ ਕੋਲ ਜਾ ਕਰਮਦੀਨ ਦੀ ਭੁੱਬ ਨਿਕਲ ਗਈ। 'ਭਾਬੀ ਜਾਨ ਇਹ ਸਭ ਕੁਝ ਕੀ ਹੋ ਗਿਆ ਆਪਾਂ ਤਾਂ ਇਨ੍ਹਾਂ ਹਾਲਤਾਂ ਬਾਰੇ ਕਦੇ ਸੋਚਿਆ ਵੀ ਨਹੀਂ ਸੀ।'

'ਹੌਂਸਲਾ ਰੱਖ ਕਰਮਦੀਨਾ ਇਹ ਸਭ ਰੱਬ ਦੇ ਰੰਗ ਹਨ ਤੂੰ ਫ਼ਿਕਰ ਨਾ ਕਰ ਪਰਮਾਤਮਾ ਭਲੀ ਕਰੂ।'

'ਰੱਬ ਦੇ ਰੰਗ ਨਹੀਂ ਭਾਬੀ ਜਾਨ ਇਹ ਇਨ੍ਹਾਂ ਲੀਡਰਾਂ ਦੀ ਗੰਦੀ ਸਿਆਸਤ ਦਾ ਨਤੀਜਾ ਏ। ਅੱਲਾ ਮੀਆਂ ਕਿਸੇ ਦਾ ਮਾੜਾ ਨਹੀ ਕਰ ਸਕਦਾ। ਰੱਬ ਤਾਂ ਮਾਨੁਸ ਕੀ ਜਾਤ ਸਭੇ ਏਕੇ ਪਹਿਚਾਨਬੋ ਦਾ ਹੋਕਾ ਦਿੰਦਾ ਇਹ ਤਾਂ ਕਲਜੁਗੀ ਇਨਸਾਨਾਂ ਦੀ ਸਿਆਸਤੀ ਖੇਡ ਹੈ ਜਿਸ ਨੇ ਸਕਿਆਂ ਭਰਾਵਾਂ ਵਾਂਗੂ ਰਹਿਣ ਵਾਲੇ ਅੱਲਾ ਦੇ ਬੰਦਿਆਂ ਨੂੰ ਰਾਤੋ ਰਾਤ ਇਕ ਦੂਜੇ ਦੇ ਦੁਸ਼ਮਣ ਬਣਾ ਦਿੱਤਾ।' ਕਰਮਦੀਨ ਦਿਲ ਦਾ ਦਰਦ ਬਿਆਂ ਕਰ ਰਿਹਾ ਸੀ।

'ਪੁੱਤਰ ਥੋੜ੍ਹਾ ਬਹੁਤਾ ਸਾਮਾਨ ਗੱਡੇ ਵਿਚ ਲੱਦ ਲਿਆ ਹੈ ਬਾਕੀ ਸਭ ਕੁੱਝ ਇੱਥੇ ਛੱਡ ਜਾਣ ਲਈ ਤਿਆਰੀ ਕਰ ਲਈ ਏ ਪਰ ਹਾਲਾਤ ਬਹੁਤ ਖ਼ਤਰਨਾਕ ਹੋ ਚੁੱਕੇ ਨੇ। ਇਸ ਲਈ ਤੇਰੇ ਕੋਲੋਂ ਮਦਦ ਦੀ ਆਸ ਲੈ ਕੇ ਆਇਆਂ। ਜੇ ਤੂੰ ਮੇਰੇ ਪਰਿਵਾਰ ਨੂੰ ਕਿਸੇ ਸੁਰੱਖਿਅਤ ਜਗ੍ਹਾ 'ਤੇ ਪਹੁੰਚਾ ਦੇਵੇਂ ਤਾਂ ਤੇਰਾ ਅਹਿਸਾਨਮੰਦ ਹੋਵਾਂਗਾ।' ਕਰਮਦੀਨ ਹੱਥ ਜੋੜਦਾ ਹੋਇਆ ਗਿੜਗੜਾਉਣ ਲੱਗਾ।

'ਨਾ ਚਾਚਾ ਨਾ ਇਹ ਤੂੰ ਕੀ ਕਹਿ ਰਿਹਾਂ? ਤੇਰਾ ਅਹਿਸਾਨ ਤਾਂ ਮੈਂ ਮਰ ਕੇ ਵੀ ਨਹੀਂ ਉਤਾਰ ਸਕਦਾ। ਤੂੰ ਹੱਥ ਜੋੜ ਕੇ ਸ਼ਰਮਿੰਦਾ ਨਾ ਕਰ। ਤੇਰੇ ਪਰਿਵਾਰ ਨੂੰ ਬਚਾਉਣ ਲਈ ਮੈਂ ਆਪਣੀ ਜ਼ਿੰਦਗੀ ਲਾ ਦਿਆਂਗਾ, ਤੂੰ ਚਲ ਮੇਰੇ ਨਾਲ।' ਨਰਿੰਜਣ ਸਿਰ 'ਤੇ ਪਰਨਾ ਬੰਨ ਹੱਥ ਵਿਚ ਤਲਵਾਰ ਫੜ ਕਰਮਦੀਨ ਦੇ ਮੂਹਰੇ ਉਸ ਦੇ ਘਰ ਵੱਲ ਹੋ ਤੁਰਿਆ।

ਕਰਮਦੀਨ ਦਾ ਸਾਰਾ ਪਰਿਵਾਰ ਡਰਿਆ ਹੋਇਆ ਖੂੰਜੇ ਲੱਗਿਆ ਬੈਠਾ ਸੀ। ਨਰਿੰਜਣ ਤੇ ਕਰਮਦੀਨ ਦੇ ਆਉਣ ਨਾਲ ਉਨ੍ਹਾਂ ਦੇ ਸਾਹ 'ਚ ਸਾਹ ਆਏ।

'ਚਾਚਾ ਹੁਣ ਰਾਤ ਬਹੁਤ ਹੋ ਚੁੱਕੀ ਹੈ ਇੱਥੇ ਵੀ ਖ਼ਤਰਾ ਹੈ। ਇਸ ਲਈ ਸਾਮਾਨ ਵਾਲਾ ਗੱਡਾ ਅੰਦਰਲੇ ਘਰੇ ਖੜ੍ਹਾ ਕਰ ਦਿਨੇ ਆਂ ਤੇ ਤੁਸੀਂ ਆਪਣੇ ਪਿੰਡੋਂ ਬਾਹਰ ਵਾਲੇ ਘਰ ਰੁਕ ਜਾਓ ਕਿਸੇ ਨੂੰ ਕੋਈ ਸ਼ੱਕ ਵੀ ਨਹੀਂ ਹੋਊਗਾ। ਜਦੋਂ ਠੀਕ ਲੱਗਿਆ ਮੈਂ ਆਪੇ ਫਿਰੋਜ਼ਪੁਰ ਕੈਂਪ ਵਿਚ ਛੱਡ ਆਵਾਂਗਾ।' ਨਰਿੰਜਣ ਨੇ ਕਰਮਦੀਨ ਨੂੰ ਆਪਣੀ ਵਿਉਂਤਬੰਦੀ ਦੱਸੀ ਜਿਸ ਨਾਲ ਕਰਮਦੀਨ ਜਲਦੀ ਹੀ ਰਾਜ਼ੀ ਹੋ ਗਿਆ ਕਿਉਂਕਿ ਕਰਮਦੀਨ ਜਾਣਦਾ ਸੀ ਆਵਦੇ ਘਰ ਵਿਚ ਰਹਿਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ ਮਜ਼ਬ੍ਹਾਂ ਦੇ ਮਖੌਟੇ ਪਹਿਨੀ ਕਾਤਿਲ ਲੁਟੇਰੇ ਕਿਸੇ ਟਾਇਮ ਵੀ ਆ ਸਕਦੇ ਸੀ।

ਨਰਿੰਜਣ ਤੇ ਕਰਮਦੀਨ ਦਾ ਬੇਟਾ ਬਸ਼ੀਰ ਸਾਮਾਨ ਦਾ ਲੱਦਿਆ ਗੱਡਾ ਨਰਿੰਜਣ ਦੇ ਅੰਦਰਲੇ ਘਰ ਖੜ੍ਹਾ ਕਰਨ ਤੋਂ ਬਾਅਦ ਪੂਰੇ ਪਰਿਵਾਰ ਸਮੇਤ ਨਰਿੰਜਣ ਦੇ ਪਿੰਡੋਂ ਬਾਹਰਲੇ ਘਰ ਵਲ ਨੂੰ ਤੁਰ ਪਏ। ਕਰਮਦੀਨ, ਨਰਿੰਜਣ ਤੇ ਬਸ਼ੀਰ ਹੱਥ ਵਿਚ ਨੰਗੀਆਂ ਤਲਵਾਰਾਂ ਫੜੀ ਅੱਗੇ ਤੁਰ ਰਹੇ ਸੀ। ਗਲੀਆਂ ਵਿਚ ਭੌਂਕਦੇ ਕੁੱਤੇ ਡਰਿਆਂ ਨੂੰ ਹੋਰ ਡਰਾ ਰਹੇ ਸਨ।

ਕਰਮਦੀਨ ਦੇ ਪਰਿਵਾਰ ਨੂੰ ਬਾਹਰਲੇ ਘਰੇ ਛੱਡ ਨਰਿੰਜਣ ਘਰ ਵੱਲ ਨੂੰ ਮੁੜ ਪਿਆ। ਹਾਲੇ ਨਰਿੰਜਣ ਵਿਹੜਾ ਪਾਰ ਕਰ ਕੇ ਵੱਡੇ ਗੁਰਦੁਆਰੇ ਕੋਲ ਪਹੁੰਚਿਆ ਹੀ ਸੀ ਗਲੀ ਵਿੱਚੋਂ ਦਸ ਬਾਰ੍ਹਾਂ ਚੜ੍ਹਦੀ ਉਮਰ ਦੇ ਮੁੰਡੇ ਹੱਥਾਂ ਵਿਚ ਨੰਗੀਆਂ ਤਲਵਾਰਾਂ ਫੜੀ ਗਲੀ ਵਿੱਚੋਂ ਨਿਕਲੇ। ਨਰਿੰਜਣ ਨੂੰ ਵੇਖ ਉਨ੍ਹਾਂ ਵਿੱਚੋਂ ਇਕ ਬੋਲਿਆ,'ਕਿਹੜਾ ਆਂ ਉਏ?'

'ਨਰਿੰਜਣ ਆਂ ਬਾਈ ਬਸੰਤੇ ਕਾ।

'ਉਏ ਤੂੰ ਕਿੱਧਰ ਐਸ ਵੇਲੇ? ਹੁਣ ਤਕ ਕਈਆਂ ਨੇ ਨਰਿੰਜਣ ਨੂੰ ਪਛਾਣ ਲਿਆ ਸੀ।

'ਬਸ ਬਾਈ ਖੇਤ ਗੇੜਾ ਮਾਰ ਕੇ ਆਇਆਂ।' ਨਰਿੰਜਣ ਨੇ ਥੋੜ੍ਹਾ ਸੰਭਲਦੇ ਹੋਏ ਕਿਹਾ।

'ਆਹ ਟਾਈਮ ਖੇਤ ਗੇੜਾ ਮਾਰਨ ਵਾਲਾ ਤਾਂ ਲਗਦਾ ਨੀ ਕਿਤੇ ਕੋਈ ਮੁਸਲਾ ਤਾਂ ਨਹੀਂ ਝਟਕਾ ਕੇ ਆਇਆ?' ਛਿੰਦਰਾ ਦੇ ਛਿੰਦੇ ਨੇ ਨਰਿੰਜਣ ਦੇ ਹੱਥ ਵਿਚ ਫੜੀ ਤਲਵਾਰ ਵਲ ਇਸ਼ਾਰਾ ਕਰਦੇ ਹੋਏ ਮਜ਼ਾਕੀਆ ਲਹਿਜੇ ਵਿਚ ਕਿਹਾ।

'ਓਹ ਨਾ ਬਾਈ ਆਪਾਂ ਕਿਸੇ ਨੂੰ ਕੀ ਝਟਕਾਉਣਾ। ਆਵਦੀ ਜਾਨ ਬਚ ਜਾਏ ਥੋੜ੍ਹਾ। ਤੁਸੀਂ ਕਿੱਧਰ ਨੂੰ ਲਾਮ ਲਸ਼ਕਰ ਲੈ ਕੇ ਚੱਲੇ ਹੋ?' ਹੁਣ ਤਕ ਨਰਿੰਜਣ ਨੇ ਵੀ ਸਾਰਿਆਂ ਨੂੰ ਪਛਾਣ ਲਿਆ ਸੀ। ਇਹ ਸਾਰੇ ਪਿੰਡ ਦੇ ਵਿਹਲੜ 'ਕੱਠੇ ਹੋਏ ਸੀ ਜੋ ਪਾਕਿਸਤਾਨ ਜਾਂਦੇ ਮੁਸਲਮਾਨਾਂ ਨੂੰ ਲੁੱਟਣ ਤੇ ਮਾਰਨ ਦੇ ਇਰਾਦੇ ਨਾਲ ਪਿੰਡੋਂ ਬਾਹਰ ਵੱਡੇ ਪਹੇ ਵੱਲ ਚੱਲੇ ਸੀ।

ਅਸੀਂ ਤਾਂ ਸਾਡੇ ਸਿੱਖ ਭਰਾਵਾਂ ਦਾ ਬਦਲਾ ਲੈਣ ਚੱਲੇ ਆਂ ਮੁਸਲਿਆਂ ਕੋਲੋਂ, ਜੇ ਚੱਲਣਾ ਤਾਂ ਅੱਗੇ ਲਗ ਵੱਡੇ ਪਹੇ ਉਤੋਂ ਦੀ ਲੰਘਣੇ ਨੇ ਕਈ ਟੋਲੇ ਅੱਜ ਕੋਈ ਨੀ ਸੁੱਕਾ ਜਾਣ ਦੇਣਾ ਉਧਰ।' ਟੋਲੇ ਦੇ ਲੀਡਰ ਬਣੇ ਬਾਹਰਲੀ ਪੱਤੀ ਵਾਲੇ ਕਾਲੀਆਂ ਦਾ ਜੂਪਾ ਬੋਲਿਆ।

'ਨਹੀਂ ਬਾਈ ਤੁਸੀਂ ਚੱਲੋ ਇਕ ਅੱਧਾ ਮੁਸਲਾ ਮੇਰੇ ਹਿੱਸੇ ਦਾ ਵੀ ਝੜਕਾ ਦਿਉ।' ਨਰਿੰਜਣ ਨੇ ਗੱਲ ਹਾਸੇ ਪਾ ਉਨ੍ਹਾਂ ਤੋਂ ਖਹਿੜਾ ਛੁਡਾਉਣਾ ਹੀ ਠੀਕ ਸਮਝਿਆ ਤੇ ਘਰ ਵੱਲ ਹੋ ਤੁਰਿਆ। (ਜਾਰੀ)

## ਪੁਸਤਕ ਚਰਚਾ

ਸੁਖਜਿੰਦਰ ਕੌਰ ਸਿੱਧੂ 'ਮਨ ਦੀ ਅੱਖ' ਕਾਵਿ ਸੰਗ੍ਰਹਿ ਦੇ ਰੂਪ ਵਿਚ ਆਪਣਾ ਦੂਜਾ ਕਾਵਿ ਸੰਗ੍ਰਹਿ ਲੈ ਕੇ ਪਾਠਕਾਂ ਦੇ ਰੂਬਰੂ ਹੋਈ ਹੈ। ਇਸ ਤੋਂ ਪਹਿਲਾਂ 'ਜ਼ਿੰਦਗੀ ਦੀ ਪੌੜੀ' ਉਸ ਦਾ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕਾ ਹੈ।

ਜਦੋਂ ਅਸੀ ਸੁਖਜਿੰਦਰ ਕੌਰ ਸਿੱਧੂ ਦਾ ਹੱਥਲਾ ਕਾਵਿ ਸੰਗ੍ਰਹਿ ਵਾਚਦੇ ਹਾਂ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਜਿੱਥੇ ਉਸ ਦੇ ਪਿਆਰ ਅਨੁਭਵ ਨੂੰ ਪੇਸ਼ ਕਰਦੀਆਂ ਹਨ ਉੱਥੇ ਸਮਾਜਿਕ ਰਿਸ਼ਤਿਆਂ ਦੇ ਟੁੱਟਣ ਅਤੇ ਰੇਤ ਵਾਂਗੂ ਕਿਰਨ ਦਾ ਦਰਦ ਵੀ ਉਸਦੀਆਂ ਕਵਿਤਾਵਾਂ ਵਿਚ ਪੇਸ਼ ਹੋਇਆ ਹੈ।

ਔਰਤ ਦੀ ਸਮਾਜਿਕ ਸਥਿਤੀ ਅਤੇ ਉਸ ਦੀ ਹੋਂਦ ਨੂੰ ਦਰਪੇਸ਼ ਖ਼ਤਰਿਆਂ ਬਾਰੇ ਵੀ ਸ਼ਾਇਰਾ ਸੁਚੇਤ ਰੂਪ ਵਿਚ ਆਪਣਾ ਕਾਵਿ-ਅਨੁਭਵ ਪੇਸ਼ ਕਰਦੀ ਹੈ। ਉਹ ਸਮਾਜਿਕ ਪ੍ਰਬੰਧ ਨੂੰ ਵੰਗਾਰਦੀ ਹੈ ਕਿ ਸਮਾਜਿਕ ਵਿਵਸਥਾ ਹੀ ਔਰਤ ਦੇ ਦੁੱਖਾਂ ਦਾ ਅਸਲ ਕਾਰਨ ਹੈ ਜਿੱਥੇ ਉਸ ਨੂੰ ਹਮੇਸ਼ਾ ਦੂਜੈਲਾ ਦਰਜਾ ਹੀ ਦਿੱਤਾ ਗਿਆ ਅਤੇ ਹੱਕਾਂ ਤੋਂ ਵੀ ਵਾਂਝੀ ਰੱਖਿਆ ਗਿਆ ਜਿਵੇਂ :

*ਕੀ-ਕੀ ਸਾਡੇ ਨਾਲ ਹੋਈ ਹੈ*
*ਪਰ ਸੁਣਦਾ ਨਹੀ ਕੋਈ ਹੈ,*
*ਅੱਜ ਸਾਰਿਆਂ ਨੂੰ ਸੁਣਾਉਣ ਨੂੰ ਵੀ ਮੇਰਾ ਜੀ ਕਰਦਾ,*
*ਅੱਜ ਉੱਚੀ-ਉੱਚੀ ਰੌਲਾ ਪਾਉਣ ਨੂੰ ਵੇ ਮੇਰਾ ਜੀ ਕਰਦਾ।*

ਇਸੇ ਤਰ੍ਹਾਂ 'ਸੰਸਾਰ ਤੇ ਔਰਤ' ਕਵਿਤਾ ਵੀ ਦੇਖੀ ਜਾ ਸਕਦੀ ਹੈ। ਸ਼ਾਇਰਾ ਦਾ ਇਹ ਵੀ ਅਨੁਭਵ ਹੈ ਜਦ ਸਮਾਜਿਕ ਤਬਦੀਲੀ ਆਉਂਦੀ ਹੈ ਬਣੀਆਂ ਬਣਾਈਆਂ ਸਲਤਨਤਾਂ ਵੀ ਟੁੱਟ ਜਾਂਦੀਆਂ ਹਨ।

ਇਸ ਕਾਵਿ ਸੰਗ੍ਰਹਿ ਵਿਚ ਕਵਿਤਾਵਾਂ, ਨਜ਼ਮਾਂ ਅਤੇ ਗੀਤ ਵੀ ਪੇਸ਼ ਹੋਏ ਹਨ ਪਰ ਨਾਲ ਦੀ ਨਾਲ ਕੁਝ ਕਵਿਤਾਵਾਂ ਵਿਚਾਰਾਂ ਦੇ ਰੂਪ 'ਚ ਹੀ ਪੇਸ਼ ਹਨ ਨੂੰ ਕਾਵਿ-ਸ਼ਿਲਪ ਦੀ ਵੀ ਲੋੜ ਹੈ ਕਿਉਂਕਿ ਜੇ ਕੇਵਲ ਵਿਚਾਰ ਹੀ ਪੇਸ਼ ਹੋਣਗੇ ਤਾਂ ਕਵਿਤਾ ਵਿੱਚੋਂ ਕਾਵਿ-ਟੁੰਬ ਅਲੋਪ ਹੋ ਜਾਵੇਗੀ। ਇਸ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਧਰਤੀ ਦੇ ਜੀਵਾਂ ਦੀ ਬਾਤ ਪਾਉਂਦੀਆਂ ਹਨ ਅਤੇ ਨਫ਼ਰਤ ਨੂੰ ਘਟਾਉਣ ਅਤੇ ਪਿਆਰ ਦੀ ਰੌਸ਼ਨੀ ਫੈਲਾਉਣ ਦਾ ਹੋਕਾ ਦਿੰਦੀਆਂ ਹਨ।

• ਸਰਦੂਲ ਸਿੰਘ ਔਜਲਾ




ਗੁਰਦਿਆਲ ਰੌਸ਼ਨ ਪੰਜਾਬੀ ਦਾ ਪ੍ਰਬੁੱਧ ਅਤੇ ਮਾਣਮੱਤਾ ਸ਼ਾਇਰ ਹੈ। ਨਵਪ੍ਰਕਾਸ਼ਤ ਗ਼ਜ਼ਲ ਸੰਗ੍ਰਹਿ 'ਚ ਸ਼ਾਮਲ ਕੀਤੀਆਂ 64 ਗ਼ਜ਼ਲਾਂ ਦੇ ਸ਼ੇਅਰ ਅਤੇ ਰੰਗਾਂ ਦੀ ਮਨੋਹਾਰੀ ਕਿਣਕਿਣ ਹੈ। ਜਿਸ ਦੇ ਸੂਖਮ ਜਜ਼ਬਾਤ ਦੀ ਕਿਣਮਿਣ ਵਿਚ ਪਾਠਕ ਅੰਤਰਮਨ ਤਕ ਭਿੱਜ ਜਾਂਦਾ ਹੈ।

ਗ਼ਜ਼ਲ ਸੰਗ੍ਰਹਿ 'ਕਿਣਮਿਣ' ਕਈ ਨੁਕਤਿਆਂ ਤੋਂ ਵਿਲੱਖਣ ਹੈ। ਗੁਰਦਿਆਲ ਰੌਸ਼ਨ ਵਿਚ ਉਸਤਾਦ ਸ਼ਾਇਰ ਹੈ ਤੇ ਉਹ ਗ਼ਜ਼ਲ ਦੀਆਂ ਬਰੀਕੀਆਂ ਨੂੰ ਆਪ ਹੀ ਨਹੀ ਸਮਝਦਾ ਸਗੋਂ 50 ਤੋਂ ਵੱਧ ਸਿਖਾਂਦਰੂ ਤੇ ਲਿਖ ਰਹੇ ਗ਼ਜ਼ਲਕਾਰਾਂ ਨੂੰ ਸਮਝਾਉਂਦਾ ਵੀ ਹੈ, ਸਿਖਾਉਂਦਾ ਵੀ ਹੈ। ਕਿਣਮਿਣ ਦੀ ਸ਼ਾਇਰੀ ਸ਼ਿਅਰਾਂ ਵਿਚਲੇ ਵਿਸ਼ਿਆਂ ਦੀ ਚੋਣ ਅਤੇ ਨਿਭਾਅ ਕਰ ਕੇ ਬੇਮਿਸਾਲ ਹੈ। ਸੰਗ੍ਰਹਿ ਵਿਚ ਹਰ ਰੰਗ ਦੇ ਸ਼ਿਅਰ ਦਰਜ ਹਨ। ਇਨ੍ਹਾਂ ਸ਼ਿਅਰਾਂ ਦਾ ਦਾਇਰਾ ਪਿਆਰ-ਮੁਹੱਬਤ ਤੋਂ ਅਗਾਂਹ ਟੱਪ ਕੇ ਲੋਕ ਦਰਦ ਦੀ ਤਰਜਮਾਨੀ ਬਣਿਆ ਹੈ। ਗੁਰਦਿਆਲ ਦੇ ਸ਼ਿਅਰ ਲੁੱਟੇ-ਪੁੱਟੇ, ਸ਼ੋਸ਼ਿਤ, ਵਿਸੰਗਤੀਆਂ ਤੇ ਅਨਿਆਂ ਨਾਲ ਲਤਾੜੇ ਲੋਕਾਂ ਦੀ ਪੀੜ, ਤਣਾਅ ਤੇ ਬੇਵਸੀ ਦੀ ਆਵਾਜ਼ ਬਣਦੇ ਹਨ। ਉਨ੍ਹਾਂ ਲਈ ਰਾਹ ਦਸੇਰਾ ਬਣਦੇ ਹਨ। ਆਮ ਕਿਰਤੀ, ਕਾਮੇ, ਕਿਸਾਨ ਲੋਕ ਇਨ੍ਹਾਂ ਗ਼ਜ਼ਲਾਂ ਦੇ ਨਾਇਕ ਹਨ। ਸ਼ਾਇਰ ਨੇ ਇੰਨੀ ਰਵਾਨੀ, ਸਹਿਜਤਾ, ਸੰਜਮਤਾ ਅਤੇ ਸਾਰਥਕ ਪ੍ਰਤੀਕਾਂ ਬਿੰਬਾਂ ਰਾਹੀ ਉਨ੍ਹਾਂ ਨੂੰ ਪੇਸ਼ ਕੀਤਾ ਹੈ ਕਿ ਇਨ੍ਹਾਂ ਨੂੰ ਪੜ੍ਹ ਉਹ ਪਾਠਕ ਅਸਾਨੀ ਨਾਲ ਟੁੰਬਿਆ ਜਾਂਦਾ ਹੈ, ਜਿਸ ਦੀ ਗੱਲ ਇਨ੍ਹਾਂ ਗ਼ਜ਼ਲਾਂ ਵਿਚ ਕੀਤੀ ਗਈ ਹੈ ਅਤੇ ਗ਼ਜ਼ਲਾਂ ਰਾਹੀ ਸਿੱਧਾ ਸੰਦੇਸ਼ ਉਨ੍ਹਾਂ ਦੇ ਦਿਲ ਵਿਚ ਉਤਰਦਾ ਹੈ। ਉਂਜ ਕਿਣਮਿਣ ਵਿਚ ਦਰਜ ਹਰੇਕ ਸ਼ਿਅਰ ਹੀ ਆਪਣੇ ਆਪ ਵਿਚ ਮੁਕੰਮਲ ਅਤੇ ਸਾਰਥਕ ਸੁਨੇਹਾ ਦੇਣ ਵਾਲਾ ਹੈ ਫਿਰ ਵੀ ਕੁਝ ਵੰਨਗੀਆਂ ਪੇਸ਼ ਹਨ-

*ਹਰ ਜੁਗਨੂੰ ਤੇ ਹਰ ਤਿਤਲੀ ਦੀ*
*ਆਪਣੀ-ਆਪਣੀ ਹੱਡ ਬੀਤੀ ਹੈ*
*ਏਧਰ ਔੜ ਮੁਹੱਬਤ ਦੀ ਹੈ ਉਧਰ*
*ਸਾਂਝੀ ਕਿਣਮਿਣ ਕਿਣਮਿਣ।*

ਪੰਜਾਬੀ ਗ਼ਜ਼ਲ ਪਾਠਕਾਂ ਲਈ ਕਿਣਮਿਣ ਇਕ ਖ਼ੂਬਸੂਰਤ ਤੋਹਫਾ ਹੈ ਜਿਸ ਪੜ੍ਹਿਆ ਜਾਣਾ ਚਾਹੀਦਾ ਹੈ।





ਪੰਜਾਬੀ ਕਾਵਿ ਦੇ ਭੁੱਲੇ ਵਿਸਰੇ ਦੋ ਸਤਰੀ ਰੂਪ 'ਦੋਹਾ' ਨੂੰ ਮੁੜ ਸੁਰਜੀਤ ਕਰਨ ਅਤੇ ਦੋਹਾਕਾਰੀ ਲਈ ਢੁੱਕਵੀ ਜ਼ਮੀਨ ਤਿਆਰ ਕਰਨ ਵਿਚ ਉੱਘਾ ਯੋਗਦਾਨ ਪਾਉਣ ਵਾਲੇ ਹਰਮਿੰਦਰ ਸਿੰਘ ਕੋਹਾਰਵਾਲਾ ਨੇ ਦੂਸਰਾ ਦੋਹਾ ਸੰਗ੍ਰਹਿ 'ਮਾਲੀ ਮਿਲੇ ਮਕਾਰ' ਪਾਠਕਾਂ ਦੇ ਰੂਬਰੂ ਕੀਤਾ ਹੈ। ਇਸ ਤੋਂ ਪਹਿਲਾਂ 'ਸ਼ਬਦ ਬਾਣ' ਦੋਹਾ ਸੰਕਲਨ ਰਾਹੀ ਵੀ ਨਿੱਗਰ ਹਾਜ਼ਰੀ ਲਗਵਾ ਚੁੱਕੇ ਕੋਹਾਰਵਾਲਾ ਨੇ ਕਾਵਿ ਸੰਗ੍ਰਹਿ ਅਤੇ ਗ਼ਜ਼ਲ ਸੰਗ੍ਰਹਿ ਵੀ ਪਾਠਕਾਂ ਦੇ ਸਨਮੁਖ ਪੇਸ਼ ਕੀਤੇ ਹਨ।

ਜਿਵੇਂ ਭਗਤ ਕਬੀਰ ਅਤੇ ਬਾਬਾ ਫਰੀਦ ਵਰਗਿਆਂ ਨੇ ਆਪਣੀਆਂ ਨਸੀਹਤਾਂ, ਉਪਦੇਸ਼ ਅਤੇ ਸੁਨੇਹੇ-ਸਿੱਖਿਆਵਾਂ ਇਸ ਕਟਾਖਸ਼ ਕਰਦੀ ਨਸ਼ਤਰ ਵਰਗੀ ਵਿਧਾ ਨੂੰ ਅਪਣਾਇਆ ਸੀ ਉਸ ਤਰਜ਼ 'ਤੇ ਅਪਣਾ ਲਿਆ। ਉਸੇ ਤਰਜ਼ 'ਤੇ ਹਰਮਿੰਦਰ ਸਿੰਘ ਕੋਹਾਰਵਾਲਾ ਨੇ ਵੀ ਸਮਾਜ ਦੀ ਹਰੇਕ ਦੁਖਦੀ ਰਗ਼ 'ਤੇ ਉਂਗਲ ਧਰਦਿਆਂ ਦੋਹੇ ਲਿਖੇ ਹਨ। ਕੋਹਾਰਵਾਲਾ ਨੇ ਆਪਣੇ ਦੋਹਿਆਂ ਵਿਚ ਸਮਾਜਕ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਨ, ਸਾਧਾਂ ਦੇ ਪਰਪੰਚਾਂ ਤੇ ਪਖੰਡਵਾਦ ਨੂੰ ਬੇਪਰਦਾ ਕਰਨ, ਅੱਜ ਦੀ ਰਾਜਨੀਤੀ ਦੇ ਨਿਘਾਰ ਨੂੰ ਉਜਾਗਰ ਕਰਨ, ਕਿਸਾਨਾਂ ਦੀ ਲੁੱਟ ਤੇ ਜਲਾਲਤ, ਸ਼ਹਿਰੀਕਰਣ ਹੇਠ ਰਿਸ਼ਤਿਆਂ ਦਾ ਘਾਣ, ਨਸ਼ਿਆਂ ਦੀ ਦਲਦਲ ਵਿਚ ਧਸਦਾ ਜਾਂਦਾ ਪੰਜਾਬ, ਸਰਕਾਰੇ ਦਰਬਾਰੇ ਆਮ ਵਿਅਕਤੀ ਦੀ ਲੁੱਟ, ਧੀਆਂ ਦੀ ਬੇਕਦਰੀ ਤੇ ਬੇਪੱਤੀ, ਗੱਲ ਕਿ ਜ਼ਿੰਦਗੀ ਦੇ ਹਰੇਕ ਪੱਖ, ਸਰੋਕਾਰ ਅਤੇ ਪਹਿਲੂ ਨੂੰ ਸਰਲ, ਸਹਿਜ, ਤੇ ਸਟੀਕ ਸ਼ਬਦਾਂ ਰਾਹੀ ਪੇਸ਼ ਕਰ ਕੇ ਅਜੋਕੀ ਵਿਵਸਥਾ 'ਤੇ ਤਿੱਖਾ ਵਾਰ ਕੀਤਾ ਹੈ। ਵੰਨਗੀ ਵਜੋਂ ਰਾਜਨੇਤਾਵਾਂ 'ਤੇ ਕਟਾਖਸ਼ ਕਰਦਾ ਦੋਹਾਕਾਰ ਕਹਿੰਦਾ ਹੈ :

*ਬਾਗ਼ੀ ਮਿਲੇ ਬਹਾਰ ਕੀ,*
*ਮਾਲੀ ਮਿਲੇ ਮਕਾਰ*
*ਖ਼ੁਦ ਹੀ ਧਰਤ ਸੁਆਰੀਏ,*
*ਖ਼ੁਦ ਹੀ ਚੁਣੀਏ ਖ਼ਾਰ।*

ਇਹ ਦੋਹਾ ਸੰਗ੍ਰਹਿ ਨਿਸ਼ਚਿਤ ਤੌਰ 'ਤੇ ਪੰਜਾਬੀ ਦੋਹਾਕਾਰੀ ਵਿਚ ਗੁਣਾਤਮਕ ਵਾਧਾ ਕਰੇਗਾ ਅਤੇ ਇਸ ਕਾਵਿ ਰੂਪ ਨੂੰ ਹਰਮਨ ਪਿਆਰਾ ਬਣਾਉਣ ਵਿਚ ਅਹਿਮ ਭੂਮਿਕਾ ਅਦਾ ਕਰੇਗਾ।





ਪੰਜਾਬੀ ਗੀਤਕਾਰੀ ਦੇ ਮੁੱਢਲੇ ਗੀਤਕਾਰਾਂ ਵਿੱਚੋਂ ਇਕ ਸਿਰਕੱਢ ਗੀਤਕਾਰ ਲਾਲ ਸਿੰਘ ਲਾਲੀ ਦੇ ਗੀਤਾਂ ਦੀ ਚੌਥੀ ਪੁਸਤਕ 'ਗੀਤਾਂ ਦੀ ਮਹਿਕ' ਪਾਠਕਾਂ/ਸਰੋਤਿਆਂ ਤੀਕ ਪੁੱਜੀ ਹੈ। ਲਾਲੀ ਇਕ ਅਜਿਹਾ ਗੀਤਕਾਰ ਹੈ ਜਿਸ ਨੂੰ ਪੰਜਾਬੀ ਦੇ ਬਹੁਤ ਹੀ ਹਰਮਨ ਪ੍ਰਸਿੱਧ ਗਾਇਕਾਂ ਨੇ ਆਵਾਜ਼ ਦਿੱਤੀ ਹੈ। ਹੱਥਲੇ ਸੰਗ੍ਰਹਿ 'ਚ 132 ਗੀਤ ਦਰਜ ਹਨ।

ਗੀਤਕਾਰ ਸਮਾਜਕ, ਧਾਰਮਿਕ, ਸੱਭਿਆਚਾਰਕ, ਆਰਥਿਕ ਤੇ ਰਾਜਨੀਤਕ ਹਰ ਤਰ੍ਹਾਂ ਦੇ ਵਰਤਾਰੇ ਨੂੰ ਸਮਝਦਾ ਤੇ ਸੋਚਦਾ ਹੈ। ਫਿਰ ਉਸ ਵਿਚਲੀਆਂ ਵਿਸੰਗਤੀਆਂ, ਵਿਕ੍ਰਤੀਆਂ, ਪਾੜਿਆਂ ਨੂੰ ਆਪਣੇ ਗੀਤਾਂ ਰਾਹੀ ਲੈਆਤਮਕ ਅਤੇ ਸੁਹਜਾਤਮਕ ਢੰਗ ਨਾਲ ਸਰੋਦੀ ਸੁਰਾਂ ਵਿਚ ਆਮ-ਓ-ਖ਼ਾਸ ਲੋਕਾਂ ਦੇ ਮਨਾਂ ਤੀਕ ਪਹੁੰਚਾਉਂਦਾ ਹੈ। ਗੀਤਕਾਰ ਲਾਲੀ ਦੇ ਗੀਤ ਜਿੱਥੇ ਮਨੁੱਖੀ ਸੰਵੇਦਨਾ ਦੀ ਤਰਜਮਾਨੀ ਕਰਦੇ ਹਨ ਉੱਥੇ ਸਮਾਜਕ ਰਿਸ਼ਤਿਆਂ ਦੀ ਮਿਠਾਸ, ਮਨੁੱਖੀ ਭਾਵਨਾਤਮਕ ਵਰਤਾਰਾ ਪੰਜਾਬ ਅਤੇ ਦੇਸ਼ ਦੀ ਮਿੱਟੀ ਨਾਲ ਸਬੰਧਾਂ ਦਾ ਤਾਣਾ ਬਾਣਾ, ਜੀਵਨ ਅਤੇ ਧਾਰਮਿਕ ਪਖੰਡ ਤੇ ਅਡੰਬਰਵਾਦ, ਮਨੁੱਖੀ ਅਣਖ, ਗ਼ਰੀਬ-ਮਜ਼ਦੂਰਾਂ ਦੀ ਹੋਣੀ, ਨਸ਼ੇ, ਔਰਤ ਦੀ ਦੁਰਦਸ਼ਾ ਅਤੇ ਉਸ ਦੇ ਅਸਤਿਤਵ 'ਤੇ ਮੰਡਰਾਉਂਦਾ ਖ਼ਤਰਾ, ਮਾਪਿਆਂ ਪ੍ਰਤੀ ਸੰਤਾਨ ਦਾ ਦੁਰਵਿਵਹਾਰ, ਲੀਡਰਾਂ ਦੇ ਲਾਰੇ ਤੇ ਲੋਟੂ ਵਤੀਰਾ, ਪਰਿਵਾਰਕ ਟੁੱਟ-ਭੱਜ ਤੇ ਉਸ ਤੋਂ ਉਪਜਿਆ ਦਰਦ ਆਦਿ ਨੂੰ ਆਪਣੇ ਗੀਤਾਂ ਦਾ ਵਿਸ਼ਾ ਬਣਾਇਆ ਹੈ। ਪਖੰਡੀ ਸਾਧਾਂ 'ਤੇ ਕਟਾਖਸ਼ ਕਰਦੇ ਗੀਤ ਦੀਆਂ ਹੇਠਲੀਆਂ ਸਤਰਾਂ ਵੰਨਗੀ ਵਜੋਂ ਪੇਸ਼ ਹਨ :

*ਅੱਜ ਇੱਥੇ, ਕੱਲ੍ਹ ਉੱਥੇ,*
*ਰਹੇ ਬਦਲਦਾ ਅੱਡੇ*
*ਜਾ ਕੇ ਫੇਰੀ ਕਰ ਦੇਵੇ,*
*ਭਰੇ ਭਰਮਾਂ ਦੇ ਗੱਡੇ*
*ਲਾਵੇ ਜੀਭ ਨਾ ਬਰੇਕ,*
*ਗਾਵੇ ਆਪਣਾ ਹੀ ਗਾਣਾ*
*ਚੋਰ ਅੱਖ ਨਾਲ ਝਾਕੇ,*
*ਪਾ ਕੇ ਸਾਧਾਂ ਵਾਲਾ ਬਾਣਾ।*

ਸਿਹਤਮੰਦ ਸਮਾਜ ਲਈ ਹੋਕਾ ਦਿੰਦੇ ਗੀਤਾਂ ਦੀ ਸਿਰਜਣਾ ਲਈ ਲਾਲੀ ਅੱਧੀ ਸਦੀ ਤੋਂ ਸਰੋਤਿਆਂ ਦਾ ਚਹੇਤਾ ਬਣਿਆ ਹੋਇਆ ਹੈ। ਇਹ ਉਪਲਬਧੀ ਕਿਸੇ-ਕਿਸੇ ਨੂੰ ਨਸੀਬ ਹੁੰਦੀ ਹੈ।

• ਧਰਮਪਾਲ ਸਾਹਿਲ



# ਨਸ਼ੇ ਦਾ ਕਾਲਾ ਕਾਰੋਬਾਰ ਛੱਡੋ ਜਾਂ ਪੰਜਾਬ ਛੱਡੋ : ਬਰਿੰਦਰ ਕੁਮਾਰ ਗੋਇਲ

## ਪਿਛਲੀਆਂ ਸਰਕਾਰਾਂ ਵੱਲੋਂ ਬੀਜੇ ਕੰਡੇ ਮਾਨ ਸਰਕਾਰ ਚੁਗ ਰਹੀ ਹੈ:ਅਮਨਸ਼ੇਰ ਸਿੰਘ ਸ਼ੈਰੀ ਕਲਸੀ



**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਿੰਡਾਂ ਦੇ ਪਹਿਰੇਦਾਰਾਂ ਨੂੰ ਇਸ ਮੁਹਿੰਮ ਦੇ ਸਿਪਾਹੀ ਬਣਨ ਦੀ ਸਹੁੰ ਚੁਕਾਉਣ ਲਈ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਨਸ਼ੇ ਵੇਚਣ ਵਾਲਿਆਂ ਨੂੰ ਸਖਤ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜਾਂ ਤਾਂ ਉਹ ਇਹ ਮਾੜਾ ਕਾਰੋਬਾਰ ਛੱਡ ਦੇਣ ਜਾਂ ਪੰਜਾਬ ਛੱਡ ਜਾਣ।

ਇਥੇ ਇੱਕ ਵੱਡੀ ਜਨਸਭਾ ਨੂੰ ਸੰਬੋਧਨ ਕਰਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੇ ਤਹਿਤ ਹੁਣ ਸਰਹੱਦ ਪਾਰੋਂ ਡਰੋਨ ਰਾਹੀਂ ਨਸ਼ੇ ਭੇਜਣ ਵਾਲਿਆਂ ਨੂੰ ਅੱਗੋਂ ਨਸ਼ਾ ਚੁੱਕਣ ਲਈ ਬੰਦੇ ਨਹੀਂ ਮਿਲ ਰਹੇ ਕਿਉਂਕਿ ਪੰਜਾਬ ਸਰਕਾਰ ਦੀ ਸਖਤੀ ਤੋਂ ਬਾਅਦ ਨਸ਼ੇ ਦੇ ਕਾਰੋਬਾਰ ਵਿੱਚ ਲੱਗੇ ਲੋਕਾਂ ਨੂੰ ਕਾਨੂੰਨ ਦਾ ਡਰ ਪੈਦਾ ਹੋਇਆ ਹੈ। ਉਹਨਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਢਿੱਲੀ ਕਾਰਗੁਜਾਰੀ ਕਰਕੇ ਨਸ਼ੇ ਵਧੇ ਸਨ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਦ੍ਰਿੜਤਾ ਨਾਲ ਸ਼ੁਰੂ ਕੀਤੇ ਇਸ ਅਭਿਆਨ ਨਾਲ ਮਾੜੇ ਅਨਸਰਾਂ ਨੂੰ ਲਗਾਮ ਲੱਗੀ ਹੈ। ਉਹਨਾਂ ਨੇ ਪਿੰਡਾਂ ਦੇ ਪਹਿਰੇਦਾਰ ਬਣੇ ਪਿੰਡ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਕਿਹਾ ਕਿ ਤੁਸੀਂ ਸਮਾਜ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਦੇਣੀ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਵਿੱਚ ਤੁਹਾਡਾ ਨਾਂਅ ਵੀ ਇਤਿਹਾਸ ਵਿੱਚ ਦਰਜ ਹੋਵੇਗਾ ਅਤੇ ਤੁਸੀਂ ਇਸ ਵਿੱਚ ਵੱਧ ਚੜ ਕੇ ਸਹਿਯੋਗ ਕਰੋ। ਉਹਨਾਂ ਨੇ ਸਭ ਨੂੰ ਨਸ਼ਿਆਂ ਖਿਲਾਫ ਲੜਨ ਲਈ ਸਹੁੰ ਵੀ ਚੁਕਾਈ।

ਇਸ ਤੋਂ ਪਹਿਲਾਂ ਬੋਲਦਿਆਂ ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਤੋਂ ਵਿਧਾਇਕ ਸ਼੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਸਾਰੇ ਜਣੇ ਇਹ ਪ੍ਰਣ ਕਰੀਏ ਕਿ ਜੇਕਰ ਕੋਈ ਨਸ਼ੇ ਵੇਚਦਾ ਹੈ ਤਾਂ ਉਸ ਦੀ ਸੂਚਨਾ ਪੁਲਿਸ ਨੂੰ ਦਈਏ ਅਤੇ ਜੇਕਰ ਕੋਈ ਨਸ਼ਾ ਤਸਕਰ ਫੜਿਆ ਜਾਵੇ ਤਾਂ ਉਸ ਦਾ ਕੋਈ ਸਾਥ ਨਾ ਦੇਵੇ ਅਤੇ ਨਾ ਹੀ ਕੋਈ ਉਸਦੀ ਜਮਾਨਤ ਕਰਾਵੇ । ਉਹਨਾਂ ਨੇ ਕਿਹਾ ਕਿ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਪਿਛਲੀਆਂ ਸਰਕਾਰਾਂ ਵੱਲੋਂ ਬੀਜੇ ਗਏ ਕੰਡੇ ਮਾਨ ਸਰਕਾਰ ਚੁਗ ਰਹੀ ਹੈ। ਉਹਨਾਂ ਨੇ ਕਿਹਾ ਕਿ ਇੱਕ ਪਾਸੇ ਨਸ਼ੇ ਤਸਕਰਾਂ ਤੇ ਕਾਰਵਾਈ ਕੀਤੀ ਜਾ ਰਹੀ ਹੈ ਦੂਜੇ ਪਾਸੇ ਨਸ਼ੇ ਪੀੜਤਾਂ ਦਾ ਇਲਾਜ ਕਰਵਾਇਆ ਜਾ ਰਿਹਾ ਹੈ ।

ਇਸ ਤੋਂ ਪਹਿਲਾਂ ਵਿਸ਼ੇਸ਼ ਮਹਿਮਾਨ ਵਜੋਂ ਬੋਲਦਿਆਂ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਸਰਕਾਰ ਵੱਲੋਂ ਜਿੱਥੇ ਪੁਲਿਸ ਨੂੰ ਬਿਨਾਂ ਕਿਸੇ ਦਖਲ ਦੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਨ ਦੇ ਅਧਿਕਾਰ ਦਿੱਤੇ ਗਏ ਹਨ ਉਥੇ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਜੇਕਰ ਕਿਸੇ ਅਧਿਕਾਰੀ ਦੇ ਖੇਤਰ ਵਿੱਚ ਨਸ਼ਾ ਵਿਕੇਗਾ ਤਾਂ ਉਸਦੀ ਜਿੰਮੇਵਾਰੀ ਤੈਅ ਹੋਵੇਗੀ। ਉਹਨਾਂ ਨੇ ਇਸ ਮੌਕੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੇਲੇ ਨਸ਼ਾ ਤਸਕਰਾਂ ਦੀ ਸਰਪ੍ਰਸਤੀ ਹੁੰਦੀ ਸੀ ਪਰ ਮਾਨ ਸਰਕਾਰ ਨਸ਼ਾ ਤਸਕਰਾਂ ਨੂੰ ਜੇਲਾਂ ਵਿੱਚ ਬੰਦ ਕਰ ਰਹੀ ਹੈ।

ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਫਾਜ਼ਿਲਕਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਕੀਤੇ ਜਾ ਰਹੇ ਉਪਰਾਲਿਆਂ ਦੀ ਸਲਾਘਾ ਕੀਤੀ ਅਤੇ ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਕਿਹਾ ਕਿ ਜਦ ਆਪਾਂ ਸਾਰੇ ਲੋਕ ਇਸ ਮੁਹਿੰਮ ਵਿੱਚ ਜੁੜਾਂਗੇ ਤਾਂ ਨਿਸ਼ਚੇ ਹੀ ਜਿੱਤ ਪੰਜਾਬ ਦੀ ਹੋਵੇਗੀ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਐਸਐਸਪੀ ਵਰਿੰਦਰ ਸਿੰਘ ਬਰਾੜ ਨੇ ਜ਼ਿਲ੍ਹਾ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਅਬੋਹਰ ਦੇ ਸਾਬਕਾ ਵਿਧਾਇਕ ਸ਼੍ਰੀ ਅਰੁਣ ਨਾਰੰਗ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸੁਨੀਲ ਸਚਦੇਵਾ ਤੋਂ ਇਲਾਵਾ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਬੱਬੂ ਚੇਤੀਵਾਲ, ਸੁਖਮਨ ਸਿੰਘ ਸੰਧੂ ਵੀ ਹਾਜ਼ਰ ਸਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੁਭਾਸ਼ ਚੰਦਰ, ਐਸਡੀਐਮ ਕ੍ਰਿਸ਼ਨਾ ਪਾਲ ਰਾਜਪੂਤ ਅਤੇ ਕੰਵਰਜੀਤ ਸਿੰਘ ਮਾਨ, ਸਹਾਇਕ ਕਮਿਸ਼ਨਰ ਜਨਰਲ ਅਮਨਦੀਪ ਸਿੰਘ ਮਾਵੀ, ਸੀਐਮਐਫਓ ਰੂਪਾਲੀ ਟੰਡਨ ਤੋਂ ਇਲਾਵਾ ਕਰਨ ਕਟਾਰੀਆ ਵੀ ਹਾਜ਼ਰ ਸਨ।

# ਵਿਜ਼ਡਮ ਸਕੂਲ ਨੇ ਉਤਸ਼ਾਹ ਅਤੇ ਸੂਝ-ਬੂਝ ਵਾਲੀਆਂ ਗਤੀਵਿਧੀਆਂ ਨਾਲ ਮਨਾਇਆ ਵਿਸ਼ਵ ਪ੍ਰੈਸ ਦਿਵਸ




**ਤਰਨ ਤਾਰਨ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਜ਼ਡਮ ਸਕੂਲ ਨੇ ਵਿਸ਼ਵ ਪ੍ਰੈਸ ਦਿਵਸ ਨੂੰ ਇੱਕ ਜੀਵੰਤ ਅਤੇ ਵਿਦਿਅਕ ਪ੍ਰੋਗਰਾਮ ਨਾਲ ਮਨਾਇਆ ਜਿਸਦਾ ਉਦੇਸ਼ ਵਿਦਿਆਰਥੀਆਂ ਅੰਦਰ ,ਸਮਾਜ ਵਿੱਚ ਮੀਡੀਆ ਦੀ ਭੂਮਿਕਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।

ਇਸ ਸਮਾਗਮ ਦੀ ਸ਼ੁਰੂਆਤ ਡਾਇਰੈਕਟਰ ਸ੍ਰੀਮਤੀ ਅੰਮ੍ਰਿ ਖੇੜਾ ਜੀ, ਪ ?ਬੰਧਕ ਸ੍ਰੀਮਤੀ ਸ਼ਵੇਤਾ ਸਹਿਗਲ ਜੀ,ਪ੍ਰਿੰਸੀਪਲ ਸ਼੍ਰੀਮਤੀ ਗੁਰਪ੍ਰੀਤ ਜੌਹਲ ਜੀ ਨੇ ਕੀਤੀ, ਜਿਨ੍ਹਾਂ ਨੇ ਇਕੱਠ ਨੂੰ ਸੰਬੋਧਨ ਕੀਤਾ ਅਤੇ ਜਨਤਕ ਰਾਏ ਨੂੰ ਆਕਾਰ ਦੇਣ ਅਤੇ ਲੋਕਤੰਤਰ ਨੂੰ ਕਾਇਮ ਰੱਖਣ ਵਿੱਚ ਆਜ਼ਾਦ ਅਤੇ ਜ਼ਿੰਮੇਵਾਰ ਪ੍ਰੈਸ ਦੀ ਮਹੱਤਤਾ ਬਾਰੇ ਗੱਲ ਕੀਤੀ। ਇੱਕ ਵਿਲੱਖਣ ਪਹਿਲਕਦਮੀ ਵਿੱਚ, ਵਿਦਿਆਰਥੀਆਂ ਨੇ ਰਿਪੋਰਟਰਾਂ ਦੇ ਸਥਾਨ 'ਤੇ ਕਦਮ ਰੱਖਿਆ ਅਤੇ ਡਾ. ਕਰਨਜੀਤ ਸਿੰਘ, ਵਕੀਲ ਸ਼੍ਰੀ ਪੰਕਜ ਜੋਸ਼ੀ, ਅਤੇ ਡੀਐਸਪੀ ਔਲਖ ਸਰ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਇੰਟਰਵਿਊ ਕੀਤੇ ਅਤੇ ਵਿਚਾਰਸ਼ੀਲ ਸਵਾਲ ਪੁੱਛੇ, ਪੱਤਰਕਾਰੀ ਪੁੱਛਗਿੱਛ ਦਾ ਸਿੱਧਾ ਅਨੁਭਵ ਪ੍ਰਾਪਤ ਕੀਤਾ ਅਤੇ ਸਿੱਖਿਆ ਕਿ ਮੀਡੀਆ ਵੱਖ-ਵੱਖ ਪੇਸ਼ਿਆਂ ਨਾਲ ਕਿਵੇਂ ਗੱਲਬਾਤ ਕਰਦਾ ਹੈ।

ਇੰਟਰਐਕਟਿਵ ਸੈਸ਼ਨ ਨੇ ਨਾ ਸਿਰਫ਼ ਉਨ੍ਹਾਂ ਦਾ ਵਿਸ਼ਵਾਸ ਵਧਾਇਆ ਸਗੋਂ ਅਸਲ-ਸੰਸਾਰ ਦੇ ਮੁੱਦਿਆਂ ਦੀ ਉਨ੍ਹਾਂ ਦੀ ਸਮਝ ਨੂੰ ਵੀ ਡੂੰਘਾ ਕੀਤਾ।

ਜਸ਼ਨ ਸੱਚਾਈ ਦਾ ਸਤਿਕਾਰ ਕਰਨ ਅਤੇ ਨੈਤਿਕ ਪੱਤਰਕਾਰੀ ਨੂੰ ਉਤਸ਼ਾਹਿਤ ਕਰਨ ਦੇ ਵਾਅਦੇ ਨਾਲ ਸਮਾਪਤ ਹੋਇਆ, ਜਿਸ ਨਾਲ ਦਿਨ ਸਾਰਿਆਂ ਲਈ ਜਾਣਕਾਰੀ ਭਰਪੂਰ ਅਤੇ ਪ੍ਰੇਰਨਾਦਾਇਕ ਬਣਿਆ।

# ਪੰਜਾਬ ਸਰਕਾਰ ਨੇ ਸਿੱਖਿਆ ਖੇਤਰ ਨੂੰ ਦਿੱਤੀ ਨਵੀਂ ਉਡਾਣ : ਬ੍ਰਮ ਸ਼ੰਕਰ ਜਿੰਪਾ

## ਵਿਧਾਇਕ ਜਿੰਪਾ ਨੇ 1.28 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਤਿੰਨ ਸਰਕਾਰੀ ਸਕੂਲਾਂ ਵਿੱਚ 1.28 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਵਿਖੇ ਲਗਭਗ ਇੱਕ ਕਰੋੜ ਰੁਪਏ, ਸਰਕਾਰੀ ਐਲੀਮੈਂਟਰੀ ਸਕੂਲ ਅੱਜੋਵਾਲ ਵਿਖੇ 12 ਲੱਖ ਰੁਪਏ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬਹਾਦੁਰਪੁਰ ਵਿਖੇ 16 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਜੋ ਕੰਮ ਪਿਛਲੇ ਸਮੇਂ ਵਿੱਚ ਕੀਤਾ ਹੈ, ਉਹ ਪਿਛਲੀਆਂ ਸਰਕਾਰਾਂ ਨਹੀਂ ਕਰ ਸਕੀਆਂ। ਉਨ੍ਹਾਂ ਕਿਹਾ ਕਿ ਲਗਭਗ 6000 ਸਕੂਲਾਂ ਵਿੱਚ ਚਾਰ-ਦੀਵਾਰੀਆਂ ਬਣਾਈਆਂ ਗਈਆਂ ਹਨ ਜੋ ਕਿ ਕਈ ਹਜ਼ਾਰ ਕਿਲੋਮੀਟਰ ਬਣਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਕੂਲਾਂ ਵਿੱਚ ਆਧੁਨਿਕ ਲੈਬਾਂ ਬਣਾਈਆਂ ਗਈਆਂ ਹਨ। ਬੱਚਿਆਂ ਨੂੰ ਪ੍ਰੋਜੈਕਟਰ ਰਾਹੀਂ ਸਿੱਖਿਆ ਦਿੱਤੀ ਜਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਚਾਹੁੰਦੇ ਹਨ ਕਿ ਸੂਬੇ ਦੇ ਬੱਚਿਆਂ ਨੂੰ ਸਿੱਖਿਆ ਨਾਲ ਸਬੰਧਤ ਹਰ ਸਹੂਲਤ ਪ੍ਰਦਾਨ ਕੀਤੀ ਜਾਵੇ।

ਵਿਧਾਇਕ ਜਿੰਪਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਦੇ 40 ਸਕੂਲਾਂ ਨੂੰ ਹੁਨਰ ਸਿੱਖਿਆ ਨਾਲ ਜੋੜਿਆ ਹੈ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਵੀ ਇਨ੍ਹਾਂ ਵਿੱਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਆਪਣੀ ਸਰਕਾਰ ਦੌਰਾਨ ਇਹ ਕੰਮ ਕਿਉਂ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਦਾ ਸਰਕਾਰੀ ਸਕੂਲਾਂ ਪ੍ਰਤੀ ਵਿਸ਼ਵਾਸ ਵੀ ਵਧ ਰਿਹਾ ਹੈ ਅਤੇ ਇਹੀ ਕਾਰਨ ਹੈ ਕਿ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਬੱਚਿਆਂ ਦੇ ਬੈਠਣ ਲਈ ਬੈਂਚ ਆਦਿ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਸਕੂਲਾਂ ਵਿੱਚ ਸਾਫ਼-ਸੁਥਰੇ ਬਾਥਰੂਮ ਬਣਾਏ ਗਏ ਹਨ ਅਤੇ ਲਾਇਬ੍ਰੇਰੀਆਂ ਬਣਾਈਆਂ ਗਈਆਂ ਹਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ 11 ਵਿਦਿਆਰਥੀਆਂ ਨੇ ਜੇ.ਈ.ਈ ਦੀ ਪ੍ਰੀਖਿਆ ਪਾਸ ਕੀਤੀ ਹੈ। ਇਹ ਬੱਚੇ ਸਿਰਫ਼ ਸਰਕਾਰੀ ਸਕੂਲਾਂ ਵਿੱਚ ਹੀ ਤਿਆਰ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਸੂਬੇ ਵਿੱਚ ਕੋਈ ਵੀ ਸਕੂਲ ਅਜਿਹਾ ਨਹੀਂ ਹੈ ਜਿੱਥੇ ਵਿਕਾਸ ਕਾਰਜ ਨਾ ਹੋਏ ਹੋਣ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਆਯੋਜਿਤ ਕੀਤੇ ਜਾ ਰਹੇ ਸਮਾਗਮਾਂ ਵਿੱਚ ਮਾਪਿਆਂ ਅਤੇ ਲੋਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦਰਸਾਉਂਦੀ ਹੈ ਕਿ ਲੋਕ ਸਰਕਾਰ ਦੀ ਸਿੱਖਿਆ ਨੀਤੀ ਤੋਂ ਪੂਰੀ ਤਰ੍ਹਾਂ ਖੁਸ਼ ਹਨ।



ਉਨ੍ਹਾਂ ਨੇ ਇਨ੍ਹਾਂ ਪ੍ਰੋਗਰਾਮਾਂ ਦੌਰਾਨ ਬੱਚਿਆਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਤੋਂ ਪੜ੍ਹਾਈ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਜੋ ਵੀ ਚਾਹੀਦਾ ਹੋਵੇਗਾ, ਉਹ ਉਸਨੂੰ ਪਹਿਲ ਦੇ ਆਧਾਰ 'ਤੇ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਇਸ ਮੌਕੇ ਉਨ੍ਹਾਂ ਸਕੂਲ ਵਿੱਚ ਲਗਾਈ ਗਈ ਵਿਗਿਆਨ ਪ੍ਰਦਰਸ਼ਨੀ, ਬਿਜ਼ਨਸ ਬਲਾਸਟਰ ਨਾਲ ਸਬੰਧਤ ਸਟਾਲ ਅਤੇ ਕਿਤਾਬ ਲੰਗਰ ਦਾ ਵੀ ਨਿਰੀਖਣ ਕੀਤਾ। ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਪਤਵੰਤਿਆਂ ਦਾ ਸਨਮਾਨ ਵੀ ਕੀਤਾ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਆਮ ਆਦਮੀ ਪਾਰਟੀ ਦੀ ਆਗੂ ਸੁਮਨ ਬਹਿਲ, ਸੰਤੋਸ਼ ਸੈਣੀ, ਸੂਦ ਸਭਾ ਦੇ ਪ੍ਰਧਾਨ ਐਡਵੋਕੇਟ ਅਰਵਿੰਦ ਸੂਦ, ਸੀਨੀਅਰ ਮੀਤ ਪ੍ਰਧਾਨ ਅਵੀਨਾਸ਼ ਸੂਦ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਸੰਜੀਵ ਅਰੋੜਾ, ਬਾਲ ਵਿਕਾਸ ਪ੍ਰੀਸ਼ਦ ਦੇ ਮਦਨ ਲਾਲ ਮਹਾਜਨ, ਰਣਜੀਤ ਸ਼ਰਮਾ, ਸ੍ਰੀ ਗੁਰੂ ਨਾਨਕ ਟਰੱਸਟ ਦੇ ਐਡਵੋਕੇਟ ਜਸਵੀਰ ਸਿੰਘ, ਬਹਾਦਰ ਸਿੰਘ ਸੁਨੇਤ, ਪ੍ਰਿੰਸੀਪਲ ਅਸ਼ੋਕ ਕੁਮਾਰ, ਪ੍ਰਿੰਸੀਪਲ ਵੈਸ਼ਾਲੀ ਚੱਡਾ, ਪ੍ਰਿੰਸੀਪਲ ਰਵਿੰਦਰ ਕੌਰ, ਸੇਵਾ ਮੁਕਤ ਪ੍ਰਿੰਸੀਪਲ ਚਰਨ ਸਿੰਘ, ਹੈਡਮਾਸਟਰ ਸ਼ਰੁਤੀ ਸ਼ਰਮਾ, ਹੈਡਮਿਸਟਰੈਸ ਹਰਪ੍ਰੀਤ ਕੌਰ, ਹੈਡਮਿਸਟਰੈਸ ਦਿਪਤੀ ਢਿੱਲੋਂ, ਹੈਡਮਿਸਟਰੈਸ ਮਨਜੀਤ ਕੌਰ, ਹੈਡਮਾਸਟਰ ਹਰੀਸ਼ ਸ਼ਰਮਾ, ਪ੍ਰਵੀਨ ਸ਼ਰਮਾ, ਬਲਵੀਰ ਰਾਜ, ਪ੍ਰਵੀਨ ਕੁਮਾਰ ਸ਼ਰਮਾ, ਸਰਪੰਚ ਆਰਤੀ ਸ਼ਰਮਾ, ਸੰਦੀਪ ਸੰਧੂ, ਲੈਕਚਰਾਰ ਸੰਦੀਪ ਸੂਦ, ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਅੰਕੁਰ ਸ਼ਰਮਾ, ਸ਼ਰਨਦੀਪ ਕੌਰ, ਬਿੱਟੂ ਸ਼ਰਮਾ, ਚੰਦਰ ਪ੍ਰਕਾਸ਼ ਸਿੰਘ ਸੈਣੀ, ਚੇਅਰਮੈਨ ਅੰਜੂ ਬਾਲਾ, ਵਿਪਨ ਸ਼ਰਮਾ, ਅਮਰ ਕੌਰ, ਲੱਕੀ ਸ਼ਰਮਾ, ਰਾਜ ਕੁਮਾਰ ਵਿਮਲਾ ਦੇਵੀ ਸੁਕ੍ਰਿਤੀ ਕਸ਼ਅਪ ਆਦਿ ਵੀ ਮੌਜੂਦ ਸਨ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ 559380 ਮੀਟਰਿਕ ਟਨ ਦੀ ਖ਼ਰੀਦ ਹੋਈ : ਡਿਪਟੀ ਕਮਿਸ਼ਨਰ



**ਗੁਰਦਾਸਪੁਰ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 559380 ਮੀਟਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਬੀਤੀ ਸ਼ਾਮ ਤੱਕ ਕਿਸਾਨਾਂ ਨੂੰ ਖ਼ਰੀਦੀ ਗਈ ਫ਼ਸਲ ਦਾ 1281.56 ਕਰੋੜ ਰੁਪਏ ਭੁਗਤਾਨ ਕੀਤਾ ਜਾ ਚੁੱਕਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 571970 ਮੀਟਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 559380 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦੀ ਗਈ ਕਣਕ ਵਿੱਚ ਖ਼ਰੀਦ ਏਜੰਸੀ ਪਨਗਰੇਨ ਨੇ 145763 ਮੀਟਰਿਕ ਟਨ, ਮਾਰਕਫੈੱਡ ਨੇ 148142 ਮੀਟਰਿਕ ਟਨ, ਪਨਸਪ ਨੇ 129600 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 83436 ਮੀਟਰਿਕ ਟਨ ਅਤੇ ਐੱਫ.ਸੀ.ਆਈ. ਨੇ 22839 ਮੀਟਰਿਕ ਟਨ ਕਣਕ ਖ਼ਰੀਦੀ ਹੈ। ਇਸ ਤੋਂ ਇਲਾਵਾ 29600 ਮੀਟਰਿਕ ਟਨ ਵਪਾਰੀਆਂ ਵੱਲੋਂ ਖ਼ਰੀਦੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 1281.56 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਤੋਂ ਬਾਅਦ ਕਣਕ ਦੀ ਲਿਫ਼ਟਿੰਗ ਵੀ ਤੇਜ਼ ਕਰ ਦਿੱਤੀ ਗਈ ਹੈ ਅਤੇ ਬੀਤੀ ਸ਼ਾਮ ਤੱਕ 287326 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਲਿਫ਼ਟਿੰਗ ਤੇਜ਼ੀ ਨਾਲ ਜਾਰੀ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਨੂੰ ਮਿਲ ਰਹੀ ਵੱਡੀ ਕਾਮਯਾਬੀ, ਪੰਜਾਬੀਆਂ ਦੇ ਸਹਿਯੋਗ ਨਾਲ ਸਰਕਾਰ ਜਿੱਤੇਗੀ ਨਸ਼ਿਆਂ ਵਿਰੁੱਧ ਇਹ ਜੰਗ: ਲਾਲਜੀਤ ਸਿੰਘ ਭੁੱਲਰ




**ਚੰਡੀਗੜ੍ਹ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਖ਼ਾਤਮਾ ਕੀਤਾ ਜਾਵੇਗਾ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਜ਼ਬਤ ਕੀਤਾ ਜਾ ਰਿਹਾ ਹੈ।

ਇਹ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਅਤੇ ਕੈਬਨਿਟ ਮੰਤਰੀ ਸ੍ਰੀ ਮਹਿੰਦਰ ਭਗਤ ਨੇ ਅੱਜ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੀ.ਐੱਸ. ਗਾਰਡਨ ਪੈਲੇਸ, ਗੁਰਦਾਸਪੁਰ ਵਿਖੇ ਕਰਵਾਏ ਪਿੰਡ ਦੇ ਪਹਿਰੇਦਾਰ ਪ੍ਰੋਗਰਾਮ ਤਹਿਤ ਪਿੰਡ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਤੇ ਪੰਚਾਂ-ਸਰਪੰਚਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਇਸ ਮੌਕੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ੍ਰੀ ਜਗਰੂਪ ਸਿੰਘ ਸੇਖਵਾਂ, ਪਨਸਪ ਦੇ ਚੇਅਰਮੈਨ ਸ. ਬਲਬੀਰ ਸਿੰਘ ਪੰਨੂ, ਜ਼ਿਲ੍ਹਾ ਕੋਆਰਡੀਨੇਟਰ ਅਤੇ ਮਾਰਕਿਟ ਕਮੇਟੀ ਬਟਾਲਾ ਦੇ ਚੇਅਰਮੈਨ ਸ੍ਰੀ ਮਾਣਕ ਮਹਿਤਾ, ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਰਜੀਵ ਸ਼ਰਮਾ, ਨਗਰ ਸੁਧਾਰ ਟਰੱਸਟ ਬਟਾਲਾ ਦੇ ਚੇਅਰਮੈਨ ਸ੍ਰੀ ਯਸ਼ਪਾਲ ਚੌਹਾਨ, ਮਾਰਕਿਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਭਾਰਤ ਭੂਸ਼ਨ ਸ਼ਰਮਾ, ਮਾਰਕਿਟ ਕਮੇਟੀ ਦੀਨਾਨਗਰ ਦੇ ਚੇਅਰਮੈਨ ਸ੍ਰੀ ਬਲਜੀਤ ਸਿੰਘ ਖ਼ਾਲਸਾ, ਮਾਰਕਿਟ ਕਮੇਟੀ ਕਲਾਨੌਰ ਦੇ ਚੇਅਰਮੈਨ ਸ੍ਰੀ ਰਣਜੇਤ ਸਿੰਘ ਸਮੇਤ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਹਾਜ਼ਰ ਸੀ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ, ਐੱਸ.ਐੱਸ.ਪੀ. ਬਟਾਲਾ ਸ੍ਰੀ ਸੋਹੇਲ ਕਾਸਿਮ ਮੀਰ, ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਗੁਰਪ੍ਰੀਤ ਸਿੰਘ ਗਿੱਲ, ਜ਼ਿਲ੍ਹੇ ਦੇ ਸਮੂਹ ਐੱਸ.ਡੀ.ਐੱਮ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਵੱਲੋਂ ਜ਼ਿਲ੍ਹੇ ਦੀਆਂ ਸਮੂਹ ਵਿਲੇਜ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਕੋਲੋਂ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਉਨ੍ਹਾਂ ਦਾ ਸਾਥ ਮੰਗਿਆ ਅਤੇ ਉਨ੍ਹਾਂ ਨੂੰ ਨਸ਼ਾ ਮੁਕਤੀ ਦੀ ਸਹੁੰ ਚੁਕਾਈ ਗਈ। ਕੈਬਨਿਟ ਮੰਤਰੀ ਸ. ਭੁੱਲਰ ਨੇ ਨਸ਼ੇ ਦੇ ਸਮਗਲਰਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਜਾਂ ਤਾਂ ਨਸ਼ੇ ਦਾ ਕਾਰੋਬਾਰ ਬੰਦ ਕਰ ਦੇਣ ਜਾਂ ਪੰਜਾਬ ਛੱਡ ਜਾਣ। ਉਨ੍ਹਾਂ ਕਿਹਾ ਕਿ ਨਸ਼ੇ ਦਾ ਵਪਾਰ ਕਰਨ ਵਾਲੇ ਅਜਿਹੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਪੰਜਾਬ ਸਰਕਾਰ ਵੱਲੋਂ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸਰਕਾਰ ਨੂੰ ਲੋਕਾਂ ਦਾ ਸਾਥ ਮਿਲ ਰਿਹਾ ਹੈ ਅਤੇ ਲੋਕ ਨਸ਼ਾ ਤਸਕਰਾਂ ਨੂੰ ਫੜਾਉਣ ਲਈ ਅੱਗੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੀ ਜਵਾਨੀ ਤੇ ਅਗਲੀਆਂ ਪੀੜੀਆਂ ਨੂੰ ਬਚਾਉਣਾ ਹੈ ਤਾਂ ਸਾਨੂੰ ਨਸ਼ਿਆਂ ਵਿਰੁੱਧ ਅਵਾਜ਼ ਬੁਲੰਦ ਕਰਨੀ ਹੀ ਪਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ, ਵਾਰਡਾਂ, ਗਲੀ, ਮੁਹੱਲਿਆਂ ਵਿੱਚ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਅਤੇ ਨਸ਼ਾ ਤਸਕਰਾਂ ਸਬੰਧੀ ਸੂਚਨਾ ਪੁਲਿਸ ਨੂੰ ਦੇਣ ਤਾਂ ਜੋ ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾ ਸਕੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਵਿਲੇਜ਼ ਅਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰ ਪਿੰਡ ਦੇ ਪਹਿਰੇਦਾਰ ਵਜੋਂ ਨਸ਼ਿਆਂ ਖ਼ਿਲਾਫ਼ ਫ਼ੈਸਲਾਕੁਨ ਜੰਗ ਵਿੱਚ ਮੋਹਰੀ ਹੋ ਕੇ ਆਪਣਾ ਹਿੱਸਾ ਪਾਉਣ। ਉਨ੍ਹਾਂ ਕਿਹਾ ਕਿ ਉਹ ਘਰ-ਘਰ ਜਾ ਕੇ ਲੋਕਾਂ ਨੂੰ ਨਸ਼ੇ ਦੇ ਖ਼ਾਤਮੇ ਲਈ ਜਾਗਰੂਕ ਕਰਨ ਅਤੇ ਪਿੰਡਾਂ ਵਿੱਚ ਮਤੇ ਪਾਏ ਜਾਣ ਕਿ ਨਸ਼ੇ ਦਾ ਵਪਾਰ ਕਰਨ ਵਾਲਿਆਂ ਦੀ ਕੋਈ ਜ਼ਮਾਨਤ ਨਹੀਂ ਦੇਵੇਗਾ।

ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਮਹਿੰਦਰ ਭਗਤ ਨੇ ਨਸ਼ਿਆਂ ਦੇ ਖ਼ਾਤਮੇ ਲਈ ਸੰਜ਼ੀਦਗੀ ਅਤੇ ਇੱਕਜੁੱਟਤਾ ਨਾਲ ਕੰਮ ਕਰਨ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਲੇਜ ਤੇ ਵਾਰਡ ਡਿਫੈਂਸ ਕਮੇਟੀਆਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਪੰਚ-ਸਰਪੰਚ, ਕੌਂਸਲਰ ਅਤੇ ਹੋਰ ਮੈਂਬਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਜੋ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਆਪਣੀ ਜ਼ਿੰਮੇਵਾਰੀ ਨਿਭਾਉਣਗੇ ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਨਸ਼ਿਆਂ ਤੇ ਨਸ਼ਾ ਤਸਕਰਾਂ ਦੇ ਖ਼ਾਤਮੇ ਤੱਕ ਨਸ਼ਿਆਂ ਵਿਰੁੱਧ ਜੰਗ ਜਾਰੀ ਰਹੇਗੀ। ਉਨ੍ਹਾਂ ਪੇਂਡੂ ਸੁਰੱਖਿਆ ਕਮੇਟੀਆਂ, ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਪਿੰਡਾਂ ਦੇ ਪਹਿਰੇਦਾਰ ਵਜੋਂ ਕੰਮ ਕਰਕੇ ਨਸ਼ਿਆਂ 'ਚ ਗ੍ਰਸਤ ਲੋਕਾਂ ਦੇ ਇਲਾਜ ਤੇ ਪੁਨਰਵਾਸ ਲਈ ਸਰਕਾਰ ਦਾ ਸਹਿਯੋਗ ਕਰਨ

# ਸਰਪੰਚਾਂ/ਪੰਚਾਂ ਲਈ ਬਲਾਕ ਪੱਧਰੀ ਸਿਖਲਾਈ ਪ੍ਰੋਗਰਾਮ ਦਾ ਆਯੋਜਨ



**ਮੋਗਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੂਬੇ ਵਿੱਚ ਵਿਕਾਸ ਕਾਰਜਾਂ ਨੂੰ ਨਿਰੰਤਰ ਚਲਦੇ ਰੱਖਣ ਅਤੇ ਸਰਕਾਰੀ ਪ੍ਰਣਾਲੀ ਰਾਹੀਂ ਪਾਰਦਰਸ਼ੀ ਢੰਗ ਨਾਲ ਇਹਨਾਂ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਸਰਪੰਚਾਂ ਅਤੇ ਪੰਚਾਂ ਲਈ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਇਹਨਾਂ ਸਿਖਲਾਈ ਪ੍ਰੋਗਰਾਮਾਂ ਵਿੱਚ ਪੰਚਾਂ ਸਰਪੰਚਾਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਅਹਿਮ ਕਾਰਜ ਅਤੇ ਉਹਨਾਂ ਨੂੰ ਸਰਕਾਰੀ ਪ੍ਰਣਾਲੀ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸਦੀ ਲਗਾਤਾਰਤਾ ਵਿੱਚ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਤੇ ਪੰਚਾਇਤੀ ਰਾਜ ਸੰਸਥਾਂ ਮੋਹਾਲੀ ਵੱਲੋਂ ਨਵੇਂ ਚੁਣੇ ਗਏ ਸਰਪੰਚਾਂ/ਪੰਚਾਂ ਲਈ ਬਲਾਕ ਪੱਧਰ ਤੇ ਤਿੰਨ ਰੋਜਾ ਮੁੱਢਲਾ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ।

ਬੀ.ਡੀ.ਪੀ.ਓ ਬਾਘਾਪੁਰਾਣਾ ਹਰੀ ਸਿੰਘ ਨੇ ਦੱਸਿਆ ਕਿ ਇਸ ਸਿਖਲਾਈ ਪ੍ਰੋਗਰਾਮ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਮਾਸਟਰ ਰਿਸੋਰਸ ਪਰਸਨ,ਈ-ਪੰਚਾਇਤ ਓਪਰੇਟਰ ਅਤੇ ਵੱਖ-ਵੱਖ ਮਹਿਕਮਿਆਂ ਦੁਆਰਾ ਟ੍ਰੇਨਿੰਗ ਦਿੱਤੀ ਗਈ ਅਤੇ ਉਹਨਾਂ ਨੂੰ ਪੰਜਾਬ ਸਰਕਾਰ ਦੀਆਂ ਵੱਖ-2 ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਸਾਂਝੀਆਂ ਸਕੀਮਾਂ ਬਾਰੇ ਵੀ ਜਾਗਰੂਕ ਕੀਤਾ ਗਿਆ। ਇਹਨਾਂ ਸਕੀਮਾਂ ਨੂੰ ਪਿੰਡ ਪੱਧਰ ਉੱਪਰ ਕਿਵੇਂ ਸੁਚੱਜੇ ਤਰੀਕੇ ਨਾਲ ਲਾਗੂ ਕੀਤਾ ਜਾ ਸਕਦਾ ਹੈ ਬਾਰੇ ਬੜੀ ਬਰੀਕੀ ਨਾਲ ਜਾਗਰੂਕ ਕੀਤਾ ਗਿਆ। ਇਸ ਦੇ ਨਾਲ ਹੀ ਸ.ਗੁਰਪ੍ਰੀਤ ਸਿੰਘ ਕਾਂਗੜ (ਵਕੀਲ) ਦੁਆਰਾ ਉਹਨਾਂ ਨੂੰ ਉਹਨਾਂ ਦੇ ਅਧਿਕਾਰ ਖੇਤਰ ਬਾਰੇ ਵੀ ਜਾਣਕਾਰੀ ਦਿੱਤੀ ਗਈ। ਟ੍ਰੇਨਿੰਗ ਕੈਂਪ ਵਿੱਚ ਨਵੇਂ ਚੁਣੇ ਗਏ ਸਰਪੰਚਾਂ/ਪੰਚਾਂ,ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਕੁਆਰਡੀਨੇਟਰ, ਏ.ਪੀ.ਓ ਮਗਨਰੇਗਾ, ਸਿੱਖਿਆ ਵਿਭਾਗ ,ਐੱਸ.ਆਰ. ਐੱਲ. ਐੱਮ ਵਿਭਾਗ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਟ੍ਰੇਨਿੰਗ ਵਿੱਚ ਹਿੱਸਾ ਲਿਆ।

ਇਸ ਟ੍ਰੇਨਿੰਗ ਦੌਰਾਨ ਵੀਰਪਾਲ ਕੌਰ ਮਾਸਟਰ ਰਿਸੋਰਸ ਪਰਸਨ ਐੱਸ.ਆਈ.ਆਰ.ਡੀ ਮੋਹਾਲੀ, ਸ਼੍ਰੀਮਤੀ ਸਰਬਜੀਤ ਕੌਰ ਮਾਸਟਰ ਰਿਸੋਰਸ ਪਰਸਨ ਐੱਸ.ਆਈ.ਆਰ.ਡੀ ਮੋਹਾਲੀ, ਸੁਖਵਿੰਦਰ ਸਿੰਘ ਨੋਡਲ ਅਫਸਰ, ਸ਼੍ਰੀ ਦੇਵੀ ਪ੍ਰਸ਼ਾਦ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਾਘਾਪੁਰਾਣਾ,ਪੰਚਾਇਤ ਸਕੱਤਰ ਸੇਵਕ, ਕਰਮਜੀਤ ਕੌਰ ਏ.ਪੀ.ਓ ਮਗਨਰੇਗਾ, ਸਨਦੀਪ ਸਿੰਘ ਬੀ.ਪੀ.ਐੱਮ ਐੱਸ.ਆਰ. ਐੱਲ.ਐੱਮ, ਹਰਜਿੰਦਰ ਕੌਰ ਸਿਹਤ ਵਿਭਾਗ,ਕੋਮਲ ਬਾਂਸਲ ਸੁਪਰਵਾਈਜਰ, ਅਰੁਣਦੀਪ ਸਿੰਘ ਚੰਦੀ ਡਾਟਾ ਐਂਟਰੀ ਓਪਰੇਟਰ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਆਦਿ ਅਧਿਕਾਰੀ/ਕਰਮਚਾਰੀ ਹਾਜਰ ਰਹੇ।

# ਯੁੱਧ ਨਸ਼ਿਆਂ ਵਿਰੁੱਧ ਤਹਿਤ ਹੰਡਿਆਇਆ ਵਿੱਚ ਢਾਹੇ 2 ਨਾਜਾਇਜ਼ ਢਾਂਚੇ

**ਬਰਨਾਲਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ੁਰੂ ਕੀਤੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਅਧੀਨ ਨਗਰ ਪੰਚਾਇਤ ਹੰਡਿਆਇਆ ਨੇ ਬਰਨਾਲਾ ਪੁਲਿਸ ਦੇ ਸਹਿਯੋਗ ਨਾਲ ਅੱਜ ਕਿਲ੍ਹਾ ਪੱਤੀ ਵਿਚ ਨਾਜਾਇਜ਼ ਤੌਰ 'ਤੇ ਉਸਾਰੇ ਗਏ ਢਾਂਚੇ ਢਾਹੇ।

ਸੀਨੀਅਰ ਪੁਲਿਸ ਕਪਤਾਨ (ਐੱਸ ਐੱਸ ਪੀ) ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਨੇ ਦੱਸਿਆ ਕਿ ਅੱਜ ਕਿਲ੍ਹਾ ਪੱਤੀ ਹੰਡਿਆਇਆ ਵਿੱਚ ਦੋ ਨਾਜਾਇਜ਼ ਢਾਂਚੇ ਢਾਹੇ ਗਏ ਹਨ।ਜਿਸ ਦੇ ਮਾਲਿਕ ਮਾਰੂ ਕੌਰ ਪਤਨੀ ਪਿਆਰਾ ਸਿੰਘ, ਮੱਖਣ ਸਿੰਘ ਪੁੱਤਰ ਪਿਆਰਾ ਸਿੰਘ, ਸੋਨੀਆ ਪਤਨੀ ਮੱਖਣ ਸਿੰਘ, ਬਲਦੇਵ ਸਿੰਘ ਪੁੱਤਰ ਪਿਆਰਾ ਸਿੰਘ, ਤਿੱਤਰ ਸਿੰਘ ਪੁੱਤਰ ਪਿਆਰਾ ਸਿੰਘ ਹਨ।

# ਝੋਨੇ ਦੀਆਂ ਪਾਬੰਦੀਸ਼ੁਦਾ ਹਾਈਬ੍ਰਿਡ ਕਿਸਮਾਂ ਦੇ ਬੀਜ ਦੀ ਪਨੀਰੀ ਨਾਂ ਬੀਜੀ ਜਾਵੇ : ਮੁੱਖ ਖੇਤੀਬਾੜੀ ਅਫ਼ਸਰ

**ਲੁਧਿਆਣਾ, 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਪਾਬੰਦੀ ਸ਼ੁਦਾ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਦੀ ਬਿਜਾਈ ਨਹੀਂ ਕਰਨੀ ਚਾਹੀਦੀ ਤਾਂ ਜੋ ਮੰਡੀਕਰਨ ਸਮੇਂ ਕਿਸੇ ਕਿਸਮ ਦੀ ਸਮੱਸਿਆ ਤੋਂ ਬਚਿਆ ਜਾ ਸਕੇ। ਝੋਨੇ ਦੀਆਂ ਸਿਫ਼ਾਰਸ਼ ਸ਼ੁਦਾ ਕਿਸਮਾਂ ਦੀ ਪਨੀਰੀ ਦੀ ਬਿਜਾਈ ਕਰਨ ਬਾਰੇ ਤਕਨੀਕੀ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਮੰਡੀ ਵਿੱਚ ਝੋਨੇ ਦੇ ਮੰਡੀਕਰਨ ਸਮੇਂ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ ਜਿਸ ਨਾਲ ਕਿਸਾਨਾਂ ਨੂੰ ਵੱਡੀ ਪੱਧਰ ਤੇ ਆਰਥਿਕ ਨੁਕਸਾਨ ਹੋਇਆ ਸੀ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਪੰਜਾਬ ਸਰਕਾਰ ਵੱਲੋਂ ਹਾਈਬ੍ਰਿਡ ਕਿਸਮਾਂ ਦੇ ਬੀਜ ਦੀ ਵਿੱਕਰੀ ਅਤੇ ਲਵਾਈ ਕਰਨ ਤੇ ਪਾਬੰਦੀ ਲਗਾਈ ਹੈ ਅਤੇ ਇਸ ਸਬੰਧੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਲਗਾਤਾਰ ਕਿਸਾਨਾਂ ਇਨ੍ਹਾਂ ਕਿਸਮਾਂ ਦੀ ਲਵਾਈ ਨਾਂ ਕਰਨ ਅਤੇ ਬੀਜ ਵਿਕ੍ਰੇਤਾਵਾਂ ਨੂੰ ਇਨ੍ਹਾਂ ਕਿਸਮਾਂ ਦੇ ਬੀਜ ਦੀ ਵਿੱਕਰੀ ਨਾ ਕਰਨ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੁਝ ਕਿਸਾਨਾਂ ਵੱਲੋਂ ਗੁਆਂਢੀ ਰਾਜਾਂ ਤੋਂ ਹਾਈਬ੍ਰਿਡ ਕਿਸਮਾਂ ਦੇ ਬੀਜ ਖ਼ਰੀਦ ਕੇ ਪਨੀਰੀ ਦੀ ਬਿਜਾਈ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਜੋ ਪੰਜਾਬ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੇ ਬੀਜ ਦੀ ਵਰਤੋਂ ਕਰਦੀਆਂ ਪਨੀਰੀ ਦੀ ਬਿਜਾਈ ਨਾਂ ਕੀਤੀ ਜਾਵੇ ਤਾਂ ਜੋ ਬਾਅਦ ਵਿੱਚ ਕੋਈ ਮੁਸ਼ਕਲ ਦਾ ਸਾਹਮਣਾ ਨਾਂ ਕਰਨਾ ਪਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਸਿਫਾਰਸ਼ਸ਼ੁਦਾ ਕਿਸਮਾਂ ਦੇ ਬੀਜ ਦੀ ਖ਼ਰੀਦ ਕਰਕੇ ਹੀ ਸਮੇਂ ਸਿਰ ਪਨੀਰੀ ਦੀ ਬਿਜਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਪੀ ਆਰ 128 ਕਿਸਮ ਦੇ ਬੀਜ ਦੀ ਵਧੇਰੇ ਮੰਗ ਕੀਤੀ ਜਾ ਰਹੀ ਹੈ । ਉਨ੍ਹਾਂ ਕਿਹਾ ਕਿ ਪੀ ਆਰ 128 ਅਤੇ ਹੋਰ ਕਿਸਮਾਂ ਦੀ ਪਨੀਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫ਼ਾਰਸ਼ ਕੀਤੇ ਸਮੇਂ ਤੇ ਹੀ ਕੀਤੀ ਜਾਵੇ ਅਤੇ ਫ਼ਸਲ ਨੂੰ ਯੂਰੀਆ ਖਾਦ,ਬਾਕੀ ਕਿਸਮਾਂ ਨਾਲੋਂ ਘੱਟ ਪਾਈ ਜਾਣੀ ਚਾਹੀਦੀ ਹੈ ।



ਉਨ੍ਹਾਂ ਕਿਹਾ ਕਿ ਝੋਨੇ ਦੀ ਪਨੀਰੀ ਤੋਂ ਪਹਿਲਾ ਖੇਤ ਨੂੰ ਰੌਣੀ ਕਰ ਲੈਣਾ ਚਾਹੀਦਾ ਤਾਂ ਜੋ ਪਿਛਲੇ ਸਾਲ ਬੀਜੇ ਝੋਨੇ ਦੇ ਬੀਜ ਉੱਗ ਸਕਣ ਅਤੇ ਪਨੀਰੀ ਵਿਚ ਪਿਛਲੇ ਸਾਲ ਵਾਲੇ ਬੀਜ ਤੋਂ ਉੱਗਣ ਵਾਲੇ ਬੂਟੇ ਰਲ ਨਾਂ ਸਕਣ। ਉਨ੍ਹਾਂ ਕਿਹਾ ਕਿ ਝੋਨੇ ਦੀ ਪਨੀਰੀ ਬੀਜਣ ਤੋਂ ਪਹਿਲਾਂ ਰੌਣੀ ਕਰਨ ਨਾਲ ਚੋਬਾ ਜਾਂ ਸਾਉਣ ਜਾਂ ਜੰਗਲੀ ਝੋਨੇ ਦੇ ਬੀਜ ਵੀ ਉੱਗ ਜਾਂਦੇ ਹਨ।ਉਨ੍ਹਾਂ ਕਿਹਾ ਕਿ ਪਨੀਰੀ ਬੀਜਣ ਤੋਂ ਪਹਿਲਾਂ ਦੇਸੀ ਰੂੜੀ ਵਰਤਣ ਨਾਲ ਪਨੀਰੀ ਸੌਖਿਆਂ ਪੁੱਟੀ ਜਾਂਦੀ ਹੈ ।ਉਨ੍ਹਾਂ ਕਿਹਾ ਕਿ ਪਨੀਰੀ ਦੀ ਬਿਜਾਈ ਕਰਨ ਤੋਂ ਪਹਿਲਾਂ 4 ਕਿੱਲੋ ਯੂਰੀਆ,7 ਕਿੱਲੋ ਸਿੰਗਲ ਸੁਪਰਫਾਸਫੇਟ ਅਤੇ 3 ਕਿੱਲੋ ਜ਼ਿੰਕ ਸਲਫ਼ੇਟ 33 ਫ਼ੀਸਦੀ ਪਾ ਦੇਣੀ ਚਾਹੀਦੀ ਹੈ । ਉਨ੍ਹਾਂ ਕਿਹਾ ਕਿ ਪਨੀਰੀ ਬੀਜਣ ਤੋਂ ਪਹਿਲਾਂ ਬੀਜ ਨੂੰ ਪਾਣੀ ਨਾਲ ਭਰੇ ਟੱਬ ਵਿੱਚ ਪਾਂ ਕੇ ਬਿਮਾਰੀ ਵਾਲੇ ਅਤੇ ਹੌਲੇ ਦਾਣੇ ਬਾਹਰ ਕੱਢ ਲੈਣਾ ਚਾਹੀਦਾ ਅਤੇ ਪਾਣੀ ਦੇ ਹੇਠਾਂ ਬੈਠੇ ਬੀਜ ਹੀ ਪਨੀਰੀ ਬੀਜਣ ਲਈ ਵਰਤਿਆ ਜਾਣਾ ਚਾਹੀਦਾ।ਉਨ੍ਹਾਂ ਕਿਹਾ ਕਿ ਚੋਣ ਕੀਤੇ ਗਏ ਤੰਦਰੁਸਤ ਬੀਜ ਨੂੰ 24 ਗਰਾਮ ਸਪਰਿੰਟ ਨਾਮ ਦੀ ਉੱਲੀ ਨਾਸ਼ਕ ਪ੍ਰਤੀ 8 ਕਿੱਲੋ ਬੀਜ ਨੂੰ 100 ਮਿਲੀ ਲੀਟਰ ਪਾਣੀ ਵਿਚ ਘੋਲ ਕੇ ਬੀਜ ਸੋਧ ਲਿਆ ਜਾਵੇ।ਉਨ੍ਹਾਂ ਕਿਹਾ ਕਿ ਸੋਧੇ ਹੋਏ ਬੀਜ ਨੂੰ ਗਿੱਲੀਆਂ ਬੋਰੀਆਂ ਉੱਪਰ 6-7 ਮੋਟੀ ਤਹਿ ਲਗਾ ਕੇ ਖਿਲਾਰ ਕੇ ਗਿੱਲੀਆਂ ਬੋਰੀਆਂ ਨਾਲ ਢੱਕਣ ਉਪਰੰਤ ਰੋਜ਼ਾਨਾ ਪਾਣੀ ਪਾ ਕੇ ਬੋਰੀਆਂ ਨੂੰ ਗਿੱਲਾ ਰੱਖੋ। ਉਨ੍ਹਾਂ ਕਿਹਾ ਕਿ ਪਨੀਰੀ ਬੀਜਣ ਉਪਰੰਤ ਸਿਫ਼ਾਰਸ਼ ਕੀਤੀਆਂ ਨਦੀਨ ਨਾਸ਼ਕਾਂ ਜਿਵੇਂ 1200 ਮਿਲੀ ਲੀਟਰ ਬੂਟਾਕਲੋਰ ਪ੍ਰਤੀ ਏਕੜ ਨੂੰ 60 ਕਿੱਲੋ ਰੇਤ ਵਿਚ ਮਿਲਾ ਕੇ ਬਿਜਾਈ ਤੋਂ 7 ਦਿਨਾਂ ਬਾਅਦ ਜਾਂ 500 ਮਿਲੀ ਲੀਟਰ ਸੋਫਟ (ਸੈਫਨਰ ਅਤੇ ਪ੍ਰੀਟਿਲਾਕਲੋਰ) ਨੂੰ ਬਿਜਾਈ ਤੋਂ 3 ਦਿਨਾਂ ਬਾਅਦ ਰੇਤ ਚ ਮਿਲਾ ਕੇ ਛੱਟਾ ਦੇ ਦਿਓ। ਇਸ ਤੋਂ ਇਲਾਵਾ ਪਨੀਰੀ ਦੀ ਬਿਜਾਈ ਤੋਂ 15-20 ਦਿਨਾਂ ਬਾਅਦ 100 ਗਰਾਮ ਬਿਸਪੈਰੀਬੈਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਨੀਰੀ ਦੀ ਬਿਜਾਈ ਤੋਂ 15 ਦਿਨਾਂ ਬਾਅਦ 15 ਕਿੱਲੋ ਯੂਰੀਆ ਦਾ ਛੱਟਾ ਦੇ ਦੇਣਾ ਚਾਹੀਦਾ ਤਾਂ ਜੋ ਤੰਦਰੁਸਤ ਪਨੀਰੀ ਸਮੇਂ ਸਿਰ ਤਿਆਰ ਹੋ ਸਕੇ।

# ਬਹੁਜਨ ਸਮਾਜ ਪਾਰਟੀ ਦੀ ਪੰਜਾਬ ਬਚਾਓ ਰੈਲੀ ਸਬੰਧੀ ਹੋਈ ਮੀਟਿੰਗ

**ਚਮਕੌਰ ਸਾਹਿਬ 7 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਦੀ ਮੀਟਿੰਗ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਮੀਟਿੰਗ ਹਾਲ ਵਿੱਚ ਹੋਈ ਮੀਟਿੰਗ ਵਿੱਚ ਬਸਪਾ ਪੰਜਾਬ ਦੇ ਇੰਚਾਰਜ ਸ ਅਜੀਤ ਸਿੰਘ ਭੈਣੀ ਤੇ ਸੂਬਾ ਜਨਰਲ ਸਕੱਤਰ ਸ ਰਾਜਿੰਦਰ ਸਿੰਘ ਨਨਹੇੜੀਆਂ ਵਿਸ਼ੇਸ਼ ਤੌਰ ਤੇ ਪਹੁੰਚੇ.ਮੀਟਿੰਗ ਵਿੱਚ ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਅਹੁਦੇਦਾਰਾਂ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ ਇਸ

ਇਸ ਮੌਕੇ ਪ੍ਰਧਾਨ ਜਸਵੰਤ ਸਿੰਘ ਬਹਿਰਾਮਪੁਰ,ਜਨਰਲ ਸਕੱਤਰ ਗੁਰਨਾਮ ਸਿੰਘ ਪਿੱਪਲ ਮਾਜਰਾ, ਉਪ ਪ੍ਰਧਾਨ ਡਾਕਟਰ ਰੂੜ ਸਿੰਘ, ਖਜਾਨਚੀ ਹਰਮੇਸ਼ ਸਿੰਘ ਜਸਵਿੰਦਰ ਸਿੰਘ ਛਿੱਬਰ ਨੂੰ ਸਕੱਤਰ ਤੇ ਭੁਪਿੰਦਰ ਸਿੰਘ ਕੋਟਲਾ ਨੂੰ ਜਿਲਾ ਸੰਗਠਨ ਸਕੱਤਰ, ਮਨਜੀਤ ਸਿੰਘ ਕਕਰਾਲੀ ਨੂੰ ਜ਼ਿਲ ?ਾ ਸੰਗਠਨ ਸਕੱਤਰ, ਲਗਾਇਆ ਗਿਆ ਲਗਾਇਆ ਗਿਆ. ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਭੈਣੀ ਤੇ ਨਨਹੇੜੀਆਂ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਵੱਲੋਂ ਚਲਾਈ ਗਈ ਪੰਜਾਬ ਸੰਭਾਲੋ ਮੁਹਿੰਮ ਨੂੰ ਪਿੰਡ ਪਿੰਡ ਤੱਕ ਪਹੁੰਚਾਉਣ ਲਈ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ. ਉਹਨਾਂ ਕਿਹਾ ਕਿ ਸੂਬੇ ਦੀ ਸਰਕਾਰ ਹਰ ਫਰੰਟ ਤੇ ਫੇਲ ਹੋ ਚੁੱਕੀ ਹੈ. ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਲੋਕ ਤੰਗ ਆ ਚੁੱਕੇ ਹਨ. ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਜਿੰਦਰ ਸਿੰਘ ਰਾਜਾ ਨਨਹੇੜੀਆਂ ਨੇ ਇਹ ਵੀ ਕਿਹਾ ਕਿ ਇਥੋਂ ਦੀ ਇੱਕ ਦਲਿਤ ਮਹਿਲਾ ਪੱਤਰਕਾਰ ਨਾਲ ਇੱਕ ਯੂਟਿਊਬਰ ਵੱਲੋਂ ਜਾਤੀ ਸੂਚਕ ਸ਼ਬਦ ਬੋਲਣ ਦੀ ਸ਼ਿਕਾਇਤ ਮਿਲੀ ਹੈ ਜੋ ਬਹੁਜਨ ਸਮਾਜ ਪਾਰਟੀ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕਰੇਗੀ ਅਗਰ ਅਜਿਹੇ ਸ਼ਬਦ ਵਰਤਣ ਵਾਲੇ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈ ਨਾ ਕੀਤੀ ਗਈ ਤਾਂ ਬਹੁਜਨ ਸਮਾਜ ਪਾਰਟੀ ਸੜਕਾਂ ਤੇ ਉੱਤਰ ਆਵੇਗੀ.

# ਗੁਰੂਆਂ, ਪੀਰਾਂ ਦੀ ਧਰਤੀ ਨੂੰ ਨਸ਼ਾ ਮੁਕਤ ਕਰਨਾ ਸਰਕਾਰ ਦੀ ਮੁੱਖ ਤਰਜ਼ੀਰ : ਅਮਨ ਅਰੋੜਾ



ਬਠਿੰਡਾ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਸਾਡੀ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਨੂੰ ਨਸ਼ਾ ਮੁਕਤ ਕਰਨ ਲਈ ਮੁੱਖ ਤਰਜੀਹ ਦੇ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਅੱਜ ਇਥੇ ਕੁਈਨਜ਼ ਲੈਂਡ ਪੈਲੇਸ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਦੇ ਮੱਦੇਨਜ਼ਰ 'ਪਿੰਡਾਂ ਦੇ ਪਹਿਰੇਦਾਰ' ਪ੍ਰੋਗਰਾਮ ਤਹਿਤ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ।

ਇਸ ਮੌਕੇ ਉਨ੍ਹਾਂ ਦੇ ਨਾਲ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ, ਵਿਧਾਇਕ ਚੀਫ ਵਿੱਪ ਤੇ ਵਿਧਾਇਕ ਤਲਵੰਡੀ ਸਾਬੋ ਪ੍ਰੋ. ਬਲਜਿੰਦਰ ਕੌਰ, ਵਿਧਾਇਕ ਬਠਿੰਡਾ (ਸ਼ਹਿਰੀ) ਸ ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਰਾਮਪੁਰਾ ਸ਼੍ਰੀ ਬਲਕਾਰ ਸਿੰਘ ਸਿੱਧੂ, ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ, ਨਸ਼ਾ ਮੁਕਤੀ ਮੋਰਚਾ ਮਾਲਵਾ ਵੈਸਟ ਜ਼ੋਨ ਦੇ ਕੋਆਰਡੀਨੇਟਰ ਸ੍ਰੀ ਚੁਸਪਿੰਦਰ ਚਹਿਲ, ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ, ਐਸਐਸਪੀ ਮੈਡਮ ਅਮਨੀਤ ਕੌਂਡਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਸਰਪੰਚਾਂ, 3556 ਨੁਮਾਇੰਦਿਆਂ ਸਮੇਤ 2232 ਵਿਲੇਜ਼ ਡਿਫੈਂਸ ਕਮੇਟੀ ਦੇ ਮੈਂਬਰਾਂ ਨੂੰ ਨਸ਼ਿਆਂ ਖਿਲਾਫ ਮੁਹਿੰਮ ਜਾਰੀ ਰੱਖਣ ਲਈ ਸਹੁੰ ਵੀ ਚੁਕਾਈ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਜੁਝਾਰੂ ਲੋਕਾਂ ਦੀ ਧਰਤੀ ਹੈ ਅਤੇ ਸਾਡੇ ਲੋਕ ਨਸ਼ੇ ਖਿਲਾਫ ਸ਼ੁਰੂ ਕੀਤੀ ਇਸ ਜੰਗ ਵਿਚ ਵੀ ਡਟ ਕੇ ਸਾਥ ਦੇਣਗੇ ਅਤੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਵਿੱਚ ਆਪਣਾ ਪੂਰਨ ਸਹਿਯੋਗ ਦੇਣਗੇ।

ਇਸ ਦੌਰਾਨ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਸੂਬੇ ਦਾ ਹਰ ਵਾਸੀ ਚਾਹੁੰਦਾ ਹੈ ਕਿ ਪੰਜਾਬ ਨਸ਼ਾ ਮੁਕਤ ਹੋਵੇ, ਜਿਸ ਨੂੰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਨੇ ਪ੍ਰਣ ਲੈਂਦਿਆਂ ਨਸ਼ੇ ਖਿਲਾਫ਼ ਵੱਡੀ ਜੰਗ ਸ਼ੁਰੂ ਕਰਕੇ ਅਮਲੀ ਰੂਪ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਦੀ ਭਲਾਈ ਲਈ ਕ੍ਰਾਂਤੀਕਾਰੀ ਅਤੇ ਫੈਸਲਾਕੁਨ ਉਪਰਾਲੇ ਕਰ ਰਹੀ ਹੈ। ਇਸ ਦੌਰਾਨ ਉਨ੍ਹਾਂ ਮੁੜ ਦਹਰਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਨਸ਼ੇ ਤੋਂ ਪੀੜਤ ਨੌਜਵਾਨਾਂ ਤੇ ਉਨ੍ਹਾਂ ਦੇ ਮਾਪਿਆਂ ਦੀ ਤਰਾਸਦੀ ਬਾਰੇ ਸੋਚਦਿਆਂ ਨਸ਼ੇ ਖਿਲਾਫ ਵੱਡੀ ਜੰਗ ਅਤੇ ਨਸ਼ੇ ਦੀ ਚੇਨ ਨੂੰ ਤੋੜਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਅਤੇ ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਲੋਂ ਸਾਂਝੇ ਤੌਰ 'ਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿਚ ਲਗਾਤਾਰ ਕੀਤੀ ਜਾ ਰਹੀ ਕਾਰਗੁਜ਼ਾਰੀ ਨੂੰ ਵੀ ਸਾਂਝਾ ਕੀਤਾ। ਇਸ ਮੌਕੇ ਨਗਰ ਨਿਗਮ ਦੇ ਮੇਅਰ ਸ਼੍ਰੀ ਪਦਮਜੀਤ ਮਹਿਤਾ, ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਅਮਰਜੀਤ ਮਹਿਤਾ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ. ਜਤਿੰਦਰ ਭੱਲਾ,ਐਸਸੀ ਕਾਰਪੋਰੇਸ਼ਨ ਪੰਜਾਬ ਦੇ ਵਾਇਸ ਚੇਅਰਮੈਨ ਸ. ਗੁਰਜੰਟ ਸਿੰਘ ਸਿਵੀਆਂ,
ਬਲਕਾਰ ਸਿੰਘ ਭੋਖੜਾ ਚੇਅਰਮੈਨ ਮਾਰਕੀਟ ਕਮੇਟੀ ਗੋਨੇਆਣਾ ਮੰਡੀ, ਰਜਨੀਸ਼ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਸੰਦੀਪ ਦੁੱਗਲ ਕੌਂਸਲਰ ਆਦਿ ਹਾਜਰ ਸਨ

# ਸਮਰਥਾ ਵਿਕਾਸ ਅਤੇ ਆਫ਼ਤ ਜੋਖਮ ਘਟਾਉ ਸਬੰਧੀ ਟਰੇਨਿੰਗ ਵਰਕਸ਼ਾਪ ਡਾ. ਮਨਪ੍ਰੀਤ ਗਲੋਬਲ ਆਈ ਹਸਪਤਾਲ ਵਿੱਚ ਆਯੋਜਿਤ



ਪਟਿਆਲਾ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਮਨਪ੍ਰੀਤ ਗਲੋਬਲ ਆਈ ਹਸਪਤਾਲ ਨੇ ਸੈਂਟਰ ਫਾਰ ਡਿਜਾਸਟਰ ਰਿਸਪਾਂਸ ਐਂਡ ਟਰੇਨਿੰਗ ਸੋਸਾਇਟੀ ਦੇ ਸਹਿਯੋਗ ਨਾਲ ਇੱਕ ਸਫਲ ਵਰਕਸ਼ਾਪ ਦਾ ਆਯੋਜਨ ਕੀਤਾ, ਜਿਸਦਾ ਉਦੇਸ਼ ਚਿਕਿਤਸਕ ਵਿਦਵਾਨਾਂ ਦੀ ਆਫ਼ਤ ਤਿਆਰੀ ਅਤੇ ਜੋਖਮ ਘਟਾਉਣ ਸਬੰਧੀ ਸਮਰਥਾ ਵਿੱਚ ਵਾਧਾ ਕਰਨਾ ਸੀ।

ਇਹ ਵਰਕਸ਼ਾਪ ਡਾਕਟਰਾਂ ਅਤੇ ਹਸਪਤਾਲ ਦੇ ਸਟਾਫ ਨੂੰ ਕੁਦਰਤੀ ਆਫ਼ਤਾਂ, ਉਦਯੋਗਿਕ ਖ਼ਤਰੇ ਅਤੇ ਵੱਡੀ ਤਾਦਾਦ ਵਾਲੇ ਜ਼ਖਮੀ ਹਾਦਸਿਆਂ ਵਰਗੀਆਂ ਅਕਸਮਾਤ ਸਥਿਤੀਆਂ ਵਿੱਚ ਪ੍ਰਭਾਵਸ਼ਾਲੀ ਤਰੀਕੇ ਨਾਲ ਕਾਰਵਾਈ ਕਰਨ ਲਈ ਲੋੜੀਂਦੇ ਹੁਨਰ ਅਤੇ ਗਿਆਨ ਨਾਲ ਲੈਸ ਕਰਨ 'ਤੇ ਕੇਂਦਰਤ ਸੀ। ਇਹ ਹਸਪਤਾਲ ਦੀ ਤਿਆਰੀ ਅਤੇ ਆਫ਼ਤਾਂ ਦੇ ਸਮੇਂ ਲਚਕੀਲੇਪਨ ਨੂੰ ਮਜ਼ਬੂਤ ਕਰਨ ਵੱਲ ਇਕ ਮਹੱਤਵਪੂਰਨ ਕਦਮ ਸਾਬਤ ਹੋਇਆ। ਇਸ ਮੌਕੇ ਨੂੰ ਪ੍ਰੋ. (ਡਾ.) ਜੌਂਗ ਭਾਟੀਆ, ਸੀਨੀਅਰ ਕਨਸਲਟੈਂਟ (ਆਫ਼ਤ ਪ੍ਰਬੰਧਨ) ਅਤੇ ਅੰਤਰਰਾਸ਼ਟਰੀ ਪੱਧਰੀ HAZMAT ਵਿਸ਼ੇਸ਼ਗਿਆਨ, ਜੋ ਕਿ ਇਸ ਸਮੇਂ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ (MGSIPA), ਪੰਜਾਬ ਸਰਕਾਰ, ਚੰਡੀਗੜ੍ਹ ਨਾਲ ਸੇਵਾਵਾਂ ਨਿਭਾ ਰਹੇ ਹਨ, ਨੇ ਆਪਣੀ ਹਾਜ਼ਰੀ ਨਾਲ ਵਿਸ਼ੇਸ਼ ਸ਼ੋਭਾ ਬਖਸ਼ੀ। ਡਾ. ਭਾਟੀਆ ਮੁੱਖ ਰਿਸੋਰਸ ਪਰਸਨ ਵਜੋਂ ਸ਼ਾਮਿਲ ਹੋਏ ਅਤੇ ਉਨ੍ਹਾਂ ਨੇ ਹਸਪਤਾਲ ਆਫ਼ਤ ਤਿਆਰੀ, ਟ੍ਰਾਈਆਜ ਪ੍ਰਬੰਧਨ ਅਤੇ ਹਾਨੀਕਾਰਕ ਪਦਾਰਥਾਂ ਦੀ ਸੰਭਾਲ ਬਾਰੇ ਵਿਸ਼ਲੇਸ਼ਣਾਤਮਕ ਲੈਕਚਰ ਦਿੱਤਾ।

ਵਰਕਸ਼ਾਪ ਦੌਰਾਨ ਭਾਗੀਦਾਰਾਂ ਨੇ ਹੱਥ-ਉਪਰ ਹੱਥ ਟਰੇਨਿੰਗ ਲਈ ਅਤੇ ਇੰਟਰਐਕਟਿਵ ਚਰਚਾਵਾਂ ਰਾਹੀਂ ਵਰਤੋਂਯੋਗ ਤੇ ਜਾਣਕਾਰੀ ਭਰਪੂਰ ਅਨੁਭਵ ਪ੍ਰਾਪਤ ਕੀਤਾ। ਇਹ ਪਹਿਲ ਇਹ ਦਰਸਾਉਂਦੀ ਹੈ ਕਿ ਸਿਹਤ ਸੇਵਾਵਾਂ ਨੂੰ ਕੁਦਰਤੀ ਅਤੇ ਮਨੁੱਖੀ ਨਿਰਮਿਤ ਆਫ਼ਤਾਂ ਦੇ ਚੈਲੰਜਾਂ ਨੂੰ ਸਾਹਮਣਾ ਕਰਨ ਯੋਗ ਬਣਾਉਣ ਉੱਤੇ ਕਿੰਨੀ ਧਿਆਨ ਦੇਣ ਦੀ ਲੋੜ ਹੈ।
ਡਾ. ਮਨਪ੍ਰੀਤ ਅਤੇ ਡਾ. ਨੇਹਾ, ਗਲੋਬਲ ਆਈ ਹਸਪਤਾਲ, ਪਟਿਆਲਾ ਵੱਲੋਂ ਐਸੇ ਉਪਰਾਲਿਆਂ ਨੂੰ ਭਵਿੱਖ ਵਿੱਚ ਵੀ ਜਾਰੀ ਰੱਖਣ ਅਤੇ ਸਿਹਤ ਖੇਤਰ ਵਿੱਚ ਜਾਗਰੂਕਤਾ, ਤਿਆਰੀ ਅਤੇ ਪ੍ਰਭਾਵਸ਼ਾਲੀ ਪ੍ਰਤੀਕਿਰਿਆ ਦੀ ਸੰਸਕ੍ਰਿਤੀ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਵਚਨਬੱਧਤਾ ਜਤਾਈ।

# ਹਵਾਈ ਅੱਡੇ 'ਤੇ ਯਾਤਰੀ ਕੋਲੋਂ 7 ਕਿਲੋ ਗਾਂਜਾ ਬਰਾਮਦ

ਅੰਮ੍ਰਿਤਸਰ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਕਸਟਮ ਵਿਭਾਗ ਨੇ ਇੱਥੇ ਹਵਾਈ ਅੱਡੇ 'ਤੇ ਮਲੇਸ਼ੀਆ ਦੀ ਹਵਾਈ ਉਡਾਣ ਰਾਹੀਂ ਇੱਥੇ ਪੁੱਜੇ ਯਾਤਰੀ ਕੋਲੋਂ 7 ਕਿਲੋ ਗਾਂਜਾ ਬਰਾਮਦ ਕੀਤਾ ਹੈ। ਇਸ ਸਬੰਧੀ ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਯਾਤਰੀ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ ਅਤੇ ਮਲੇਸ਼ੀਆ ਏਅਰਲਾਈਨ ਕੰਪਨੀ ਦੀ ਉਡਾਣ ਰਾਹੀਂ ਕੁਆਲਾਲੰਮਪੁਰ ਤੋਂ ਅੰਮ੍ਰਿਤਸਰ ਪੁੱਜਾ ਸੀ। ਸ਼ੱਕ ਪੈਣ 'ਤੇ ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਜਦੋਂ ਇਸ ਨੂੰ ਰੋਕਿਆ ਤੇ ਇਸ ਦੇ ਸਾਮਾਨ ਦੀ ਜਾਂਚ ਕੀਤੀ ਤਾਂ ਇਸ ਦੇ ਕੋਲੋਂ ਸੱਤ ਕਿਲੋ ਸ਼ੱਕੀ ਨਸ਼ੀਲਾ ਪਦਾਰਥ ਬਰਾਮਦ ਹੋਇਆ ਹੈ ਜੋ ਗਾਂਜਾ ਹੈ ਅਤੇ ਇਸ ਨੂੰ ਜ਼ਬਤ ਕਰ ਲਿਆ ਗਿਆ ਹੈ। ਉਨ੍ਹਾਂ ਦਸਿਆ ਕਿ ਇਸ ਵਿਅਕਤੀ ਦੇ ਖਿਲਾਫ ਐੱਨਡੀਪੀਐੱਸ ਐਕਟ 1985 ਦੀ ਧਾਰਾ 43 ਹੇਠ ਕਾਰਵਾਈ ਕਰਦਿਆਂ ਇਸ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਖਾਂ ਦੀ ਮੁਫ਼ਤ ਜਾਂਚ ਸਬੰਧੀ ਕੈਂਪ ਦਾ ਆਯੋਜਨ

## ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਵਿਧਾਇਕ ਗੈਰੀ ਬੜਿੰਗ ਨੇ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ



ਫਤਹਿਗੜ੍ਹ ਸਾਹਿਬ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੱਜ ਅਮਲੋਹ ਵਿਖੇ ਰਾਮਗੜ੍ਹੀਆ ਵੈਲਫੇਅਰ ਫੈਡਰੇਸ਼ਨ ਪੰਜਾਬ ਵੱਲੋਂ ਅੱਖਾਂ ਦੀ ਜਾਂਚ ਸਬੰਧੀ ਮੁਫ਼ਤ ਕੈਂਪ ਲਗਾਇਆ ਗਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਰਾਮਗੜ੍ਹੀਆ ਭਾਈਚਾਰੇ ਨੂੰ ਵਧਾਈ ਦਿੱਤੀ।

ਇਸ ਮੌਕੇ ਸੰਬੋਧਨ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ, ਸਿੱਖ ਇਤਿਹਾਸ ਵਿਚ ਉਹਨਾਂ ਦੀ ਸ਼ਾਨਾਮੱਤੀ ਭੂਮਿਕਾ ਤੇ ਸਿੱਖ ਰਾਜ ਦੀ ਉਸਾਰੀ ਵਿਚ ਯੋਗਦਾਨ ਬਾਰੇ ਜਾਣੂ ਕਰਵਾਇਆ। ਉਹਨਾਂ ਨੇ ਕਿਹਾ ਕਿ ਅਜਿਹੇ ਮਹਾਨ ਯੋਧਿਆਂ ਦੇ ਜੀਵਨ ਬਾਰੇ ਨੌਜਵਾਨ ਪੀੜੀ ਨੂੰ ਜਾਗਰੂਕ ਕਰਨ ਲਈ ਅਜਿਹੇ ਸਮਾਗਮ ਨਿਯਮਤ ਤੌਰ ਉੱਤੇ ਕਰਵਾਏ ਜਾਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਉਹ ਸਿੱਖ ਇਤਿਹਾਸ ਦੇ ਵੱਡੇ ਮੀਲ ਪੱਥਰ ਸਨ।

ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਜਿੱਥੇ ਕੌਮ ਦੇ ਇਸ ਮਹਾਨ ਨਾਇਕ ਨੂੰ ਸਿਜਦਾ ਕੀਤਾ ਉੱਥੇ ਹੀ ਰਾਮਗੜ੍ਹੀਆ ਭਾਈਚਾਰੇ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਦੀ ਦਿਲੋਂ ਮੁਬਾਰਕਬਾਦ ਵੀ ਭੇਟ ਕੀਤੀ।

ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੀ ਲੋਕਾਂ ਨੂੰ ਵਧ ਚੜ ਕੇ ਸਹਿਯੋਗ ਦੇਣ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਇਸ ਵੱਡੀ ਸਮਾਜਿਕ ਬੁਰਾਈ ਦੇ ਖਾਤਮੇ ਲਈ ਲੋਕਾਂ ਦੇ ਭਰਪੂਰ ਸਮਰਥਨ ਦੀ ਲੋੜ ਹੈ । ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਦੇ ਹੋਏ ਕਾਲੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਨੂੰ ਢਾਇਆ ਜਾ ਰਿਹਾ ਹੈ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਲੋਕਾਂ ਨੂੰ ਤੰਦਰੁਸਤ ਕਰਨ ਲਈ ਨਸ਼ਾ ਮੁਕਤੀ ਕੇਂਦਰਾਂ ਵਿੱਚ ਇਲਾਜ ਕਰਵਾਇਆ ਜਾ ਰਿਹਾ ਹੈ। ਸਮਾਗਮ ਦੌਰਾਨ ਵਿਧਾਇਕ ਅਮਲੋਹ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਵੀ ਰਾਮਗੜ੍ਹੀਆ ਭਾਈਚਾਰੇ ਤੇ ਕੈਂਪ ਪ੍ਰਬੰਧਕਾਂ ਨੂੰ ਮੁਬਾਰਕਾਂ ਦਿੱਤੀਆਂ। ਇਸ ਦੌਰਾਨ ਰਾਮਗੜ੍ਹੀਆ ਵੈਲਫੇਅਰ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਜਤਿੰਦਰ ਸਿੰਘ ਰਾਮਗੜ੍ਹੀਆ ਨੇ ਸਾਰੀਆਂ ਪ੍ਰਮੁੱਖ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਦਿਖਾਏ ਮਾਰਗ ਉੱਤੇ ਚਲਦੇ ਹੋਏ ਮਨੁੱਖਤਾ ਦੀ ਭਲਾਈ ਲਈ ਉਪਰਾਲੇ ਜਾਰੀ ਰੱਖੇ ਜਾਣਗੇ। ਕੈਂਪ ਦੌਰਾਨ 500 ਤੋਂ ਵਧੇਰੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ।

ਇਸ ਮੌਕੇ ਸ਼ਿੰਗਾਰਾ ਸਿੰਘ ਸਲਾਣਾ, ਸਿਕੰਦਰ ਸਿੰਘ ਗੋਗੀ ਪ੍ਰਧਾਨ ਮਿਊਸੀਪਲ ਕਮੇਟੀ ਅਮਲੋਹ, ਵੈਲਫੇਅਰ ਫੈਡਰੇਸ਼ਨ ਦੇ ਮੀਤ ਪ੍ਰਧਾਨ ਰਜਿੰਦਰ ਸਿੰਘ ਬੱਬੀ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ, ਜਗਦੀਸ਼ ਸਿੰਘ ਲੋਟੇ, ਕੁਲਵਿੰਦਰ ਸਿੰਘ ਬਿੱਟੂ, ਗਗਨਦੀਪ ਸਿੰਘ, ਜਗਤਾਰ ਸਿੰਘ, ਲਵਪ੍ਰੀਤ ਸਿੰਘ ਲਵੀ, ਭੁਪਿੰਦਰ ਸਿੰਘ ਮਿੰਟੂ, ਮਨਿੰਦਰ ਸਿੰਘ ਭਾਟੋ , ਯਾਦਵਿੰਦਰ ਸਿੰਘ ਮਾਨਗੜ੍ਹ, ਨਰੇਸ਼ ਸ਼ਰਮਾ, ਮਨੀਸ਼ ਗੁਪਤਾ, ਕੁਲਦੀਪ ਕੁਮਾਰ ਦੀਪਾ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

# ਪੰਜਾਬ ਤੇ ਹਰਿਆਣਾ ਵਿੱਚ ਮੀਂਹ ਅਤੇ ਗੜੇਮਾਰੀ

## ਮੰਡੀਆਂ ਵਿੱਚ ਕਣਕ ਭਿੱਜੀ, ਓਰੇਂਜ ਤੇ ਅਗਲੇ ਚਾਰ ਦਿਨਾਂ ਲਈ ਯੈਲੋ ਅਲਰਟ ਜਾਰੀ



ਚੰਡੀਗੜ੍ਹ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਹਰਿਆਣਾ ਵਿੱਚ ਅੱਜ ਮੋਹਲੇਧਾਰ ਮੀਂਹ ਪਿਆ ਤੇ ਗੜੇਮਾਰੀ ਹੋਈ। ਮੌਸਮ 'ਚ ਬਦਲਾਅ ਕਾਰਨ ਤਾਪਮਾਨ 5 ਡਿਗਰੀ ਸੈਲਸੀਅਸ ਤੱਕ ਹੇਠਾਂ ਡਿੱਗ ਗਿਆ ਹੈ ਅਤੇ ਗਰਮੀ ਘਟੀ ਹੈ ਪਰ ਇਸ ਦੌਰਾਨ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਮੰਡੀਆਂ ਵਿੱਚ ਪਈ ਕਣਕ ਦੀ ਫ਼ਸਲ ਭਿੱਜ ਗਈ। ਕਈ ਥਾਵਾਂ 'ਤੇ ਵਾਧੂ ਮੀਂਹ ਪੈਣ ਕਾਰਨ ਮੰਡੀਆਂ ਵਿੱਚ ਪਾਣੀ ਖੜ੍ਹਾ ਹੋ ਗਿਆ ਹੈ। ਜਾਣਕਾਰੀ ਅਨੁਸਾਰ ਅੱਜ ਸ਼ਾਮ ਬਠਿੰਡਾ ਅਤੇ ਜਲੰਧਰ ਦੇ ਕੁਝ ਇਲਾਕਿਆਂ ਵਿੱਚ ਮੀਂਹ ਪੈਣ ਦੇ ਨਾਲ-ਨਾਲ ਗੜੇਮਾਰੀ ਵੀ ਹੋਈ ਹੈ। ਇਸ ਤੋਂ ਇਲਾਵਾ ਚੰਡੀਗੜ੍ਹ, ਅੰਮ੍ਰਿਤਸਰ, ਲੁਧਿਆਣਾ, ਪਠਾਨਕੋਟ, ਪਟਿਆਲਾ, ਫਤਹਿਗੜ੍ਹ ਸਾਹਿਬ ਤੇ ਰੋਪੜ ਇਲਾਕੇ ਵਿੱਚ ਵੀ ਮੀਂਹ ਪਿਆ ਹੈ। ਉਧਰ ਮੌਸਮ ਵਿਭਾਗ ਨੇ ਪੰਜਾਬ ਵਿੱਚ ਪੂਰਾ ਹਫ਼ਤਾ ਮੌਸਮ ਖ਼ਰਾਬ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਮੌਸਮ ਵਿਭਾਗ ਨੇ 7 ਮਈ ਨੂੰ ਓਰੇਂਜ ਅਲਰਟ ਅਤੇ ਅਗਲੇ 4-5 ਦਿਨਾਂ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਦੌਰਾਨ ਤੇਜ਼ ਹਵਾਵਾਂ ਵੀ ਚੱਲ ਸਕਦੀਆਂ ਹਨ ਅਤੇ ਮੀਂਹ ਵੀ ਪੈ ਸਕਦਾ ਹੈ। ਦੂਜੇ ਪਾਸੇ ਪੰਜਾਬ ਵਿੱਚ ਪਿਛਲੇ ਕੁਝ ਦਿਨਾਂ ਤੋਂ ਗਰਮੀ ਕਰਕੇ ਬਿਜਲੀ ਦੀ ਮੰਗ ਵਧ ਗਈ ਸੀ ਪਰ ਮੀਂਹ ਪੈਣ ਕਾਰਨ ਹੁਣ ਮੰਗ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਮੌਸਮ ਵਿਗਿਆਨੀਆਂ ਅਨੁਸਾਰ ਰੋਪੜ ਵਿੱਚ 17.5 ਐੱਮਐੱਮ ਮੀਂਹ ਪਿਆ ਹੈ। ਇਸੇ ਤਰ੍ਹਾਂ ਚੰਡੀਗੜ੍ਹ ਵਿੱਚ 7.4 ਐੱਮਐੱਮ, ਅੰਮ੍ਰਿਤਸਰ ਵਿੱਚ 5 ਐੱਮਐੱਮ, ਲੁਧਿਆਣਾ ਵਿੱਚ 1 ਐੱਮਐੱਮ, ਪਠਾਨਕੋਟ ਵਿੱਚ 8 ਐੱਮਐੱਮ ਅਤੇ ਫਿਰੋਜ਼ਪੁਰ ਵਿੱਚ 1.5 ਐੱਮਐੱਮ ਮੀਂਹ ਪਿਆ ਹੈ। ਪੰਜਾਬ ਦੇ ਕਈ ਇਲਾਕਿਆਂ ਵਿੱਚ ਸ਼ਾਮ ਸਮੇਂ ਸ਼ੁਰੂ ਹੋਇਆ ਮੀਂਹ ਦੇਰ ਰਾਤ ਤੱਕ ਰੁੱਕ-ਰੁੱਕ ਕੇ ਪੈਂਦਾ ਰਿਹਾ।

### ਮੰਡੀਆਂ ਵਿੱਚ 122.83 ਲੱਖ ਟਨ ਕਣਕ ਪਹੁੰਚੀ

ਪੰਜਾਬ ਦੀਆਂ ਮੰਡੀਆਂ ਵਿੱਚ 122.83 ਲੱਖ ਟਨ ਕਣਕ ਪਹੁੰਚ ਚੁੱਕੀ ਹੈ, ਜਿਸ ਵਿੱਚੋਂ ਸੂਬਾ ਸਰਕਾਰ ਨੇ 121.48 ਲੱਖ ਟਨ ਕਣਕ ਦੀ ਖ਼ਰੀਦ ਕਰ ਲਈ ਹੈ। ਜਾਣਕਾਰੀ ਮੁਤਾਬਕ ਪੰਜਾਬ ਦੀਆਂ ਮੰਡੀਆਂ ਵਿੱਚ ਅੱਜ 1.32 ਲੱਖ ਟਨ ਕਣਕ ਦੀ ਆਮਦ ਹੋਈ ਹੈ। ਸੂਬੇ ਦੀਆਂ ਮੰਡੀਆਂ ਵਿੱਚੋਂ 67.62 ਲੱਖ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ ਅਤੇ ਹਾਲੇ ਵੀ 56 ਲੱਖ ਟਨ ਦੇ ਕਰੀਬ ਕਣਕ ਮੰਡੀਆਂ ਵਿੱਚ ਪਈ ਹੈ।

# ਠੇਕੇ 'ਚੋਂ 12 ਹਜ਼ਾਰ ਰੁਪਏ ਤੇ ਸ਼ਰਾਬ ਦੀ ਬੋਤਲ ਚੋਰੀ ਕਰਨ ਵਾਲਾ ਪੁਲਿਸ ਅੜਿੱਕੇ

ਪਾਤੜਾਂ, 7 ਮਈ - ਰਮਨ ਜੋਸ਼ੀ-
-ਕੌਮੀ ਪੱਤ੍ਰਿਕਾ ਬਿਊਰੋ-

ਪਾਤੜਾਂ ਪੁਲਸ ਨੇ ਸ਼ਰਾਬ ਦੇ ਠੇਕੇ 'ਚੋਂ 12 ਹਜ਼ਾਰ ਰੁਪਏ ਦੀ ਨਕਦੀ ਅਤੇ ਇਕ ਸ਼ਰਾਬ ਦੀ ਬੋਤਲ ਚੋਰੀ ਕਰਨ ਵਾਲੇ ਵਿਅਕਤੀ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ ? ਸ਼ਿਕਾਇਤ ਦਰਜ ਕਰਵਾਉਂਦਿਆਂ ਕੁਲਦੀਪ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਪੂਨਾਵਾਲ ਤਹਿਸੀਲਦਾਰ ਧੂਰੀ ਜ਼ਿਲ੍ਹਾ ਸੰਗਰੂਰ ਨੇ ਦੱਸਿਆ ਕਿ ਉਸ ਕੋਲ ਸੰਗਰੂਰ ਕੈਂਚੀਆਂ ਪਾਤੜਾਂ ਵਿਖੇ ਸ਼ਰਾਬ ਦਾ ਠੇਕਾ ਹੈ । ਜਿਥੇ ਮਿਤੀ 14/15-4-2025 ਦੀ ਦਰਮਿਆਨੀ ਰਾਤ ਨੂੰ ਹਰਪ੍ਰੀਤ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਦੁਗਾਲ ਖੁਰਦ ਥਾਣਾ ਪਾਤੜਾਂ ਨੇ ਠੇਕੇ ਪਿੱਛੋਂ ਕੰਧ ਟੱਪ ਕੇ ਅਤੇ ਫਾਈਵਰ ਨੂੰ ਪੁੱਟ ਕੇ ਠੇਕੇ ਵਿੱਚੋਂ 12 ਹਜ਼ਾਰ ਰੁਪਏ ਨਗਦ ਅਤੇ ਇਕ ਸ਼ਰਾਬ ਦੀ ਬੋਤਲ ਕਰ ਕਰ ਲਈ ਹੈ। ਪੁਲਿਸ ਨੇ ਪੀੜਤ ਦੇ ਬਿਆਨਾਂ 'ਤੇ ਕਥਿਤ ਦੋਸ਼ੀ ਹਰਪ੍ਰੀਤ ਸਿੰਘ ਖਿਲਾਫ ਮੁਕੱਦਮਾ ਨੰਬਰ 78, ਮਿਤੀ 3-5-2025, ਧਾਰਾ 305, 331(4) ਬੀ ਐਨ ਐਸ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਦੜੇ-ਸੱਟੇ ਦੀ ਪਰਚੀ ਲਗਾਉਣ ਵਾਲੇ ਮੁਲਜ਼ਮ ਨੂੰ 5400 ਰੁਪਏ ਦੀ ਨਕਦੀ ਸਮੇਤ ਕੀਤਾ ਗ੍ਰਿਫ਼ਤਾਰ

ਲੁਧਿਆਣਾ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਥਾਣਾ ਜੋਧੇਵਾਲ ਦੀ ਪੁਲਸ ਨੇ ਗਲਤ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਇਕ ਮੁਲਜ਼ਮ ਨੂੰ ਦੜੇ-ਸੱਟੇ ਦਾ ਕੰਮ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਥਾਣਾ ਮੁਖੀ ਇੰਸਪੈਕਟਰ ਜਸਵੀਰ ਸਿੰਘ ਨੇ ਦੱਸਿਆ ਕਿ ਥਾਣੇਦਾਰ ਕੁਲਦੀਪ ਸਿੰਘ ਦੀ ਪੁਲਸ ਟੀਮ ਨੂੰ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਗਗਨਦੀਪ ਕਾਲੋਨੀ ਕਾਕੋਵਾਲ 'ਚ ਇਕ ਵਿਅਕਤੀ ਮਕਾਨ ਕਿਰਾਏ 'ਤੇ ਲੈ ਕੇ ਉਥੇ ਲਾਟਰੀ ਦੜੇ-ਸੱਟੇ ਦਾ ਕੰਮ ਕਰ ਰਿਹਾ ਹੈ।

ਥਾਣਾ ਮੁਖੀ ਨੇ ਥਾਣੇਦਾਰ ਕੁਲਦੀਪ ਸਿੰਘ ਦੀ ਟੀਮ ਨੂੰ ਮੌਕੇ 'ਤੇ ਭੇਜਿਆ ਗਿਆ, ਜਿਥੇ ਪੁਲਸ ਟੀਮ ਨੇ ਇਕ ਵਿਅਕਤੀ ਨੂੰ ਦੜੇ-ਸੱਟੇ ਦੀ ਪਰਚੀ ਲਵਾਉਂਦੇ ਹੋਏ ਕਾਬੂ ਕੀਤਾ ਗਿਆ, ਜਿਸ ਦੀ ਪਛਾਣ ਰਾਜੀਵ ਕੁਮਾਰ ਟੋਨੀ ਪੁੱਤਰ ਦੇਵਰਾਜ ਵਾਸੀ ਮੁਹੱਲਾ ਬਸੰਤ ਵਿਹਾਰ ਨੂਰਵਾਲਾ ਰੋਡ ਵਜੋਂ ਕੀਤੀ ਹੈ। ਪੁਲਸ ਨੇ ਮੁਲਜ਼ਮ ਕੋਲੋਂ 5400 ਰੁਪਏ ਦੀ ਭਾਰਤੀ ਕਰੰਸੀ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਪੁਲਸ ਨੇ ਮੁਲਜ਼ਮ ਖਿਲਾਫ ਥਾਣਾ ਜੋਧੇਵਾਲ 'ਚ ਗੈਬਲਿੰਗ ਐਕਟ ਤਹਿਤ ਮਾਮਲਾ ਦਰਜ ਕਰ ਕੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸੱਖਾਂ ਦੇ ਮਸਲਿਆਂ ਨੂੰ ਅਦਾਲਤਾਂ ਵਿੱਚ ਲਿਜਾਣ ਦੀ ਬਜਾਏ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਿਆਇਆ ਜਾਵੇ : ਜਥੇਦਾਰ ਗੜਗੱਜ



ਫਤਹਿਗੜ੍ਹ ਸਾਹਿਬ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਾਂ ਦੇ ਮਸਲਿਆਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੱਡਾ ਬਿਆਨ ਦਿੱਤਾ ਹੈ। ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਦੇ ਮਸਲਿਆਂ ਨੂੰ ਅਦਾਲਤਾਂ ਵਿੱਚ ਲਿਜਾਣ ਦੀ ਬਜਾਏ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਿਆਉਣੇ ਚਾਹੀਦੇ ਹਨ, ਕਿਉਂਕਿ ਗੁਰਮਤਿ ਦੇ ਸਿਧਾਂਤ 'ਤੇ ਚਲਦਿਆਂ ਹੋਇਆਂ ਹਰ ਮਸਲੇ ਦਾ ਹੱਲ ਸੰਵਾਦ ਰਾਹੀਂ ਕੱਢਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਤਾਂ ਹੀ ਛੇਵੇਂ ਪਾਤਸ਼ਾਹ ਮੀਰੀ-ਪੀਰੀ ਦੇ ਮਾਲਕ ਸ੍ਰੀ ਹਰਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ ਗਈ ਸੀ ਤਾਂ ਜੋ ਇਥੇ ਬੈਠ ਕੇ ਸਿੱਖਾਂ ਦੇ ਮਸਲਿਆਂ ਦੇ ਹੱਲ ਕੱਢੇ ਜਾ ਸਕਣ ।

ਜਥੇਦਾਰ ਕੁਲਦੀਪ ਸਿੰਘ ਗੜਗੱਜ ਖਮਾਣੋਂ ਦੇ ਇਤਿਹਾਸਕ ਅਸਥਾਨ ਪਾਤਸ਼ਾਹੀ ਛੇਵੀਂ ਅਤੇ ਦਸਵੀਂ ਗੁਰਦੁਆਰਾ ਸ੍ਰੀ ਗੋਬਿੰਦਗੜ੍ਹ ਸਾਹਿਬ ਰਾਣਵਾ ਸਾਹਿਬ ਵਿਖੇ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਸਨ। ਉਨ੍ਹਾਂ ਮਾਨਵਤਾ ਨੂੰ ਸੁਨੇਹਾ ਦਿੰਦੇ ਕਿਹਾ ਕਿ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ 'ਤੇ ਪਹਿਰਾ ਦਿੱਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮੀਰੀ-ਪੀਰੀ ਦੇ ਮਾਲਕ ਸ੍ਰੀ ਹਰਗੋਬਿੰਦ ਸਾਹਿਬ ਵੱਲੋਂ ਹਰ ਸਿੱਖ ਨੂੰ ਆਪਣੇ ਕੋਲ ਰਵਾਇਤੀ ਹਥਿਆਰ (ਸ੍ਰੀ ਸਾਹਿਬ) ਰੱਖਣ ਦਾ ਹੁਕਮ ਦਿੱਤਾ ਸੀ, ਜਿਸ 'ਤੇ ਅੱਜ ਦੇ ਮਾਹੌਲ ਨੂੰ ਵੇਖਦੇ ਹੋਏ ਸਮੁੱਚੀ ਸੰਗਤ ਨੂੰ ਅਮਲ ਕਰਨ ਦੀ ਲੋੜ ਹੈ ਅਤੇ ਹਰ ਸਿੱਖ ਨੂੰ ਆਪਣੇ ਕੋਲ ਸ੍ਰੀ ਸਾਹਿਬ ਵਰਗੇ ਹਥਿਆਰ ਰੱਖਣ ਦੀ ਲੋੜ ਹੈ ਤਾਂ ਜੋ ਲੋੜ ਪੈਣ 'ਤੇ ਮਜਲੂਮਾਂ ਦੀ ਰੱਖਿਆ ਕੀਤੀ ਜਾ ਸਕੇ ਅਤੇ ਨਾਲ ਹੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਿਆ ਜਾਵੇ। ਇਸ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਵਤਾਰ ਸਿੰਘ ਰਿਆ ਨੇ ਬੋਲਦੇ ਕਿਹਾ ਕਿ ਅੱਜ ਲੋੜ ਹੈ ਆਪਣੀ ਨੌਜਵਾਨੀ ਨੂੰ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਮਾਰਗ 'ਤੇ ਚੱਲ ਕੇ ਸਮਾਜਿਕ ਕੁਰੀਤੀਆਂ ਤੋਂ ਦੂਰ ਕਰਕੇ ਵਿੱਚ ਯੋਗਦਾਨ ਪਾਇਆ ਜਾਵੇ।

# ਦਰਿਆਈ ਪਾਣੀਆਂ ਦੇ ਮੁੱਦੇ 'ਤੇ ਸੁਖਬੀਰ ਬਾਦਲ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ

## ਦਰਿਆਈ ਪਾਣੀ ਇਕ 'ਵਿਵਾਦ' ਨਹੀਂ ਬਲਕਿ ਪੰਜਾਬ ਦੀ ਸਿੱਧੀ ਲੁੱਟ: ਬਾਦਲ



ਚੰਡੀਗੜ੍ਹ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ। ਸ੍ਰੀ ਬਾਦਲ ਨੇ ਪੱਤਰ ਰਾਹੀਂ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਕੋਈ ਵਿਵਾਦ ਨਹੀਂ ਬਲਕਿ ਦੇਸ਼ ਭਗਤ ਲੋਕਾਂ ਦੇ ਸਰਹੱਦੀ ਸੂਬੇ ਦੀ ਸਿੱਧੀ ਲੁੱਟ ਹੈ। ਸ੍ਰੀ ਬਾਦਲ ਨੇ ਕਿਹਾ ਕਿ ਰਾਜਸਥਾਨ ਤੇ ਹਰਿਆਣਾ, ਪੰਜਾਬ ਦੇ ਇਕਲੌਤੇ ਕੁਦਰਤੀ ਸਰੋਤ ਦਰਿਆਈ ਪਾਣੀਆਂ ਦੇ ਗੈਰ ਕਾਨੂੰਨੀ ਲਾਭ ਪਾਤਰ ਰਹੇ ਹਨ ਤੇ ਇਹ ਰਿਪੇਰੀਅਨ ਸਿਧਾਂਤ ਜੋ ਕਿ ਦਰਿਆਈ ਪਾਣੀਆਂ ਦੀ ਵੰਡ ਵਾਸਤੇ ਕੌਮੀ ਤੇ ਕੌਮਾਂਤਰੀ ਮਾਮਲਿਆਂ ਵਿਚ ਲਾਗੂ ਹੋਣ ਵਾਲੇ ਸਿਧਾਂਤ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਨਾ ਤਾਂ ਹਰਿਆਣਾ ਤੇ ਨਾ ਹੀ ਰਾਜਸਥਾਨ ਰਿਪੇਰੀਅਨ ਰਾਜ ਹਨ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੂੰ ਸੁਪਰੀਮ ਕੋਰਟ ਨੇ ਪੰਜਾਬ ਨੂੰ ਇਹ ਹੁਕਮ ਤਾਂ ਦੇ ਦਿੱਤਾ ਕਿ ਉਹ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਸ਼ੁਰੂ ਕਰੇ ਪਰ ਇਸ ਬੁਨਿਆਦੀ ਗੱਲ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ ਕਿ ਜਦ ਪਾਣੀ ਹੀ ਨਹੀਂ ਹੈ ਤਾਂ ਨਹਿਰ ਕਿਉਂ ਬਣਾਈ ਜਾਏ।

ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਇਹ ਹੁਕਮ ਲਾਗੂ ਕਰਨ ਤੋਂ ਸਪਸ਼ਟ ਇਨਕਾਰ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ ਹੱਕਾਂ ਨਾਲ ਸਮਝੌਤਾ ਕਰਨ ਦੀ ਥਾਂ ਜੇਲ੍ਹ ਜਾਣ ਨੂੰ ਤਰਜੀਹ ਦੇਣਗੇ। ਇਸ ਮਗਰੋਂ ਐਸਵਾਈਐਲ ਲਈ ਐਕੁਆਇਰ ਕੀਤੀ ਜ਼ਮੀਨ ਉਨ੍ਹਾਂ ਦੇ ਅਸਲ ਮਾਲਕ ਕਿਸਾਨਾਂ ਨੂੰ ਵਾਪਸ ਕੀਤੀ ਜਾਵੇ। ਹਰਿਆਣਾ ਲਈ ਪਾਣੀ ਛੱਡਣ ਦੇ ਤਾਜ਼ਾ ਵਿਵਾਦ ਦੀ ਗੱਲ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਹਰਿਆਣਾ ਨੇ ਦਰਿਆਈ ਪਾਣੀਆਂ ਵਿਚੋਂ ਮਿਲੇ ਆਪਣੇ ਹਿੱਸੇ ਨਾਲੋਂ ਵੱਧ ਪਾਣੀ ਵਰਤ ਲਿਆ ਹੈ।

# ਜ਼ਮੀਨ ਵੇਚਣ ਦਾ ਝਾਂਸਾ ਦੇ ਕੇ 59.83 ਲੱਖ ਰੁਪਏ ਦੀ ਧੋਖਾਧੜੀ, ਦੋ ਸਕੇ ਭਰਾਵਾਂ ਖਿਲਾਫ ਮਾਮਲਾ ਦਰਜ

ਸਮਾਣਾ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਮੀਨ ਵੇਚਣ ਦਾ ਝਾਂਸਾ ਦੇ ਕੇ 59.83 ਲੱਖ ਰੁਪਏ ਦੀ ਠੱਗੀ ਮਾਰਨ ਦੇ ਇਕ ਮਾਮਲੇ 'ਚ ਸਦਰ ਪੁਲਸ ਨੇ ਦੋ ਸਕੇ ਭਰਾਵਾਂ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ 'ਚ ਯਾਦਵਿੰਦਰ ਸਿੰਘ ਅਤੇ ਹਰਜਿੰਦਰ ਸਿੰਘ ਵਾਸੀ ਸ਼ਾਮਲ ਹਨ।

ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਸ ਦੇ ਏ.ਐੱਸ.ਆਈ.ਸਰਬਜੀਤ ਸਿੰਘ ਨੇ ਦੱਸਿਆ ਕਿ ਕੁਲਦੀਪ ਸਿੰਘ ਨਿਵਾਸੀ ਦਸਮੇਸ਼ ਨਗਰ ਪਟਿਆਲਾ ਵੱਲੋਂ 12 ਨਵੰਬਰ 2024 ਨੂੰ ਉਚ ਪੁਲਸ ਅਧਿਕਾਰੀਆਂ ਨੂੰ ਦਿੱਤੀ ਗਈ ਸ਼ਿਕਾਇਤ ਅਨੁਸਾਰ ਮੁਲਜ਼ਮਾ ਨੇ ਉਸ ਨੂੰ 27 ਕਨਾਲ 4 ਮਰਲੇ ਜ਼ਮੀਨ ਵੇਚਣ ਦਾ ਝਾਂਸਾ ਦੇ ਕੇ 59.83 ਲੱਖ ਰੁਪਏ ਲੈ ਲਏ, ਬਾਅਦ ਵਿਚ ਨਾ ਤਾਂ ਉਨ੍ਹਾਂ ਨੇ ਜ਼ਮੀਨ ਦੀ ਰਜਿਸਟਰੀ ਕਰਵਾਈ ਅਤੇ ਨਾ ਹੀ ਉਸ ਕੋਲੋ ਲਈ ਗਈ ਰਕਮ ਵਾਪਸ ਕੀਤੀ, ਸਗੋਂ ਉਹ ਜ਼ਮੀਨ ਕਿਸੇ ਹੋਰ ਵਿਅਕਤੀ ਨੂੰ ਵੇਚ ਕੇ ਉਸ ਦੇ ਨਾਲ ਧੋਖਾਧੜੀ ਕੀਤੀ ਗਈ।

# ਮਿਹਨਤ ਹੀ ਸਫ਼ਲਤਾ ਦੀ ਕੁੰਜੀ: ਹਰਚੰਦ ਸਿੰਘ ਬਰਸਟ

## ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਰਕਾਰੀ ਮਹਿੰਦਰਾ ਕਾਲਜ ਵਿਖੇ ਸਨਮਾਨ ਸਮਾਰੋਹ ਦਾ ਆਯੋਜਨ



ਪਟਿਆਲਾ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਅਧਿਆਪਕਾਂ, ਡਾਕਟਰਾਂ ਅਤੇ ਸਮਾਜ ਦੀ ਭਲਾਈ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਸ. ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ (ਆਪ), ਪੰਜਾਬ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਦੌਰਾਨ ਅਧਿਆਪਕਾਂ, ਡਾਕਟਰਾਂ ਅਤੇ ਹੋਰ ਮਾਣਯੋਗ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

ਇਸਦੇ ਨਾਲ ਹੀ ਸ. ਬਰਸਟ ਵੱਲੋਂ ਯੂਪੀਐਸਸੀ ਦੀ ਪ੍ਰੀਖਿਆ ਪਾਸ ਕਰਨ ਵਾਲੇ ਲਾਰਸਨ ਸਿੰਗਲਾ ਨੂੰ ਵੀ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸ. ਬਰਸਟ ਨੇ ਲਾਰਸਨ ਸਿੰਗਲਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈਆਂ ਦਿੰਦਿਆਂ ਹੋਇਆ ਕਿਹਾ ਕਿ ਲਾਰਸਨ ਸਿੰਗਲਾ ਨੇ ਯੂਪੀਐਸਸੀ ਦੀ ਪ੍ਰੀਖਿਆ ਪਾਸ ਕਰਕੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮਿਹਨਤ ਹੀ ਕਾਮਯਾਬੀ ਦੀ ਕੁੰਜੀ ਹੈ ਅਤੇ ਨੌਜਵਾਨਾਂ ਨੂੰ ਆਪਣਾ ਟੀਚਾ ਨਿਰਧਾਰਿਤ ਕਰਕੇ ਉਸ ਨੂੰ ਹਾਸਲ ਕਰਨ ਲਈ ਪੂਰੀ ਮਿਹਨਤ ਕਰਨੀ ਚਾਹੀਦੀ ਹੈ, ਤਾਂ ਜੋ ਉਹ ਕਾਮਯਾਬ ਹੋ ਕੇ ਸਮਾਜ ਦੀ ਭਲਾਈ ਵਿੱਚ ਆਪਣਾ ਯੋਗਦਾਨ ਪਾ ਸਕਣ। ਉਨ੍ਹਾਂ ਸਾਰਿਆਂ ਨੂੰ ਸਮਾਜ ਦੀ ਭਲਾਈ ਲਈ ਅੱਗੇ ਆ ਕੇ ਵਿਸ਼ੇਸ਼ ਯੋਗਦਾਨ ਦੇਣ ਦੀ ਅਪੀਲ ਕੀਤੀ।

ਚੇਅਰਮੈਨ ਨੇ ਕਿਹਾ ਕਿ ਪੰਜਾਬ ਵਿੱਚੋਂ ਨਸ਼ੇ ਦੇ ਖਾਤਮੇ ਲਈ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਇਆ ਜਾ ਸਕੇ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਲੋਕਾਂ ਨੂੰ ਵੀ ਇਸ ਸਬੰਧੀ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਐਨਰਜੀ ਡਰਿੰਕ ਤੋਂ ਵੀ ਦੂਰ ਰੱਖਣ ਦੀ ਲੋੜ ਹੈ। ਬੱਚੇ ਸ਼ੁਰੂਆਤ ਵਿੱਚ ਤਾਂ ਐਨਰਜੀ ਡਰਿੰਕ ਪੀ ਲੈਂਦੇ ਹਨ, ਪਰ ਫਿਰ ਉਹ ਇਸ ਦੇ ਆਦਿ ਹੋ ਜਾਂਦੇ ਹਨ। ਇਹ ਐਨਰਜੀ ਡਰਿੰਕ ਬੱਚਿਆਂ ਲਈ ਹਾਨੀਕਾਰਕ ਸਾਬਤ ਹੁੰਦਾ ਹੈ। ਉਨ੍ਹਾਂ ਸਾਰਿਆਂ ਨੂੰ ਹਰੀਆਂ ਸਬਜ਼ੀਆਂ ਅਤੇ ਫਲ ਖਾਣ ਲਈ ਪ੍ਰੇਰਿਤ ਕੀਤਾ ਤਾਂ ਜੋ ਤੰਦਰੁਸਤ ਰਹਿ ਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਇਸ ਮੌਕੇ ਉਹਨਾਂ ਨੇ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਮਾਜ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਵੀ ਸ਼ਲਾਘਾ ਕੀਤੀ। ਅੰਤ ਵਿੱਚ ਸੁਸਾਇਟੀ ਮੈਂਬਰਾਂ ਵੱਲੋਂ ਸ. ਬਰਸਟ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨਜੀਤ ਸਿੰਘ ਨਾਰੰਗ ਆਈ.ਏ.ਐਸ. ਰਿਟ., ਵਿਜੇ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ, ਡਾ. ਪਰਸ਼ੋਤਮ ਗੋਇਲ ਜਨਰਲ ਸਕੱਤਰ, ਅਜੀਤ ਸਿੰਘ ਭੱਟੀ, ਹਰਬੰਸ ਬਾਂਸਲ, ਡਾ. ਅਨਿਲ ਗੋਇਲ, ਡਾ. ਗੀਨਾ ਗੋਇਲ, ਸੰਤੋਸ਼ ਸਿੰਗਲਾ, ਬਲਰਾਜ ਸ਼ਰਮਾ, ਡਾ. ਅਮ੍ਰਿਤ ਸਮਰਾ, ਪ੍ਰੋ. ਸੰਦੀਪ, ਡਾ. ਮਨਮੋਹਨ, ਤਰਸੇਮ ਮਿਤੱਲ ਸਮਤੇ ਹੋਰ ਲੋਕ ਵੀ ਮੌਜੂਦ ਰਹੇ।

# ਜਦੋਂ ਤਕ ਪੰਜਾਬ ਦਾ ਹੱਕ ਸੁਰੱਖਿਅਤ ਨ੍ਹੀਂ ਹੁੰਦਾ, ਭਾਖੜਾ ਡੈਮ 'ਤੇ ਤਾਇਨਾਤ ਰਹੇਗੀ ਪੁਲਿਸ : ਅਮਨ ਅਰੋੜਾ




ਸੰਗਰੂਰ, 7 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਖੜਾ ਡੈਮ (ਬੀਬੀਐੱਮਬੀ) ਉੱਤੇ ਤਾਇਨਾਤ ਪੁਲਸ ਉਦੋਂ ਤੱਕ ਨਹੀਂ ਹਟਾਈ ਜਾਵੇਗੀ ਜਦੋਂ ਤੱਕ ਪਾਣੀਆਂ 'ਤੇ ਪੰਜਾਬ ਦੇ ਹੱਕ ਸੁਰੱਖਿਅਤ ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਅੱਜ ਤਾਂ ਪੰਜਾਬ ਪੁਲਸ ਲਗਾਈ ਗਈ ਹੈ। ਜੇਕਰ ਲੋੜ੍ਹ ਪਈ ਤਾਂ ਉਹ ਖੁਦ ਉਥੇ ਬੈਠਨ ਤੋਂ ਸੰਕੋਚ ਨਹੀਂ ਕਰਨਗੇ। ਇਹ ਗੱਲ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਅੱਜ ਕਮਿਊਨਟੀ ਹੈਲਥ ਸੈਂਟਰ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਹੀ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦਾ ਸੁਪਰੀਮ ਕੋਰਟ ਜਾਂ ਕਿਸੇ ਵੀ ਪੱਧਰ ਉੱਤੇ ਜਾਣ ਦਾ ਸੰਵਿਧਾਨਕ ਹੱਕ ਹੈ। ਪਰ ਪੰਜਾਬ ਆਪਣੇ ਹੱਕ ਅਤੇ ਪਾਣੀ ਕਿਸੇ ਨੂੰ ਵੀ ਲੁਟਾਉਣ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ 1700 ਕਿਉਸਿਕ ਪਾਣੀ ਦੀ ਲੋੜ੍ਹ ਹੈ ਪਰ ਉਸਨੂੰ ਪਹਿਲਾਂ ਹੀ 4000 ਕਿਉਸਿਕ ਪਾਣੀ ਪੰਜਾਬ ਵੱਲੋਂ ਛੱਡਿਆ ਜਾ ਰਿਹਾ ਹੈ। ਪਰ ਹੁਣ ਹਰਿਆਣਾ ਵੱਲੋਂ ਪੰਜਾਬ ਦੀ ਬਾਂਹ ਮਰੋੜ ਕੇ 8500 ਕਿਉਸਿਕ ਪਾਣੀ ਦੀ ਮੰਗ ਨੂੰ ਕਿਸੇ ਵੀ ਹੀਲੇ ਮੰਨਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਮੁੱਦੇ ਉੱਤੇ ਵਿਰੋਧੀ ਪਾਰਟੀਆਂ ਨੂੰ ਆਪਣੇ ਰਾਜਸੀ ਮੁਫ਼ਾਦ ਪਾਸੇ ਰੱਖ ਕੇ ਪੰਜਾਬ ਸਰਕਾਰ ਦਾ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਭਾਜਪਾ ਆਗੂ ਸੁਨੀਲ ਜਾਖੜ ਨੂੰ ਵੀ ਕਿਹਾ ਕਿ ਉਹ ਪੰਜਾਬ ਵਾਸੀ ਹੋਣ ਦਾ ਮੁੱਲ ਮੋੜਦੇ ਹੋਏ ਕੇਂਦਰ ਸਰਕਾਰ ਕੋਲ ਪੰਜਾਬ ਦਾ ਪੱਖ ਮਜ਼ਬੂਤੀ ਨਾਲ ਰੱਖਣ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਵੀ ਬੂੰਦ ਵਾਧੂ ਨਹੀਂ ਹੈ।

# ਹਨ੍ਹੇਰੀ 'ਚ 45 ਖੰਭੇ ਟੁੱਟਣ ਨਾਲ 22 ਫੀਡਰਾਂ 'ਚ ਪਿਆ ਫਾਲਟ

**ਸਰਦੂਲ ਸਿੰਘ**

ਜਲੰਧਰ 7 ਮਈ। ਆਏ ਹਨ੍ਹੇਰੀ-ਤੂਫ਼ਾਨ ਨੇ ਪਾਵਰ ਸਿਸਟਮ ਨੂੰ ਬੁਰੀ ਤਰ੍ਹਾਂ ਨਾਲ ਤਹਿਸ-ਨਹਿਸ ਕਰਕੇ ਰੱਖ ਦਿੱਤਾ। ਹਨ੍ਹੇਰੀ ਕਾਰਨ 45 ਖੰਭੇ ਟੁੱਟ ਗਏ ਅਤੇ 22 ਫੀਡਰਾਂ ਵਿਚ ਫਾਲਟ ਪੈ ਗਿਆ, ਜਿਸ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਬਿਜਲੀ ਖ਼ਪਤਕਾਰ ਪ੍ਰੇਸ਼ਾਨ ਹੋਏ। ਲਗਭਗ 11 ਟਰਾਂਸਫਾਰਮਰਾਂ ਵਿਚ ਫਾਲਟ ਪੈਣ ਨਾਲ ਵਿਭਾਗ ਨੂੰ 21 ਲੱਖ ਤੋਂ ਵੱਧ ਦਾ ਨੁਕਸਾਨ ਹੋਇਆ ਅਤੇ ਦਰਜਨਾਂ ਇਲਾਕਿਆਂ ਵਿਚ 18 ਘੰਟੇ ਬੱਤੀ ਬੰਦ ਰਹੀ। ਹਨ੍ਹੇਰੀ ਅਤੇ ਹਲਕੇ ਮੀਂਹ ਕਾਰਨ ਪਏ ਫਾਲਟ ਬਿਜਲੀ ਖ਼ਪਤਕਾਰਾਂ ਦੇ ਨਾਲ-ਨਾਲ ਪਾਵਰਕਾਮ ਲਈ ਵੀ ਪ੍ਰੇਸ਼ਾਨੀ ਦਾ ਕਾਰਨ ਬਣੇ। ਦੇਰ ਰਾਤ 11 ਵਜੇ ਹਨ੍ਹੇਰੀ ਆਉਣ ਤੋਂ ਬਾਅਦ ਸ਼ੁੱਕਰਵਾਰ ਸਵੇਰ ਤਕ ਸ਼ਹਿਰ ਦੇ ਵਧੇਰੇ ਹਿੱਸਿਆਂ ਵਿਚ ਬਲੈਕਆਊਟ ਰਿਹਾ। ਦੱਸਿਆ ਜਾ ਰਿਹਾ ਹੈ ਕਿ ਹਨੇਰੀ ਦੀ ਵਜ?ਹਾ ਨਾਲ ਸੈਂਕੜਿਆਂ ਦੀ ਗਿਣਤੀ ਵਿਚ ਤਾਰਾਂ ਟੁੱਟ ਗਈਆਂ। ਕਈ ਇਲਾਕਿਆਂ ਦੇ ਛੋਟੇ ਟਰਾਂਸਫਾਰਮਰਾਂ ਵਿਚ ਤਕਨੀਕੀ ਖ਼ਰਾਬੀ ਆ ਗਈ। ਤਾਰਾਂ ਆਪਸ ਵਿਚ ਜੁੜ ਗਈਆਂ, ਵੱਡੇ ਦਰੱਖਤ ਅਤੇ ਟਾਹਣੀਆਂ ਟੁੱਟ ਕੇ ਤਾਰਾਂ 'ਤੇ ਜਾ ਡਿੱਗੀਆਂ। ਕਈ ਛੋਟੇ ਦਰੱਖਤ ਟਰਾਂਸਫਾਰਮਰਾਂ 'ਤੇ ਡਿੱਗ ਗਏ ਅਤੇ ਵੱਡੇ ਪੱਧਰ 'ਤੇ ਬਿਜਲੀ ਦੇ ਫਾਲਟ ਪੈ ਗਏ। ਜਲੰਧਰ ਸਰਕਲ ਤਹਿਤ ਬਿਜਲੀ ਦੀ ਖ਼ਰਾਬੀ ਸਬੰਧੀ 4500 ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ। ਇਨ੍ਹਾਂ ਵਿਚੋਂ ਕਈ ਸ਼ਿਕਾਇਤਾਂ ਨੂੰ ਠੀਕ ਕਰਨ ਦਾ ਸਿਲਸਿਲਾ ਸ਼ੁੱਕਰਵਾਰ ਰਾਤ ਖ਼ਬਰ ਲਿਖੇ ਜਾਣ ਤਕ ਜਾਰੀ ਰਿਹਾ। ਕਈ ਇਲਾਕਿਆਂ ਦੇ ਟਰਾਂਸਫਾਰਮਰਾਂ ਦੀ ਮੁਰੰਮਤ ਹੋਣਾ ਅਜੇ ਬਾਕੀ ਹੈ। ਇਨ੍ਹਾਂ 'ਤੇ ਮੁਰੰਮਤ ਦਾ ਕੰਮ ਸ਼ਨੀਵਾਰ ਨੂੰ ਕਰਵਾਇਆ ਜਾਵੇਗਾ। ਹਨ੍ਹੇਰੀ ਕਾਰਨ ਫਾਲਟ ਪੈਣ ਕਰਕੇ ਕਈ ਇਲਾਕਿਆਂ ਵਿਚ ਰਾਤ 1 ਵਜੇ ਬੰਦ ਹੋਈ ਬਿਜਲੀ ਸ਼ੁੱਕਰਵਾਰ 6 ਵਜੇ ਤੋਂ ਬਾਅਦ ਚਾਲੂ ਹੋ ਸਕੀ। ਸਭ ਤੋਂ ਲੇਟ ਠੀਕ ਹੋਣ ਵਾਲੇ ਫੀਡਰਾਂ ਵਿਚ ਵਰਿਆਮ ਨਗਰ, ਅਰਬਨ ਅਸਟੇਟ, ਮਾਡਲ ਟਾਊਨ ਅਤੇ ਧੀਨਾ ਦੇ ਇਲਾਕੇ ਸ਼ਾਮਲ ਹਨ। ਇਥੇ ਸ਼ਾਮ 5 ਵਜੇ ਤੋਂ ਬਾਅਦ ਵੀ ਕੰਮ ਚੱਲ ਰਿਹਾ ਸੀ। ਜਾਣਕਾਰੀ ਮੁਤਾਬਕ ਹਨੇਰੀ ਤੋਂ ਬਾਅਦ ਵਿਭਾਗ ਨੇ ਬਿਜਲੀ ਸਪਲਾਈ ਨੂੰ ਅਹਿਤਿਆਤ ਵਜੋਂ ਬੰਦ ਕਰ ਦਿੱਤਾ। ਇਸ ਤੋਂ ਬਾਅਦ ਜਦੋਂ ਰਾਤ 1 ਵਜੇ ਸਪਲਾਈ ਚਾਲੂ ਕਰਵਾਈ ਗਈ ਤਾਂ ਜਲੰਧਰ ਸਰਕਲ ਦੇ 22 ਦੇ ਲੱਗਭਗ ਫੀਡਰ ਚਾਲੂ ਨਹੀਂ ਹੋ ਸਕੇ। ਉਥੇ ਹੀ, ਜ਼ੋਨ ਵਿਚ 200-250 ਦੇ ਲੱਗਭਗ ਫੀਡਰਾਂ ਵਿਚ ਦਿੱਕਤ ਪਾਈ ਗਈ। ਉਥੇ ਹੀ ਦਰੱਖਤ ਆਦਿ ਡਿੱਗਣ ਕਾਰਨ ਕਈ ਥਾਵਾਂ 'ਤੇ ਤਾਰਾਂ ਸੜਕਾਂ 'ਤੇ ਡਿੱਗ ਚੁੱਕੀਆਂ ਸਨ ਅਤੇ ਪੈਟਰੋਲਿੰਗ ਕਰ ਕੇ ਫਾਲਟ ਲੱਭਣਾ ਸੰਭਵ ਨਹੀਂ ਹੋ ਪਾ ਰਿਹਾ ਸੀ। ਹਨੇਰੀ ਰੁਕਣ ਤੋਂ ਬਾਅਦ ਲਾਈਟ ਨਾ ਹੋਣ ਕਾਰਨ ਰਾਤ ਦੇ ਸਮੇਂ ਸ਼ਿਕਾਇਤਾਂ ਆਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਪਰ ਜਿਹੜੇ ਫੀਡਰਾਂ ਵਿਚ ਦਿੱਕਤ ਸੀ, ਬਿਜਲੀ ਕਰਮਚਾਰੀ ਉਨ੍ਹਾਂ ਸ਼ਿਕਾਇਤਾਂ ਨੂੰ ਠੀਕ ਕਰਨ ਲਈ ਮੁਹੱਲਿਆਂ ਵਿਚ ਨਹੀਂ ਗਏ ਕਿਉਂਕਿ ਸਪਲਾਈ ਫੀਡਰ ਚੱਲਣ 'ਤੇ ਹੀ ਠੀਕ ਹੋ ਸਕਦੀ ਸੀ, ਇਸ ਕਾਰਨ ਕਈ ਪਾਸ਼ ਇਲਾਕਿਆਂ ਦੇ ਲੋਕ ਲਗਾਤਾਰ ਸ਼ਿਕਾਇਤਾਂ ਲਿਖਵਾਉਂਦੇ ਰਹੇ। ਸਰਕਲ ਦੇ 22 ਦੇ ਲਗਭਗ ਫੀਡਰਾਂ ਦੇ ਬੰਦ ਰਹਿਣ ਕਾਰਨ ਸਵੇਰ ਤਕ ਸ਼ਿਕਾਇਤਾਂ ਦਾ ਢੇਰ ਲੱਗ ਚੁੱਕਾ ਸੀ, ਜਿਹੜਾ ਦੇਰ ਸ਼ਾਮ ਤਕ ਵਧਦਾ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਦਰਜਨਾਂ ਫੀਡਰਾਂ ਨੂੰ ਸਵੇਰੇ 9 ਵਜੇ ਤਕ ਚਾਲੂ ਕਰ ਦਿੱਤਾ



ਗਿਆ ਸੀ। ਫੀਲਡ ਅਧਿਕਾਰੀਆਂ ਦੀ ਗੱਲ ਮੰਨੀਏ ਤਾਂ ਵੀਰਵਾਰ ਦੇਰ ਰਾਤ ਰਿਪੇਅਰ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਸੀ। ਕਈ ਇਲਾਕਿਆਂ ਵਿਚ ਬਿਜਲੀ ਬੰਦ ਹੋਣ ਕਾਰਨ ਪਾਣੀ ਦੀ ਸਮੱਸਿਆ ਨੇ ਭਿਆਨਕ ਰੂਪ ਧਾਰਨ ਕਰ ਲਿਆ। ਹਾਲਾਂਕਿ ਅਧਿਕਾਰੀਆਂ ਵੱਲੋਂ ਹਦਾਇਤਾਂ ਦਿੱਤੀਆਂ ਗਈਆਂ ਕਿ ਪਾਣੀ ਦੀਆਂ ਮੋਟਰਾਂ ਨੇੜੇ ਜਿਹੜੀਆਂ ਲਾਈਨਾਂ ਹਨ, ਉਨ੍ਹਾਂ ਦੀ ਮੁਰੰਮਤ ਪਹਿਲਾਂ ਕੀਤੀ ਜਾਵੇ ਤਾਂ ਕਿ ਇਲਾਕਿਆਂ ਨੂੰ ਪਾਣੀ ਮਿਲ ਸਕੇ ਪਰ ਇਸ ਦੇ ਬਾਵਜੂਦ ਸ਼ਹਿਰ ਵਿਚ ਕਈ ਥਾਵਾਂ 'ਤੇ ਪਾਣੀ ਦੀ ਦਿੱਕਤ ਰਹੀ, ਜਿਸ ਕਾਰਨ ਲੋਕਾਂ ਨੂੰ ਕਾਫੀ ਦਿੱਕਤਾਂ ਪੇਸ਼ ਆਈਆਂ। ਸ਼ਹਿਰ ਵਿਚ ਅੱਧੀ ਦਰਜਨ ਇਲਾਕਿਆਂ ਵਿਚ ਦੁਪਹਿਰ ਤਕ ਸਪਲਾਈ ਚਾਲੂ ਨਹੀਂ ਹੋ ਸਕੀ, ਜਿਸ ਕਰ ਕੇ ਲੋਕਾਂ ਨੂੰ ਪੀਣ ਵਾਲੇ ਪਾਣੀ ਲਈ ਤਰਸਣਾ ਪਿਆ। ਕਈ ਲੋਕਾਂ ਨੇ ਦੱਸਿਆ ਕਿ ਪਹਿਲਾਂ ਸਵੇਰੇ ਪਾਣੀ ਨਹੀਂ ਆਇਆ। ਇਸ ਤੋਂ ਬਾਅਦ ਦੁਪਹਿਰ ਵੀ ਬਿਜਲੀ ਦੀ ਉਡੀਕ ਵਿਚ ਲੰਘੀ ਅਤੇ ਸ਼ਾਮ ਨੂੰ 7 ਵਜੇ ਸਪਲਾਈ ਠੀਕ ਹੋਣ ਤੋਂ ਬਾਅਦ ਪਾਣੀ ਦੀ ਸਪਲਾਈ ਬਹਾਲ ਹੋ ਸਕੀ। ਬਿਜਲੀ ਦੀਆਂ ਸ਼ਿਕਾਇਤਾਂ ਵਧਣ ਕਾਰਨ ਪਾਵਰਕਾਮ ਦਾ 1912 ਸ਼ਿਕਾਇਤ ਕੇਂਦਰ ਸਿਸਟਮ ਵੀ ਓਵਰਲੋਡ ਰਿਹਾ, ਜਿਸ ਕਰ ਕੇ ਖਪਤਕਾਰਾਂ ਨੂੰ ਸ਼ਿਕਾਇਤ ਕੇਂਦਰਾਂ ਤਕ ਜਾਣਾ ਪਿਆ। ਦੱਸਿਆ ਜਾ ?ਰਿਹਾ ਹੈ ਕਿ ਸੂਬਾ ਪੱਧਰੀ ਸ਼ਿਕਾਇਤ ਕੇਂਦਰ ਨੰਬਰ 1912 ਦੇਰ ਰਾਤ ਹੀ ਓਵਰਲੋਡ ਹੋ ਗਿਆ ਸੀ। ਬਿਜਲੀ ਦੇ ਫਾਲਟ ਬੇਹੱਦ ਵਧਣ ਕਾਰਨ ਲੋਕਾਂ ਵੱਲੋਂ ਸ਼ਿਕਾਇਤਾਂ ਲਿਖਵਾਉਣ ਲਈ ਵਾਰ-ਵਾਰ ਫੋਨ ਕੀਤਾ ਜਾ ਰਿਹਾ ਸੀ ਪਰ ਫੋਨ ਨਹੀਂ ਮਿਲ ਪਾ ਰਿਹਾ ਸੀ। ਇਸ ਕਰ ਕੇ ਲੋਕਾਂ ਨੂੰ ਪ੍ਰੇਸ਼ਾਨੀ ਝੱਲਣੀ ਪਈ। ਫਾਲਟ ਬੇਹੱਦ ਵਧੇਰੇ ਸਨ, ਜਿਸ ਕਾਰਨ ਸ਼ਿਕਾਇਤ ਕੇਂਦਰ ਵੀ ਖਾਲੀ ਸੀ। ਇਸ ਕਾਰਨ ਲੋਕਾਂ ਨੂੰ ਸ਼ਿਕਾਇਤ ਕੇਂਦਰਾਂ ਵਿਚ ਜਾ ਕੇ ਵੀ ਨਿਰਾਸ਼ ਹੱਥ ਲੱਗ ਰਹੀ ਸੀ। ਲੋਕਾਂ ਦਾ ਕਹਿਣਾ ਹੈ ਕਿ ਸ਼ਿਕਾਇਤ ਕੇਂਦਰ ਨੰਬਰ ਦੀਆਂ ਲਾਈਨਾਂ ਵਧਾਉਣੀਆਂ ਚਾਹੀਦੀਆਂ ਹਨ ਕਿਉਂਕਿ ਹਰ ਵਾਰ ਇਹ ਪ੍ਰੇਸ਼ਾਨੀ ਦਾ ਕਾਰਨ ਬਣਦਾ ਹੈ। ਸਰਕਲ ਹੈੱਡ ਅਤੇ ਸੁਪਰਿੰਟੈਂਡੈਂਟ ਇੰਜੀ. ਗੁਲਸ਼ਨ ਚੁਟਾਨੀ ਨੇ ਕਿਹਾ ਕਿ ਸਾਰੇ ਸੀਨੀਅਰ ਅਧਿਕਾਰੀਆਂ ਜਿਵੇਂ ਐੱਸ. ਡੀ. ਓ. ਅਤੇ ਐਕਸੀਅਨਾਂ ਨੂੰ ਦੇਰ ਰਾਤ ਫੀਲਡ ਵਿਚ ਉਤਾਰ ਦਿੱਤਾ ਗਿਆ ਸੀ। ਸਵੇਰੇ 9 ਵਜੇ ਤਕ ਅੱਧੇ ਫੀਡਰ ਚਾਲੂ ਕਰਵਾ ਦਿੱਤੇ ਗਏ ਸਨ।

## 16 ਸਾਲ ਦੀ ਉਮਰ 'ਚ ਬਣ ਗਿਆ ਕਰੋੜਪਤੀ ! ਹੁਣ ਕਿਉਂ ਲਗਦੈ ਮਾਂ ਤੋਂ ਡਰ

ਵੈੱਬ ਡੈਸਕ 7 ਮਈ। ਹਰ ਵਿਅਕਤੀ ਦਾ ਸੁਪਨਾ ਹੁੰਦਾ ਹੈ ਕਿ ਉਹ ਵੱਡਾ ਹੋ ਕੇ ਇੱਕ ਸਫਲ ਵਿਅਕਤੀ ਬਣੇ। ਤਾਂ ਜੋ ਉਹ ਆਪਣੇ ਸਾਰੇ ਸੁਪਨੇ ਪੂਰੇ ਕਰ ਸਕੇ। ਇਸ ਲਈ ਆਦਮੀ ਬਚਪਨ ਤੋਂ ਹੀ ਸਖ਼ਤ ਮਿਹਨਤ ਕਰਦਾ ਹੈ। ਭਾਵੇਂ ਸਫਲਤਾ ਕੁਝ ਕੁ ਲੋਕਾਂ ਨੂੰ ਹੀ ਮਿਲਦੀ ਹੈ, ਪਰ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਬਹੁਤ ਛੋਟੀ ਉਮਰ ਵਿੱਚ ਹੀ ਇਸ ਮੁਕਾਮ 'ਤੇ ਪਹੁੰਚ ਜਾਂਦੇ ਹਨ। ਜਿੱਥੇ ਵੱਡੇ ਲੋਕ ਚਾਹੁੰਦੇ ਹੋਏ ਵੀ ਨਹੀਂ ਪਹੁੰਚ ਸਕਦੇ। ਅਜਿਹੇ ਹੀ ਇੱਕ ਬੱਚੇ ਦੀ ਕਹਾਣੀ ਨੇ ਇਸ ਸਮੇਂ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ ਕਿਉਂਕਿ ਇਹ ਬੱਚਾ ਸਿਰਫ਼ 16 ਸਾਲ ਦੀ ਉਮਰ ਵਿੱਚ ਕਰੋੜਪਤੀ ਬਣ ਗਿਆ ਹੈ। ਇਸ ਬੱਚੇ ਦੇ ਮਾਮਲੇ ਵਿੱਚ ਹੈਰਾਨੀ ਵਾਲੀ ਗੱਲ ਇਹ ਹੈ ਕਿ ਉਸਨੇ ਆਪਣੀ ਮਾਂ ਨੂੰ ਇਹ ਸੱਚ ਨਹੀਂ ਦੱਸਿਆ ਕਿ ਉਸਦਾ ਪੁੱਤਰ ਕਰੋੜਪਤੀ ਹੈ। ਇਸ ਵਿਅਕਤੀ ਦੀ ਕੁੱਲ ਜਾਇਦਾਦ ਅਮਰੀਕਾ ਦੇ ਸਭ ਤੋਂ ਵੱਕਾਰੀ ਵਿੱਤੀ ਸ਼ੋਅ ਵਿੱਚ ਪ੍ਰਗਟ ਹੋਈ। ਜਦੋਂ ਬੱਚੇ ਨੇ ਆਪਣਾ ਭੇਤ ਖੋਲ੍ਹਿਆ ਤਾਂ ਸਾਰੇ ਹੈਰਾਨ ਰਹਿ ਗਏ। ਹਾਲਾਂਕਿ, ਮੁੰਡੇ ਦਾ ਨਾਮ ਅਤੇ ਪਛਾਣ ਪ੍ਰਗਟ ਨਹੀਂ ਕੀਤੀ ਗਈ ਹੈ। ਇਸ ਬੱਚੇ ਦੇ ਕਮਾਈ ਕਰਨ ਦੇ ਤਰੀਕੇ ਨੂੰ ਦੇਖ ਕੇ ਵਿੱਤ ਮਾਹਰ ਡੇਵ ਰਾਮਸੇ ਵੀ ਹੈਰਾਨ ਰਹਿ ਗਏ। ਦਰਅਸਲ, ਇਹ ਮੁੰਡਾ ਡ?ਰੌਪਸ਼ਿਪਿੰਗ ਵੈੱਬਸਾਈਟਾਂ ਅਤੇ ਈਬੇ ਅਤੇ ਐਮਾਜ਼ਾਨ ਵਰਗੀਆਂ ਸਾਈਟਾਂ 'ਤੇ ਔਨਲਾਈਨ ਆਰਬਿਟਰੇਜ ਕਰਕੇ ਪੈਸੇ ਕਮਾਉਂਦਾ ਹੈ ਅਤੇ ਇਸ ਤਰ੍ਹਾਂ ਕੰਮ ਕਰਨ ਤੋਂ ਬਾਅਦ, ਪਿਛਲੇ ਅੱਠ ਮਹੀਨਿਆਂ ਵਿੱਚ, ਇਸ ਬੱਚੇ ਨੇ ਆਪਣੇ ਪੇਪਾਲ ਖਾਤੇ ਵਿੱਚ £3,00,000 (ਲਗਭਗ 2.5 ਕਰੋੜ ਰੁਪਏ) ਤੋਂ ਵੱਧ ਕਮਾਏ ਹਨ, ਪਰ ਉਸਨੇ ਇਹ ਆਪਣੀ ਮਾਂ ਨੂੰ ਨਹੀਂ ਦੱਸਿਆ ਕਿਉਂਕਿ ਉਸਨੂੰ ਡਰ ਹੈ ਕਿ ਉਸਦੀ ਮਾਂ ਉਸਨੂੰ ਇਹ ਕੰਮ ਨਹੀਂ ਕਰਨ ਦੇਵੇਗੀ। ਇਸ ਬੱਚੇ ਦੀ ਕੇਸ ਸਟੱਡੀ ਨੂੰ ਸਮਝਣ ਤੋਂ ਬਾਅਦ, ਡੇਵ ਨੇ ਕਿਹਾ ਕਿ ਦੇਖੋ, ਇਸ ਉਮਰ ਵਿੱਚ ਇੰਨੇ ਪੈਸੇ ਕਮਾਉਣਾ ਕੋਈ ਸੌਖਾ ਕੰਮ ਨਹੀਂ ਹੈ ਅਤੇ ਜਿਸ ਤਰੀਕੇ ਨਾਲ ਤੁਸੀਂ ਇਹ ਪੈਸਾ ਕਮਾਇਆ ਹੈ ਉਹ ਗਲਤ ਨਹੀਂ ਹੈ, ਪਰ ਇਹ ਪੂਰੀ ਤਰ੍ਹਾਂ ਸਹੀ ਵੀ ਨਹੀਂ ਹੈ। ਅਜਿਹੀ ਸਥਿਤੀ ਵਿੱਚ, ਤੁਹਾਨੂੰ ਆਪਣੀ ਮਾਂ ਨੂੰ ਆਪਣੀ ਕਮਾਈ ਬਾਰੇ ਦੱਸਣਾ ਚਾਹੀਦਾ ਹੈ ਅਤੇ ਆਪਣੀ ਪੜ੍ਹਾਈ 'ਤੇ ਧਿਆਨ ਦੇਣਾ ਚਾਹੀਦਾ ਹੈ।

## ਜਦੋਂ ਤਕ ਪੰਜਾਬ ਦਾ ਹੱਕ ਸੁਰੱਖਿਅਤ ਨ੍ਹੀਂ ਹੁੰਦਾ, ਭਾਖੜਾ ਡੈਮ 'ਤੇ ਤਾਇਨਾਤ ਰਹੇਗੀ ਪੁਲਸ : ਅਮਨ ਅਰੋੜਾ

ਲੌਂਗੋਵਾਲ 7 ਮਈ। ਭਾਖੜਾ ਡੈਮ (ਬੀਬੀਐੱਮਬੀ) ਉੱਤੇ ਤਾਇਨਾਤ ਪੁਲਸ ਉਦੋਂ ਤੱਕ ਨਹੀਂ ਹਟਾਈ ਜਾਵੇਗੀ ਜਦੋਂ ਤੱਕ ਪਾਣੀਆਂ 'ਤੇ ਪੰਜਾਬ ਦੇ ਹੱਕ ਸੁਰੱਖਿਅਤ ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਅੱਜ ਤਾਂ ਪੰਜਾਬ ਪੁਲਸ ਲਗਾਈ ਗਈ ਹੈ। ਜੇਕਰ ਲੋੜ ਪਈ ਤਾਂ ਉਹ ਖੁਦ ਉਥੇ ਬੈਠਣ ਤੋਂ ਸੰਕੋਚ ਨਹੀਂ ਕਰਨਗੇ। ਇਹ ਗੱਲ ਪੰਜਾਬ



ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਅੱਜ ਕਮਿਊਨਟੀ ਹੈਲਥ ਸੈਂਟਰ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਹੀ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦਾ ਸੁਪਰੀਮ ਕੋਰਟ ਜਾਂ ਕਿਸੇ ਵੀ ਪੱਧਰ ਉੱਤੇ ਜਾਣ ਦਾ ਸੰਵਿਧਾਨਕ ਹੱਕ ਹੈ। ਪਰ ਪੰਜਾਬ ਆਪਣੇ ਹੱਕ ਅਤੇ ਪਾਣੀ ਕਿਸੇ ਨੂੰ ਵੀ ਲੁਟਾਉਣ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ 1700 ਕਿਉਸਿਕ ਪਾਣੀ ਦੀ ਲੋੜ ਹੈ ਪਰ ਉਸਨੂੰ ਪਹਿਲਾਂ ਹੀ 4000 ਕਿਉਸਿਕ ਪਾਣੀ ਪੰਜਾਬ ਵੱਲੋਂ ਛੱਡਿਆ ਜਾ ਰਿਹਾ ਹੈ। ਪਰ ਹੁਣ ਹਰਿਆਣਾ ਵੱਲੋਂ ਪੰਜਾਬ ਦੀ ਬਾਂਹ ਮਰੋੜ ਕੇ 8500 ਕਿਉਸਿਕ ਪਾਣੀ ਦੀ ਮੰਗ ਨੂੰ ਕਿਸੇ ਵੀ ਹੀਲੇ ਮੰਨਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਮੁੱਦੇ ਉੱਤੇ ਵਿਰੋਧੀ ਪਾਰਟੀਆਂ ਨੂੰ ਆਪਣੇ ਰਾਜਸੀ ਮੁਫ਼ਾਦ ਪਾਸੇ ਰੱਖ ਕੇ ਪੰਜਾਬ ਸਰਕਾਰ ਦਾ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਭਾਜਪਾ ਆਗੂ ਸੁਨੀਲ ਜਾਖੜ ਨੂੰ ਵੀ ਕਿਹਾ ਕਿ ਉਹ ਪੰਜਾਬ ਵਾਸੀ ਹੋਣ ਦਾ ਮੁੱਲ ਮੋੜਦੇ ਹੋਏ ਕੇਂਦਰ ਸਰਕਾਰ ਕੋਲ ਪੰਜਾਬ ਦਾ ਪੱਖ ਮਜ਼ਬੂਤੀ ਨਾਲ ਰੱਖਣ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਵੀ ਬੂੰਦ ਵਾਧੂ ਨਹੀਂ ਹੈ।

## ਗੁਰਦਾਸਪੁਰ ਪੁਲਸ ਨੇ ਹੈਰੋਇਨ, ਡਰੱਗ ਮਨੀ ਤੇ ਨਜ਼ਾਇਜ ਸ਼ਰਾਬ ਸਮੇਤ 12 ਨੂੰ ਕੀਤਾ ਗ੍ਰਿਫਤਾਰ

**ਕਿਸ਼ਨ ਪਾਲ**

ਗੁਰਦਾਸਪੁਰ 7 ਮਈ। ਗੁਰਦਾਸਪੁਰ ਪੁਲਸ ਨੇ ਵੱਖ-ਵੱਖ ਮੁਕੱਦਮਿਆਂ ਵਿਚ 43 ਗ੍ਰਾਮ 96 ਮਿਲੀਗ੍ਰਾਮ ਹੈਰੋਇੰਨ, 4500/-ਰੁਪਏ ਡਰੱਗ ਮਨੀ, 175 ਨਸ਼ੀਲੀਆਂ ਗੋਲੀਆਂ, ਨਜ਼ਾਇਜ ਸ਼ਰਾਬ ਸਮੇਤ 12 ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਐੱਸ.ਪੀ. ਗੁਰਦਾਸਪੁਰ ਅਦਿੱਤਿਆ ਨੇ ਦੱਸਿਆ ਕਿ ਥਾਣਾ ਤਿੱਬੜ ਵਿਖੇ ਜੋਨ ਮਸੀਹ ਉਰਫ ਜੋਨੀ ਅਤੇ ਅਮਨਦੀਪ ਉਰਫ ਅਮਨ ਨੂੰ ਕਾਬੂ ਕਰਕੇ ਉਹਨਾਂ ਪਾਸੋਂ 20 ਗ੍ਰਾਮ ਹੈਰੋਇੰਨ ਅਤੇ 2000 ਰੁਪਏ ਡਰੱਗ ਮਨੀ ਬ੍ਰਾਮਦ ਕੀਤੀ, ਜਿਸ 'ਤੇ ਮੁਲਜ਼ਮਾਂ ਦੇ ਖਿਲਾਫ ਥਾਣਾ ਤਿੱਬੜ ਵਿਖੇ ਪਰਚਾ ਦਰਜ ਕੀਤਾ ਗਿਆ। ਥਾਣਾ ਘੁੰਮਣ ਕਲਾਂ ਵਿਖੇ ਕਰਨਬੀਰ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ 07 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ, ਜਿਸ 'ਤੇ ਉਕਤ ਖਿਲਾਫ ਪਰਚਾ ਦਰਜ ਕੀਤਾ ਗਿਆ। ਇਸੇ ਤਰ੍ਹਾਂ ਥਾਣਾ ਸਦਰ ਗੁਰਦਾਸਪੁਰ ਵਿਖੇ ਰੋਹਿਤ ਸਿੰਘ ਅਤੇ ਮਨੀਸ਼ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 12 ਗ੍ਰਾਮ ਹੈਰੋਇਨ ਅਤੇ 2500 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ, ਜਿਸ ਤੇ ਦੇ ਖਿਲਾਫ ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ



ਰਜਿਸਟਰ ਕੀਤਾ ਗਿਆ। ਥਾਣਾ ਧਾਰੀਵਾਲ ਵਿਖੇ ਰੋਹਿਤ ਗਿੱਲ ਨੂੰ ਕਾਬੂ ਕਰਕੇ ਉਸ ਪਾਸੋਂ 04 ਗ੍ਰਾਮ 96 ਮਿਲੀਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਤੇ ਉਕਤ ਖਿਲਾਫ ਪਰਚਾ ਦਰਜ ਕੀਤਾ ਗਿਆ। ਥਾਣਾ ਭੈਣੀ ਮੀਆਂ ਖਾਂ ਵਿਖੇ ਅਮਰੀਕ ਸਿੰਘ ਉਰਫ ਲਾਲੀ ਨੂੰ ਕਾਬੂ ਕਰਕੇ ਉਸ ਪਾਸੋਂ 130 ਨਸ਼ੀਲੀਆ ਗੋਲੀਆਂ ਬਰਾਮਦ ਕੀਤੀਆਂ ਅਤੇ ਉਕਤ ਵਿਅਕਤੀ ਨੂੰ ਕਾਬੂ ਕੀਤ। ਥਾਣਾ ਦੀਨਾਨਗਰ ਵਿਖੇ ਸੂਰਜ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ 45 ਨਸ਼ੀਲੀਆ ਗੋਲੀਆਂ ਬ੍ਰਾਮਦ ਕੀਤੀਆਂ। ਥਾਣਾ ਦੋਰਾਂਗਲਾ ਵਿਖੇ ਇਕ ਔਰਤ ਨੂੰ ਕਾਬੂ ਕਰਕੇ ਉਸ ਪਾਸੋਂ 7500 ਐਮ.ਐਲ. ਨਜ਼ਾਇਜ ਸ਼ਰਾਬ ਬਰਾਮਦ ਕੀਤੀ । ਥਾਣਾ ਬਹਿਰਾਮਪੁਰ ਵਿਖੇ ਇਕ ਔਰਤ ਨੂੰ ਕਾਬੂ ਕਰਕੇ ਉਸ ਪਾਸੋਂ 6000 ਐਮ.ਐਲ. ਨਜ਼ਾਇਜ ਸ਼ਰਾਬ ਬ੍ਰਾਮਦ ਕੀਤੀ ਗਈ। ਥਾਣਾ ਪੁਰਾਣਾ ਸ਼ਾਲਾ ਵਿਖੇ ਗੁਰਪ੍ਰੀਤ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ 7500 ਐਮ.ਐਲ. ਨਜਾਇਜ ਸ਼ਰਾਬ ਬਰਾਮਦ ਕੀਤੀ ਗਈ। ਥਾਣਾ ਕਾਹਨੂੰਵਾਨ ਵਿਖੇ ਸਵਰਨ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ 24 ਬੋਤਲਾਂ ਸ਼ਰਾਬ ਬਰਾਮਦ ਕੀਤੀ ਗਈ। ਪੁਲਸ ਨੇ ਉਕਤ ਸਾਰੇ ਮਾਮਲਿਆਂ ਵਿਚ 12 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਮਾਮਲਾ ਦਰਜ ਕੀਤਾ ਹੈ।

## ਕੰਮ ਤੋਂ ਘਰ ਪਰਤਿਆ ਬੰਦਾ, ਦਰਵਾਜਾ ਖੋਲ੍ਹਦਿਆਂ ਹੀ ਅੱਖਾਂ ਅੱਗੇ ਛਾ ਗਿਆ ਹਨੇਰਾ

ਨੈਸ਼ਨਲ ਡੈਸਕ 7 ਮਈ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਭਿਵੰਡੀ 'ਚ ਦਿਲ ਦਹਿਲਾਉਣ ਵਾਲੀ ਖ਼ਬਰ ਸਾਹਮਣੇ ਆਈ ਹੈ, ਇਕੋਂ ਪਰਿਵਾਰ ਦੇ 4 ਜੀਆਂ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਇਸ ਘਟਨਾ ਤੋਂ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਇਨ੍ਹਾਂ ਮ੍ਰਿਤਕਾਂ 'ਚ ਮਾਂ ਸਮੇਤ ਤਿੰਨ ਧੀਆਂ ਨੇ ਮੌਤ ਨੂੰ ਗਲੇ ਲਾਇਆ ਹੈ। ਇਸ ਘਟਨਾ ਦਾ ਪਤਾ ਉਦੋਂ ਲੱਗਾ ਜਦੋਂ ਔਰਤ ਦਾ ਪਤੀ ਡਿਊਟੀ ਕਰ ਕੇ ਘਰ ਪਰਤਿਆ। ਪੁਲਿਸ ਨੇ ਮੌਕੇ 'ਤੇ ਪੁੱਜ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਪਤੀ ਨੇ ਦੱਸਿਆ ਕਿ ਜਦੋਂ ਉਹ ਡਿਊਟੀ ਕਰ ਕੇ ਰਾਤੀ ਘਰ ਪਰਤਿਆ ਤਾਂ ਉਸਨੇ ਦਰਵਾਜ਼ਾ ਬੰਦ ਸੀ, ਜਦੋਂ ਉਸਨੇ ਧੱਕਾ ਮਾਰ ਕੇ ਦਰਵਾਜ਼ਾ ਖੋਲ੍ਹਿਆ ਤਾਂ ਉਸਦੇ ਹੋਸ਼ ਉਡ ਗਏ। ਘਰ ਦੇ ਅੰਦਰ ਪਤਨੀ ਤੇ ਤਿੰਨ ਧੀਆਂ ਦੀਆਂ ਲਾਸ਼ਾਂ ਫਾਹੇ ਨਾਲ ਲਟਕ ਰਹੀਆਂ ਸਨ। ਇਹ ਘਟਨਾ ਭਿਵੰਡੀ ਸ਼ਹਿਰ ਦੇ ਕਮਾਟਘਰ ਦੇ ਫੇਨੇ ਪਾੜਾ ਇਲਾਕੇ 'ਚ ਵਾਪਰੀ। ਪੁਲਸ ਨੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪਤੀ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਨੂੰ ਘਟਨਾ ਬਾਰੇ ਸ਼ਨੀਵਾਰ ਸਵੇਰੇ ਪਤਾ ਲੱਗਾ। ਪੁਲਸ ਇਸ ਵੇਲੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਔਰਤ ਨੇ ਇਹ ਘਾਤਕ ਕਦਮ ਕਿਉਂ ਚੁੱਕਿਆ, ਇਸਦਾ ਕਾਰਨ ਅਜੇ ਸਪੱਸ਼ਟ ਨਹੀਂ ਹੈ। ਪੁਲਸ ਸੁਸਾਈਡ ਨੋਟ ਤੇ ਪਰਿਵਾਰਕ ਪਿਛੋਕੜ ਦੀ ਜਾਂਚ ਕਰ ਰਹੀ ਹੈ। ਨਾਰਪੋਲੀ ਕੋਤਵਾਲੀ ਦੇ ਸੀਨੀਅਰ ਪੁਲਿਸ ਇੰਸਪੈਕਟਰ ਕ੍ਰਿਸ਼ਨਾਰਾਓ ਖਰਾਡੇ ਨੇ ਕਿਹਾ ਕਿ ਮਾਂ ਨੇ ਆਪਣੀਆਂ ਤਿੰਨ ਧੀਆਂ ਸਮੇਤ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।

## ਕੇਂਦਰੀ ਜੇਲ੍ਹ 'ਚੋਂ 9 ਮੋਬਾਈਲ, 6 ਸਿਮ, 1 ਚਾਰਜਰ ਤੇ ਹੋਰ ਸਾਮਾਨ ਬਰਾਮਦ

ਤਰਨਤਾਰਨ 7 ਮਈ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਜੋ ਕਿ ਆਏ ਦਿਨ ਸੁਰਖੀਆਂ ਬਣੀ ਰਹਿੰਦੀ ਹੈ, ਅੰਦਰੋਂ ਇੱਕ ਵਾਰ ਫਿਰ ਤਲਾਸ਼ੀ ਅਭਿਆਨ ਦੌਰਾਨ ਜੇਲ੍ਹ ਪ੍ਰਸ਼ਾਸਨ ਵੱਲੋਂ 9 ਮੋਬਾਇਲ ਫੋਨ, 6 ਸਿਮਾ ,1 ਚਾਰਜਰ ਅਤੇ ਇੱਕ ਈਅਰ ਫੋਨ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਇਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਿਸ ਨੇ ਦੋ ਹਵਾਲਾਤੀਆਂ ਨੂੰ ਨਾਮਜਦ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਡੀ.ਐੱਸ.ਪੀ. ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਸ੍ਰੀ ਗੋਇੰਦਵਾਲ ਸਾਹਿਬ ਕੇਂਦਰੀ ਜੇਲ ਦੇ ਸਹਾਇਕ ਸੁਪਰਡੈਂਟ ਹੰਸਰਾਜ ਅਤੇ ਸਰਬਜੀਤ ਸਿੰਘ ਵੱਲੋਂ ਜੇਲ ਅੰਦਰ ਵੱਖ-ਵੱਖ ਬੈਰਕਾਂ ਵਿੱਚ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਕੁੱਲ 9 ਮੋਬਾਇਲ



ਫੋਨ ਜਿਨਾਂ ਵਿੱਚ ਟੱਚ ਅਤੇ ਕੀ ਪੈਡ ਫੋਨ ਸ਼ਾਮਿਲ ਹਨ, ਤੋਂ ਇਲਾਵਾ 6 ਸਿਮਾ, ਇਕ ਚਾਰਜਰ ਇੱਕ ਈਅਰ ਫੋਨ ਬਰਾਮਦ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਜੇਲ ਦੇ ਦੋਨੋਂ ਸਹਾਇਕ ਸੁਬਰਡੈਂਟਾਂ ਦੇ ਬਿਆਨਾਂ ਹੇਠ ਥਾਣਾ ਸ਼੍ਰੀ ਗੋਇੰਦਵਾਲ ਸਾਹਿਬ ਵਿਖੇ ਰੋਬਨਜੀਤ ਸਿੰਘ ਉਰਫ ਰੋਬਨ ਪੁੱਤਰ ਸਤਨਾਮ ਸਿੰਘ ਵਾਸੀ ਮੁਰਾਦਪੁਰਾ,ਸਤਿਗੁਰ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਕਿਸ਼ਨਗੜ੍ਹ ਜਿਲਾ ਮਾਨਸਾ ਅਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ ਪਰਚਾ ਦਰਜ ਕਰਦੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਸ ਨੇ ਦੱਸਿਆ ਕਿ ਬਰਾਮਦ ਕੀਤੇ ਮੋਬਾਇਲ ਫੋਨਾਂ ਦੀ ਫੌਰੈਂਸਿਕ ਜਾਂਚ ਵੀ ਕਰਵਾਈ ਜਾਵੇਗੀ। ਜਿਸ ਤੋਂ ਇਹ ਪਤਾ ਲਗਾਇਆ ਜਾਵੇਗਾ ਕਿ ਇਨ੍ਹਾਂ ਮੋਬਾਇਲ ਫੋਨਾਂ ਦੀ ਕਿੰਨੇ ਸਮੇਂ ਤੋਂ ਵਰਤੋਂ ਕੀਤੀ ਜਾ ਰਹੀ ਸੀ।

## ਪੁਲਸ ਨੇ 3 ਮੁਲਜ਼ਮਾਂ ਨੂੰ ਰਿਵਾਲਵਰ, 5 ਜਿੰਦਾ ਰੌਂਦ ਅਤੇ ਸਵਿਫਟ ਕਾਰ ਸਮੇਤ ਕੀਤਾ ਗ੍ਰਿਫਤਾਰ

ਤਰਨਤਾਰਨ 7 ਮਈ। ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਦੇ ਹੋਏ ਉਨ੍ਹਾਂ ਪਾਸੋਂ ਇਕ ਰਿਵਾਲਵਰ, ਪੰਜ ਜਿੰਦਾ ਰੌਂਦ ਅਤੇ ਸਵਿਫਟ ਕਾਰ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਦੇ ਏ.ਐੱਸ.ਆਈ ਰਜਿੰਦਰ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਕਿ ਨਾਜਾਇਜ਼ ਹਥਿਆਰ ਅਤੇ ਗੁੰਡਾ ਅਨਸਰਾਂ ਨਾਲ ਸਬੰਧ ਬਣਾ ਕੇ ਸਮਾਜ ਵਿਚ ਦਹਿਸ਼ਤ ਭਰਿਆ ਮਾਹੌਲ ਬਣਾਉਣ ਵਾਲੇ ਕੁਝ ਵਿਅਕਤੀ ਨਾਜਾਇਜ਼ ਹਥਿਆਰਾਂ ਸਮੇਤ ਸਵਿਫਟ ਕਾਰ 'ਚ ਘੁੰਮ ਰਹੇ ਹਨ। ਜਿਸ ਤੋਂ ਬਾਅਦ ਤੁਰੰਤ ਕਾਰਵਾਈ ਕਰਦੇ ਹੋਏ ਪੁਲਸ ਵੱਲੋਂ ਟੀ-ਪੁਆਇੰਟ ਬਾਗੜ?ਆਂ ਵਿਖੇ ਨਾਕਾਬੰਦੀ ਕਰਦੇ ਹੋਏ ਇਕ ਸਵਿਫਟ ਕਾਰ ਵਿਚ ਸਵਾਰ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਦੇ ਹੋਏ ਉਨ੍ਹਾਂ ਪਾਸੋਂ ਇਕ 32 ਬੋਰ ਰਿਵਾਲਵਰ, ਪੰਜ ਜਿੰਦਾ ਰੌਂਦ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਹਿਚਾਣ ਮਨਿੰਦਰ ਸਿੰਘ ਪੁੱਤਰ ਦਇਆ ਸਿੰਘ, ਹਰਪ੍ਰੀਤ ਸਿੰਘ ਪੁੱਤਰ ਚਮਨ ਲਾਲ ਵਾਸੀ ਝੀਤਾ ਜ਼ਿਲਾ ਅੰਮ੍ਰਿਤਸਰ ਅਤੇ ਦਲੇਰ ਸਿੰਘ ਉਰਫ ਸ਼ੇਰਾ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਮੱਲਾ ਜ਼ਿਲਾ ਤਰਨਤਾਰਨ ਵਜੋਂ ਹੋਈ ਹੈ। ਪੁਲਸ ਨੇ ਕੇਸ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕਰਿਆਨੇ ਦੀ ਦੁਕਾਨ 'ਤੇ ਲੁੱਟ ਕਰਨ ਵਾਲੇ ਮੁਲਜ਼ਮਾਂ ਨੂੰ ਪੁਲਸ ਨੇ 24 ਘੰਟਿਆਂ 'ਚ ਕੀਤਾ ਗ੍ਰਿ.ਫਤਾਰ

**ਏਜੰਸੀਆਂ**

ਲੁਧਿਆਣਾ 7 ਮਈ। ਪੁਲਸ ਕਮਿਸ਼ਨਰ ਲੁਧਿਆਣਾ ਆਈ. ਪੀ. ਐੱਸ. ਸਵਪਨ ਸ਼ਰਮਾ ਦੇ ਨਿਰਦੇਸ਼ਾਂ 'ਤੇ ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਕਰਿਆਨੇ ਦੀ ਦੁਕਾਨ 'ਤੇ ਲੁੱਟ ਦੀ ਵਾਰਦਾਤ ਕਰਨ ਵਾਲੇ 3 ਮੁਲਜ਼ਮਾਂ ਨੂੰ 24 ਘੰਟੇ ਦੇ ਅੰਦਰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਪੁਲਸ ਸਮੀਰ ਵਰਮਾ ਅਤੇ ਏ. ਸੀ. ਪੀ. ਨਾਰਥ ਦਵਿੰਦਰ ਕੁਮਾਰ ਚੌਧਰੀ ਨੇ ਦੱਸਿਆ ਕਿ 1 ਮਈ ਦੀ ਰਾਤ ਕਰੀਬ ਸਵਾ 9 ਵਜੇ ਜੱਸੀਆਂ ਰੋਡ 'ਤੇ ਸੁਰਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਆਪਣੀ ਕਰਿਆਨੇ ਦੀ ਦੁਕਾਨ 'ਤੇ ਬੈਠਾ ਹੋਇਆ ਸੀ ਅਤੇ ਇਸੇ ਦੌਰਾਨ 2 ਮੋਟਰਸਾਈਕਲਾਂ 'ਤੇ 5 ਅਣਪਛਾਤੇ ਲੁਟੇਰੇ ਉਸ ਦੀ ਦੁਕਾਨ ਦੇ ਅੰਦਰ ਦਾਖਲ ਹੋਏ, ਜਿਨ੍ਹਾਂ ਦੇ ਹੱਥ 'ਚ ਪਿਸਤੌਲ ਅਤੇ ਤੇਜ਼ਧਾਰ ਦਾਤ ਫੜੇ ਹੋਏ ਸਨ, ਜੋ ਸੁਰਿੰਦਰ ਸਿੰਘ ਨੂੰ ਧਮਕਾਉਂਦੇ ਹੋਏ ਉਸ ਤੋਂ 2 ਲੱਖ ਰੁਪਏ ਦੀ ਨਕਦੀ ਲੁੱਟ ਕੇ ਫਰਾਰ ਹੋ ਗਏ। ਥਾਣਾ ਸਲੇਮ ਟਾਬਰੀ ਦੇ ਮੁਖੀ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਗਰੇਵਾਲ ਅਤੇ ਐਲਡੀਕੋ ਅਸਟੇਟ ਪੁਲਸ ਚੌਕੀ ਦੇ ਇੰਚਾਰਜ ਜਿੰਦਰ ਲਾਲ ਸਿੱਧੂ ਨੇ ਉਕਤ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਲੁੱਟ ਦੀ ਵਾਰਦਾਤ ਕਰਨ ਵਾਲੇ 5 ਮੁਲਜ਼ਮਾਂ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਕ੍ਰਿਸ਼ਨਾ, ਸੂਰਜ, ਗੌਤਮ, ਅੰਕਿਤ ਕੁਮਾਰ ਅਤੇ ਹਰਜੀਤ ਕੁਮਾਰ ਵਜੋਂ ਕੀਤੀ



ਹੈ। ਏ. ਡੀ. ਸੀ. ਪੀ. ਸਮੀਰ ਵਰਮਾ ਨੇ ਦੱਸਿਆ ਕਿ ਜਿਸ 'ਤੇ ਪੁਲਸ ਨੇ ਉਕਤ ਮਾਮਲੇ ਨੂੰ ਸੁਲਝਾਉਂਦੇ ਹੋਏ 24 ਘੰਟੇ ਦੇ ਅੰਦਰ ਲੁੱਟ ਦੀ ਵਾਰਦਾਤ ਕਰਨ ਵਾਲੇ 3 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ, ਜਿਸ 'ਚੋਂ ਅੰਕਿਤ ਕੁਮਾਰ ਪੁੱਤਰ ਰਮੇਸ਼ ਵਾਸੀ ਭਗਵਾਨਪੁਰ, ਬਿਹਾਰ, ਹਾਲ ਵਾਸੀ ਸ਼ੇਰਪੁਰ ਚੌਕ, ਹਰਜੀਤ ਕੁਮਾਰ ਪੁੱਤਰ ਛੇਤੀ ਪ੍ਰਸਾਦ ਵਾਸ ਕੁੰਦਨਪੁਰ, ਉੱਤਰ ਪ੍ਰਦੇਸ਼ ਹਾਲ ਵਾਸੀ ਸ਼ੇਰਪੁਰ ਅਤੇ ਕ੍ਰਿਸ਼ਨਾ ਪੁੱਤਰ ਬਲਰਾਮ ਮਹਿਤੋ ਬਿਹਾਰ, ਹਾਲ ਵਾਸੀ ਸ਼ੇਰਪੁਰ ਵਜੋਂ ਕੀਤੀ ਗਈ ਹੈ। ਜਦੋਂਕਿ ਉਨ੍ਹਾਂ ਦੇ ਫਰਾਰ ਸਾਥੀਆਂ ਦੀ ਪਛਾਣ ਸੂਰਜ ਅਤੇ ਗੌਤਮ ਵਜੋਂ ਕੀਤੀ ਗਈ ਹੈ। ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ 2 ਮੋਟਰਸਾਈਕਲ, ਇਕ ਖਿਡੌਣਾ ਪਿਸਤੌਲ ਅਤੇ ਇਕ ਲੋਹੇ ਦਾ ਦਾਤ ਬਰਾਮਦ ਕੀਤਾ ਹੈ। ਪੁਲਸ ਵੱਲੋਂ ਤਿੰਨਾਂ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਕਿ ਅੱਗੇ ਦੀ ਪੁੱਛਗਿੱਛ ਕੀਤੀ ਜਾ ਸਕੇ।

## ਪੰਜਾਬ ਸਰਕਾਰ ਵੱਲੋਂ ਸਖ਼ਤ ਹੁਕਮ ਜਾਰੀ

ਚੰਡੀਗੜ੍ਹ 7 ਮਈ। ਪੰਜਾਬ ਵਿਚ ਆਏ ਦਿਨ ਧਰਨੇ ਲਗਾ ਕੇ ਸੜਕਾਂ ਜਾਮ ਕਰਨ ਅਤੇ ਰੇਲਾਂ ਰੋਕਣ ਵਾਲਿਆਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਸਿੱਧੀ ਚਿਤਾਵਨੀ ਦਿੱਤੀ ਹੈ। ਮੁੱਖ ਮੰਤਰੀ ਨੇ ਸਿੱਧੇ ਤੌਰ 'ਤੇ ਅਜਿਹਾ ਨਾ ਕਰਨ ਲਈ ਤਾੜਨਾ ਕੀਤੀ ਹੈ। ਮੁੱਖ ਮੰਤਰੀ ਨੇ ਆਖਿਆ ਹੈ ਕਿ ਪੰਜਾਬ ਵਿਚ ਸੜਕਾਂ ਰੋਕਣ ਜਾਂ ਰੇਲਾਂ ਰੋਕਣ ਜਾਂ ਆਮ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਵਾਲੇ ਅਤੇ ਰੋਜ਼ਾਨਾ ਦੇ ਕੰਮਾਂ ਕਾਰਾਂ 'ਚ ਵਿਘਨ ਪਾਉਣ ਵਾਲੇ ਕੋਈ ਵੀ ਐਲਾਨ, ਧਰਨੇ ਜਾਂ ਹੜਤਾਲਾਂ, ਪਬਲਿਕ ਦੇ ਵਿਰੁੱਧ ਮੰਨੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਾਰੀਆਂ ਸੰਸਥਾਵਾਂ, ਜਥੇਬੰਦੀਆਂ ਅਤੇ ਯੂਨੀਅਨਾਂ ਧਿਆਨ ਦੇਣ। ਜੇਕਰ ਤੁਸੀਂ ਵਿਰੋਧ ਵੀ ਕਰਨਾ ਹੈ ਤਾਂ ਇਸ ਦੇ ਹੋਰ ਵੀ ਕਈ ਤਰੀਕੇ ਹੁੰਦੇ ਹਨ, ਸਿਰਫ਼ ਲੋਕਾਂ ਨੂੰ ਤੰਗ ਕਰਨਾ ਸਹੀ ਨਹੀਂ ਹੈ

# ਹਜ਼ੂਰ ਜਸਦੀਪ ਸਿੰਘ ਗਿੱਲ ਨੇ ਕੀਤਾ ਪਹਿਲਾ ਸਤਿਸੰਗ

**ਏਜੰਸੀਆਂ**

ਜਲੰਧਰ/ਬਾਬਾ ਬਕਾਲਾ ਸਾਹਿਬ 7 ਮਈ। ਰਾਧਾ ਸੁਆਮੀ ਡੇਰਾ ਬਿਆਸ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆਈ ਹੈ। ਦਰਅਸਲ ਰਾਧਾ ਸੁਆਮੀ ਡੇਰਾ ਬਿਆਸ ਵਿਚ ਅੱਜ ਮਈ ਮਹੀਨੇ ਦਾ ਪਹਿਲਾ ਭੰਡਾਰਾ ਹੈ। ਪਹਿਲੇ ਭੰਡਾਰੇ ਦੌਰਾਨ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਚੁਣੇ ਗਏ ਆਪਣੇ ਉਤਰਾਧਿਕਾਰੀ ਜਸਦੀਪ ਸਿੰਘ ਗਿੱਲ ਨੇ ਪਹਿਲਾ ਸਤਿਸੰਗ ਕੀਤਾ। ਸਤਿਸੰਗ ਦੌਰਾਨ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੀ ਸਟੇਜ 'ਤੇ ਮੌਜੂਦ ਰਹੇ। ਇਥੇ ਦੱਸ ਦੇਈਏ ਕਿ ਹਜ਼ੂਰ ਜਸਦੀਪ ਸਿੰਘ ਗਿੱਲ ਜੀ ਦੇ ਉਤਰਾਧਿਕਾਰੀ ਬਣਨ ਤੋਂ ਬਾਅਦ ਉਨ੍ਹਾਂ ਵੱਲੋਂ ਪਹਿਲੀ ਵਾਰ ਸਤਿਸਗ ਕੀਤਾ ਗਿਆ ਹੈ। ਜਸਦੀਪ ਸਿੰਘ ਗਿੱਲ ਵੱਲੋਂ ਸਵੇਰੇ 8.30 ਤੋਂ 9.30 ਇਕ ਘੰਟੇ ਦਾ ਸਤਿਸੰਗ ਕੀਤਾ ਗਿਆ। ਇਸ ਦੌਰਾਨ ਸੰਗਤ ਕਾਫ਼ੀ ਭਾਵੁਕ ਨਜ਼ਰ ਆਈ। ਸਤਿਸੰਗ ਦੌਰਾਨ ਹਜ਼ੂਰ ਜਸਦੀਪ ਸਿੰਘ ਗਿੱਲ ਨੇ ਫਰਮਾਇਆ ਕਿ ਮਨੁੱਖ ਦਾ ਜਾਮਾ ਸਾਨੂੰ ਸਾਰਿਆ ਨੂੰ 84 ਲੱਖ ਜੂਨਾਂ ਤੋਂ ਬਾਅਦ ਮਿਲਿਆ ਹੈ। ਉਨ੍ਹਾਂ ਕਿਹਾ ਕਿ ਜਿਵੇਂ ਗੰਦਗੀ ਦੇ ਵਿਚ ਕਮਲ ਦੇ ਫੁੱਲ 'ਤੇ ਕੋਈ ਅਸਰ ਨਹੀਂ ਪੈਂਦਾ ਸਗੋਂ ਕਮਲ ਦਾ ਫੁੱਲ ਆਪਣੀ ਮਹਿਕ ਅਤੇ ਆਪਣੀ ਸੁੰਦਰਤਾ ਨੂੰ ਗੰਦਗੀ ਦੇ ਵਿਚ ਰਹਿ ਕੇ ਵੀ ਕਾਇਮ ਰੱਖਦਾ ਹੈ, ਉਸੇ ਤਰ੍ਹਾਂ ਹੀ ਸਾਨੂੰ ਵੀ ਇਸ ਜੀਵਨ ਵਿਚ ਰਹਿ ਕੇ ਉਸ ਰੱਬ ਰੂਪੀ ਨਾਮ ਦਾ ਸਹਾਰਾ ਲੈਣਾ ਚਾਹੀਦਾ ਹੈ ਅਤੇ ਉਸ ਦੇ ਸਿਮਰਨ ਨੂੰ ਆਪਣੀ ਜ਼ਿੰਦਗੀ ਵਿੱਚ ਪਹਿਲ ਦੇਣੀ ਚਾਹੀਦੀ ਹੈ। ਅਖ਼ੀਰ ਵਿਚ ਹਜ਼ੂਰ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਅਗਲਾ ਸਤਿਸੰਗ 11 ਮਈ ਨੂੰ ਹੋਵੇਗਾ, ਜਿੰਨਾ ਨੇ ਵੀ ਆਉਣਾ ਬੜੀ ਖ਼ੁਸ਼ੀ ਨਾਲ ਆ ਸਕਦੇ ਹਨ। ਇਸ ਮੌਕੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਜੀ ਢਿੱਲੋਂ ਵੀ ਹਜ਼ੂਰ ਜਸਦੀਪ ਸਿੰਘ ਗਿੱਲ ਨਾਲ ਸਤਿਸੰਗ ਦੌਰਾਨ ਸਟੇਜ 'ਤੇ 1 ਘੰਟਾ ਮੌਜੂਦ ਰਹੇ। ਇਥੇ ਦੱਸਣਯੋਗ ਹੈ ਕਿ ਡੇਰਾ ਰਾਧਾ ਸੁਆਮੀ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਵੱਲੋਂ 2 ਸਤੰਬਰ 2024 ਨੂੰ ਆਪਣਾ ਉਤਰਾਅਧਿਕਾਰੀ ਐਲਾਨਿਆ ਗਿਆ ਸੀ। 45 ਸਾਲਾ ਜਸਦੀਪ ਸਿੰਘ ਗਿੱਲ ਨੂੰ ਉਨ੍ਹਾਂ ਵੱਲੋਂ ਡੇਰਾ ਬਿਆਸ ਦੇ ਮੁਖੀ ਚੁਣਿਆ ਗਿਆ ਸੀ। ਹਜ਼ੂਰ ਮਹਾਰਾਜ ਜਸਦੀਪ ਸਿੰਘ ਗਿੱਲ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਰਿਸ਼ਤੇਦਾਰਾਂ ਵਿਚੋਂ ਹਨ। 2 ਸਤੰਬਰ ਦੀ ਦੁਪਹਿਰ ਨੂੰ ਡੇਰਾ ਬਿਆਸ ਵੱਲੋਂ ਇਕ ਪੱਤਰ ਤਹਿਤ ਜਾਣਕਾਰੀ ਸਾਂਝੀ ਕੀਤੀ ਗਈ ਸੀ ਕਿ ਹੁਣ ਡੇਰਾ ਬਿਆਸ ਦੇ ਅਗਲੇ ਮੁਖੀ ਜਸਦੀਪ ਸਿੰਘ ਗੱਲ ਹੋਣਗੇ। ਜ਼ਿਕਰਯੋਗ ਹੈ ਕਿ 30 ਅਪ੍ਰੈਲ ਨੂੰ ਸੰਗਤ ਨੇ ਡੇਰਾ ਬਿਆਸ ਵਿਖੇ ਪੁੱਜ ਕੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਫਰਮਾਏ ਗਏ ਸਤਿਸੰਗ ਦਾ ਆਨੰਦ ਮਾਣਿਆ ਸੀ। ਇਸ ਮੌਕੇ ਹਜ਼ੂਰ ਜਸਦੀਪ ਸਿੰਘ ਗਿੱਲ ਵੀ ਸਟੇਜ 'ਤੇ ਬਿਰਾਜਮਾਨ ਰਹੇ ਸਨ। ਸੁਆਮੀ ਜੀ ਦੀ ਬਾਣੀ 'ਚੋਂ ਲਏ ਗਏ ਸ਼ਬਦ 'ਧੁੰਨ ਸੁਣ ਕਰ ਮਨ ਸਮਝਾਈ 'ਤੇ ਵਿਆਖਿਆ ਕੀਤੀ ਗਈ ਅਤੇ ਸੰਗਤ ਨੂੰ ਪ੍ਰੇਰਿਤ ਕੀਤਾ ਗਿਆ ਕਿ



ਨਾਮ ਸ਼ਬਦ ਦੀ ਕਮਾਈ ਤੋਂ ਬਗੈਰ ਇਨਸਾਨ ਦੇ ਕਰਮਾਂ ਦੀ ਮੁਕਤੀ ਨਹੀਂ ਹੋ ਸਕਦੀ, ਭਾਵੇਂ ਉਹ ਲੱਖ ਯਤਨ ਕਰ ਲਵੇ। ਮਾਰਚ ਦੇ ਆਖਰੀ ਭੰਡਾਰੇ ਮੌਕੇ ਦੂਰ ਦੁਰੇਡੇ ਤੋਂ 10 ਲੱਖ ਦੇ ਕਰੀਬ ਸੰਗਤਾਂ ਡੇਰਾ ਬਿਆਸ ਪੁੱਜੀਆਂ, ਜਿਸ ਨਾਲ ਸਤਿਸੰਗ ਪੰਡਾਲ ਵੀ ਛੋਟਾ ਪੈ ਗਿਆ ਅਤੇ ਪਾਰਕਿੰਗਾਂ ਦੇ ਵੀ ਇਸ ਵਾਰ ਰਿਕਾਰਡ ਟੁੱਟ ਗਏ। ਸੇਵਾਦਾਰਾਂ ਨੂੰ ਆਰਜ਼ੀ ਪੰਡਾਲ ਦਾ ਇੰਤਜ਼ਾਮ ਕਰਨਾ ਪਿਆ ਸੀ। ਮੋਟਰ ਕਾਰਾਂ ਦੀ ਪਾਰਕਿੰਗ ਪਹਿਲੀ ਵਾਰ ਫੁੱਲ ਦਿਖਾਈ ਦਿੱਤੀ ਅਤੇ ਪਾਰਕਿੰਗ ਤੋਂ ਬਾਹਰ ਵੀ ਗੱਡੀਆਂ ਨੂੰ ਆਰਜ਼ੀ ਪਾਰਕ ਕਰਨਾ ਪਿਆ। 10 ਹਜ਼ਾਰ ਤੋਂ ਵਧੇਰੇ ਸੇਵਾਦਾਰਾਂ ਵੱਲੋਂ ਟ?ਰੈਫਿਕ ਨੂੰ ਸੰਚਾਰੂ ਢੰਗ ਨਾਲ ਚਲਾਉਣ, ਲੰਗਰ, ਕੰਟੀਨਾਂ, ਭੋਜਨ ਭੰਡਾਰ, ਸਫ਼ਾਈ ਆਦਿ ਦੀ ਬਾਮੁਸ਼ੱਕਤ ਤਿਆਰੀ ਕੀਤੀ ਗਈ ਅਤੇ ਬਾਖੂਬੀ ਨਾਲ ਸੇਵਾ ਨਿਭਾਈ ਗਈ। ਇਸੇ ਤਰ੍ਹਾਂ ਹੀ ਰੇਲਵੇ ਸਟੇਸ਼ਨ ਬਿਆਸ 'ਤੇ ਵੀ ਟਰੇਨਾਂ ਰਾਹੀਂ ਜਾਣ ਵਾਲੀ ਸੰਗਤ ਲਈ ਵੀ ਡੇਰਾ ਬਿਆਸ ਦੇ ਸਟੇਸ਼ਨ ਸੇਵਾਦਾਰਾਂ ਵੱਲੋਂ ਆਪਣੀ ਸੇਵਾ ਬਾਖੂਬੀ ਨਿਭਾਈ ਗਈ। ਸਤਿਸੰਗ ਦੇ ਅਖੀਰ ਵਿਚ ਬਾਬਾ ਗੁਰਿੰਦਰ ਸਿੰਘ ਨੇ ਸੰਗਤ ਨੂੰ ਬੇਨਤੀ ਕੀਤੀ ਸੀ ਕਿ ਅਗਲਾ ਸਤਿਸੰਗ ਭੰਡਾਰਾ 7 ਮਈ ਨੂੰ ਹੋਵੇਗਾ, ਜਿਨ੍ਹਾਂ ਨੇ ਆਉਣਾ ਖ਼ੁਸ਼ੀ ਨਾਲ ਆ ਸਕਦੇ ਹਨ।

## ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੀਆਂ 6 ਬੰਗਲਾਦੇਸ਼ੀ ਔਰਤਾਂ ਨੂੰ ਹਿਰਾਸਤ 'ਚ ਲਿਆ ਗਿਆ

ਨਵੀਂ ਦਿੱਲੀ 7 ਮਈ। ਦਿੱਲੀ ਪੁਲਸ ਨੇ ਬਿਨਾਂ ਜਾਇਜ਼ ਦਸਤਾਵੇਜ਼ਾਂ ਦੇ ਰਾਸ਼ਟਰੀ ਰਾਜਧਾਨੀ ਦੇ ਵੱਖ-ਵੱਖ ਇਲਾਕਿਆਂ 'ਚ ਰਹਿ ਰਹੀਆਂ 6 ਬੰਗਲਾਦੇਸ਼ੀ ਔਰਤਾਂ ਨੂੰ ਹਿਰਾਸਤ 'ਚ ਲਿਆ ਹੈ। ਇਕ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਡਿਪਟੀ ਕਮਿਸ਼ਨਰ (ਪੂਰਬ) ਅਭਿਸ਼ੇਕ ਧਾਨੀਆ ਅਨੁਸਾਰ, ਮੰਡਾਵਲੀ ਪੁਲਸ ਥਾਣੇ ਨੂੰ ਮਿਲੀ ਸੂਚਨਾ ਤੋਂ ਬਾਅਦ ਇਹ ਕਾਰਵਾਈ ਸ਼ੁਰੂ ਕੀਤੀ ਗਈ। ਇਕ ਟੀਮ ਨੇ ਸਭ ਤੋਂ ਪਹਿਲੇ ਗੈਰ-ਕਾਨੂੰਨੀ ਪ੍ਰਵਾਸੀ ਹੋਣ ਦੇ ਸ਼ੱਕ 'ਚ ਇਕ ਔਰਤ ਨੂੰ ਫੜਿਆ। ਪੁਲਸ ਡਿਪਟੀ ਕਮਿਸ਼ਨ ਨੇ ਕਿਹਾ,"ਪੁੱਛ-ਗਿੱਛ ਕਰਨ 'ਤੇ ਉਸ ਨੇ ਪਹਾੜਗੰਜ ਇਲਾਕੇ 'ਚ ਲੁਕੇ ਹੋਰ ਬੰਗਲਾਦੇਸ਼ੀ ਨਾਗਰਿਕਾਂ ਦੇ ਟਿਕਾਣੇ ਦਾ ਖੁਲਾਸਾ ਕੀਤਾ। ਸੂਚਨਾ ਦੇ ਆਧਾਰ 'ਤੇ ਟੀਮ ਨੇ ਬਾਕੀ ਔਰਤਾਂ ਨੂੰ ਹਿਰਾਸਤ 'ਚ ਲੈ ਲਿਆ।" 6 ਔਰਤਾਂ ਦੀ ਪਛਾਣ ਮੀਮ ਅਖਤਰ (23), ਮੀਨਾ ਬੇਗਮ (35), ਸ਼ੇਖ ਮੁੰਨੀ (36), ਪਾਇਲ ਸ਼ੇਖ (25), ਸੋਨੀਆ ਅਖਤਰ (36) ਅਤੇ ਤਾਨੀਆ ਖਾਨ (34) ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਇਨ੍ਹਾਂ 'ਚੋਂ ਕਿਸੇ ਵੀ ਔਰਤ ਕੋਲ ਦੇਸ਼ 'ਚ ਰਹਿਣ ਲਈ ਜ਼ਰੂਰੀ ਕੋਈ ਜਾਇਜ਼ ਵੀਜ਼ਾ, ਪਾਸਪੋਰਟ ਜਾਂ ਪਰਮਿਟ ਨਹੀਂ ਸੀ। ਵਿਦੇਸ਼ੀ ਖੇਤਰੀ ਰਜਿਸਟਰੇਸ਼ਨ ਦਫ਼ਤਰ (ਐੱਫਆਰਆਰਓ) ਨੂੰ ਔਰਤਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਲਈ ਪ੍ਰਕਿਰਿਆ ਸ਼ੁਰੂ ਕਰਨ ਨੂੰ ਕਿਹਾ ਹੈ। ਔਰਤਾਂ ਨੂੰ ਫਿਲਹਾਲ ਹਿਰਾਸਤ 'ਚ ਰੱਖਿਆ ਗਿਆ ਹੈ। ਇਹ ਕਾਰਵਾਈ ਸ਼ਹਿਰ 'ਚ ਰਹੇ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਵਾਪਸ ਭੇਜਣ ਲਈ ਜਾਰੀ ਮੁਹਿੰਮ ਦੇ ਹਿੱਸੇ ਵਜੋਂ ਕੀਤੀ ਗਈ ਹੈ।